ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 19 | 21 March, 2025 | ੮ ਚੇਤ ਨਾਨਕਸ਼ਾਹੀ ਸੰਮਤ ੫੫੭ | Ph.: 604-338-7310 | FAX : 604-572-3638 | /canadianpunjabtimes

New Location
Punjab Insurance Agency Inc.
Super Visa Insurance
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar (Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4

# ਕੈਨੇਡਾ ’ਚ $1 ਮਿਲੀਅਨ ਤੱਕ ਦੇ ਨਵੇਂ ਘਰਾਂ ’ਤੇ ਨਹੀਂ ਲੱਗੇਗੀ ਜੀ.ਐਸ.ਟੀ.




**ਸਰੀ, (ਸਿਮਰਨਜੀਤ ਸਿੰਘ):** ਕੈਨੇਡਾ ਸਰਕਾਰ ਨੇ ਹਾਊਸਿੰਗ ਸਮੱਸਿਆ ਨਾਲ ਨਜਿੱਠਣ ਲਈ ਅਤੇ ਚੋਣਾਂ ਦੇ ਮੱਦੇ ਨਜ਼ਰ ਇੱਕ ਐਲਾਨ ਕੀਤਾ ਹੈ। ਹੁਣ $1 ਮਿਲੀਅਨ ਤੱਕ ਦੀ ਕੀਮਤ ਵਾਲੇ ਨਵੇਂ ਘਰਾਂ ‘ਤੇ ਗੁੱਡਸ ਐਂਡ ਸਰਵਿਸਿਜ਼ ਟੈਕਸ (ਜੀ.ਐਸ.ਟੀ) ਨਹੀਂ ਲੱਗੇਗਾ। ਕੈਨੇਡਾ ‘ਚ ਰਿਹਾਇਸ਼ਾਂ ਦੀ ਉੱਚੀ ਲਾਗਤ ਅਤੇ ਨਵੇਂ ਘਰ ਬਣਾਉਣ ਦੀ ਹੌਲੀ ਗਤੀ ਨੂੰ ਵੇਖਦੇ ਹੋਏ, ਫੈਡਰਲ ਸਰਕਾਰ ਨੇ ਨਵੇਂ ਘਰਾਂ ‘ਤੇ ਜੀਐਸਟੀ ਹਟਾਉਣ ਦਾ ਫ਼ੈਸਲਾ ਕੀਤਾ ਹੈ। ਇਸ ਨਾਲ ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਅਤੇ ਡਿਵੈਲਪਰਾਂ ਦੋਵਾਂ ਨੂੰ ਲਾਭ ਹੋਵੇਗਾ, ਜਿਸ ਨਾਲ ਅਨੁਮਾਨਤ 150,000 ਨਵੇਂ ਘਰਾਂ ਦੇ ਬਣਨ ਦੀ ਉਮੀਦ ਜਤਾਈ ਗਈ ਹੈ।

ਕੈਨੇਡਾ ਦੇ ਵਿੱਤ ਮੰਤਰੀ ਕ੍ਰਿਸਟਿਆ ਫ੍ਰੀਲੈਂਡ ਨੇ ਕਿਹਾ ਕਿ "ਅਸੀਂ ਕੈਨੇਡਾ ‘ਚ ਘਰ ਬਣਾਉਣ ਦੀ ਰਫ਼ਤਾਰ ਵਧਾਉਣ ਲਈ ਇਹ ਇਤਿਹਾਸਿਕ ਕਦਮ ਚੁੱਕਿਆ ਹੈ। ਜੀਐਸਟੀ ਹਟਾਉਣ ਨਾਲ ਮੋਟੇ ਤੌਰ ‘ਤੇ 5% ਸਸਤੇ ਘਰ ਹੋਣਗੇ, ਜੋ ਘਰ ਖ਼ਰੀਦਣ ਦੇ ਚਾਹਵਾਨ ਲੋਕਾਂ ਲਈ ਇੱਕ ਵੱਡੀ ਰਾਹਤ ਹੈ।"

ਪਰ ਇਹ ਨਿਯਮ ਇੱਕ ਮਿਲੀਅਨ-ਡਾਲਰ ਜਾਂ ਇਸ ਤੋਂ ਘੱਟ ਕੀਮਤ ਵਾਲੇ ਨਵੇਂ ਘਰਾਂ ਤੇ ਹੀ ਲਾਗੂ ਹੋਵੇਗਾ ਅਤੇ ਇਸ ‘ਚ ਨਵੇਂ ਬਣ ਰਹੇ ਹੋ ਰਹੇ ਘਰ, ਕਾਂਡੋ (Condo) ਅਤੇ ਟਾਊਨਹਾਊਸ (Townhouse) ਰੈਂਟਲ ਹਾਊਸਿੰਗ ਪ੍ਰੋਜੈਕਟ ਵੀ ਇਸ ਸਕੀਮ ਦੇ ਅਧੀਨ ਆਉਣਗੇ। ਜੇਕਰ ਕਿਸੇ ਨਵੇਂ ਘਰ ਦੀ ਕੀਮਤ $800,000 ਹੈ, ਤਾਂ ਉਸ ‘ਤੇ ਲੱਗਣ ਵਾਲਾ 5% ਜੀ.ਐਸ.ਟੀ. ($40,000) ਹੁਣ ਨਹੀਂ ਦੇਣਾ ਪਵੇਗਾ।

ਇਸ ਫ਼ੈਸਲੇ ਨਾਲ ਬਿਲਡਰਾਂ ਅਤੇ ਡਿਵੈਲਪਰਾਂ ਨੂੰ ਨਵੇਂ ਹਾਊਸਿੰਗ ਪ੍ਰੋਜੈਕਟ ਲਿਆਉਣ ਲਈ ਪ੍ਰੇਰਨਾ ਮਿਲੇਗੀ। ਹਾਊਸਿੰਗ ਮਾਰਕੀਟ ‘ਚ ਨਵੀਆਂ ਇਮਾਰਤਾਂ ਵਧਣ ਨਾਲ, ਘਰਾਂ ਦੀ ਉਪਲਬਧਤਾ ਵਧੇਗੀ ਅਤੇ ਕੀਮਤਾਂ ਘਟਣ ਦੀ ਉਮੀਦ ਹੈ।

ਫੈਡਰਲ ਸਰਕਾਰ ਨੇ ਸੂਬਿਆਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਆਪਣੇ ਵਲੋਂ ਪੀ.ਐਸ.ਟੀ. (ਸੂਬਾਈ ਟੈਕਸ) ‘ਚ ਵੀ ਕਟੌਤੀ ਕਰਨ, ਤਾਂ ਕਿ ਹੋਰ ਘਰ ਸਸਤੇ ਹੋ ਸਕਣ। ਜੇਕਰ

• ਬਾਕੀ ਸਫ਼ਾ 7 ’ਤੇ

# ਪਿਛਲੇ ਸਾਲਾਂ ਦੇ ਮੁਕਾਬਲੇ ਕੈਨੇਡਾ ਅਤੇ ਅਮਰੀਕਾ ਹੁਣ ਘੱਟ ਖੁਸ਼ਹਾਲੀ ਵਾਲੇ ਦੇਸ਼ ਬਣੇ

## ਖੁਸ਼ ਰਹਿਣ ਦੇ ਮਾਮਲੇ ‘ਚ ਕੈਨੇਡਾ-ਅਮਰੀਕਾ ਦੀ ਰੈਂਕਿੰਗ ਹੋਰ ਹੇਠਾਂ ਡਿੱਗੀ, ਭਾਰਤ 118ਵੇਂ ਰੈਂਕ ’ਤੇ

**ਸਰੀ, (ਸਿਮਰਨਜੀਤ ਸਿੰਘ):** ਨਵੀਂ ਵਰਲਡ ਹੈਪੀਨੈਸ ਰਿਪੋਰਟ ਦੇ ਮੁਤਾਬਕ, ਕੈਨੇਡਾ ਦੀ ਰੈਂਕਿੰਗ ਪਿਛਲੇ ਸਾਲ ਨਾਲੋਂ ਤਿੰਨ ਸਥਾਨ ਡਿੱਗ ਕੇ 18ਵੇਂ ਸਥਾਨ 'ਤੇ ਆ ਗਈ ਹੈ। ਇਹ ਰਿਪੋਰਟ ਵੀਰਵਾਰ ਨੂੰ ਜਾਰੀ ਕੀਤੀ ਗਈ ਸੀ, ਜਿਸ ਵਿੱਚ ਕੈਨੇਡਾ ਉਹਨਾਂ ਦੇਸ਼ਾਂ ਵਿੱਚ ਸ਼ਾਮਲ ਹੈ ਜਿਨ੍ਹਾਂ ਦੀ ਰੈਂਕਿੰਗ ਵਿੱਚ ਮਹੱਤਵਪੂਰਨ ਗਿਰਾਵਟ ਆਈ ਹੈ। 2005 ਵਿੱਚ ਸ਼ੁਰੂ ਹੋਈ ਇਸ ਰੈਂਕਿੰਗ ਵਿੱਚ ਕੈਨੇਡਾ ਦਾ ਇਹ 18ਵਾਂ ਸਥਾਨ ਹੁਣ ਤੱਕ ਦਾ ਸਭ ਤੋਂ ਹੇਠਲਾ ਹੈ। 2015 ਦੀ ਰਿਪੋਰਟ ਵਿੱਚ ਕੈਨੇਡਾ ਪੰਜਵੇਂ ਸਥਾਨ 'ਤੇ ਸੀ।




ਜ਼ਿਕਰਯੋਗ ਹੈ ਕਿ ਕੈਨੇਡਾ ਵਿੱਚ ਨਸ਼ਿਆਂ ਦੀ ਓਵਰਡੋਜ਼ ਅਤੇ ਮਾਨਸਿਕ ਤਣਾਅ ਕਾਰਨ ਦਿਨੋਂ-ਦਿਨ ਮੌਤਾਂ ਵਿੱਚ ਵਾਧਾ ਹੋ ਰਿਹਾ ਹੈ। ਇੱਕ ਕਾਰਨ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਕੈਨੇਡਾ ‘ਚ ਇਸ ਸਮੇਂ ਖੁਸ਼ਹਾਲ ਦੇਸ਼ਾਂ ਦੀ ਰੈਂਕਿੰਗ ਤੋਂ ਹੇਠਾਂ ਡਿੱਗਦਾ ਜਾ ਰਿਹਾ ਹੈ। ਕੈਨੇਡਾ ਦੇ ਸਿਹਤ ਅਧਿਕਾਰੀਆਂ ਦੇ ਅਨੁਸਾਰ, 2024 ਵਿੱਚ ਨਸ਼ਿਆਂ ਦੀ ਓਵਰਡੋਜ਼ ਕਾਰਨ ਲਗਭਗ 7,000 ਮੌਤਾਂ ਹੋਈਆਂ। ਇਹ ਮੌਤਾਂ ਮੁੱਖ ਤੌਰ 'ਤੇ ਓਪੀਓਇਡਜ਼, ਜਿਵੇਂ ਕਿ ਫੈਂਟਾਨੀਲ, ਦੀ ਓਵਰਡੋਜ਼ ਨਾਲ ਸੰਬੰਧਿਤ ਹਨ। ਇਹ ਮੌਤਾਂ ਮੁੱਖ ਤੌਰ 'ਤੇ

• ਬਾਕੀ ਸਫ਼ਾ 7 ’ਤੇ

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST. (PAYAL BUSINESS CENTRE) SURREY

Satya Asha FUSION 9
100% VEGETARIAN INDIAN RESTAURANT
Real Indian Espresso Coffee
Eat-in and Take out
We do customize Catering for all occasions
TUESDAY TO FRIDAY 10:00am to 8:30pm | SATURDAY - SUNDAY 9:00am to 8:30pm
MONDAY CLOSED
Tel: 604-597-7077, 604-596-4191
#5&6-12818-72nd, Avenue, Surrey
www.safusion9.com

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

FAST SERVICE AND COMPETITIVE RATES
S&S INSURANCE SERVICE
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW 604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
• Complete Denture
• Implant Denture
• Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC | 778-600-0810 2644 Cyril St Abbotsford BC

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey
ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

Space Available for Advertisement
Call 604-338-7310

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

# ਨਵਾਂ ਮੋਬਾਈਲ ਐਮ.ਆਰ.ਆਈ. ਯੂਨਿਟ ਪਹੁੰਚਿਆ ਸਰੀ ਮੈਮੋਰੀਅਲ ਹਸਪਤਾਲ





**ਸਰੀ (ਸਿਮਰਨਜੀਤ ਸਿੰਘ):** ਸਰੀ ਮੈਮੋਰੀਅਲ ਹਸਪਤਾਲ ਵਿੱਚ ਨਵਾਂ 3.3 ਮਿਲੀਅਨ ਡਾਲਰ ਦਾ ਮੋਬਾਈਲ ਮੈਗਨੈਟਿਕ ਰੈਜ਼ੋਨੈਂਸ ਇਮੇਜਿੰਗ (ਐਮ.ਆਰ.ਆਈ.) ਯੂਨਿਟ ਪਹੁੰਚ ਗਿਆ ਹੈ। ਇਹ ਮਰੀਜ਼ਾਂ ਲਈ ਸੇਵਾਵਾਂ ਦੀ ਪਹੁੰਚ ਬਿਨਾਂ ਕਿਸੇ ਰੁਕਾਵਟ ਦੇ ਮਿਲੇਗੀ, ਜਦਕਿ ਇਮੇਜਿੰਗ ਵਿਭਾਗ ਲਈ ਨਵੀਆਂ ਦੋ ਐਮ.ਆਰ.ਆਈ. ਸਕੈਨਰ ਮਸ਼ੀਨਾਂ ਦੀ ਤਿਆਰੀ ਜਾਰੀ ਹੈ।

ਸਰੀ ਸਿਟੀ ਸੈਂਟਰ ਦੀ ਵਿਧਾਇਕ ਆਮਨਾ ਸ਼ਾਹ ਨੇ ਕਿਹਾ, "ਇਹ ਨਵਾਂ ਐਮ.ਆਰ.ਆਈ. ਯੂਨਿਟ ਸਾਡੀ ਭਾਈਚਾਰਿਕ ਤੰਦਰੁਸਤੀ ਲਈ ਇੱਕ ਮਹੱਤਵਪੂਰਨ ਕਦਮ ਹੈ। ਜਦਕਿ ਨਵੀਆਂ ਐਡਵਾਂਸਡ ਐਮ.ਆਰ.ਆਈ. ਸਕੈਨਰ ਮਸ਼ੀਨਾਂ ਲਿਆਉਣ ਦੀ ਤਿਆਰੀ ਹੋ ਰਹੀ ਹੈ, ਇਹ ਮੋਬਾਈਲ ਯੂਨਿਟ ਯਕੀਨੀ ਬਣਾਏਗਾ ਕਿ ਮਰੀਜ਼ਾਂ ਲਈ ਸੇਵਾਵਾਂ ਬਿਨਾ ਕਿਸੇ ਰੁਕਾਵਟ ਦੇ ਉਪਲਬਧ ਰਹਿਣ। ਹਰ ਸਾਲ 10,000 ਤੋਂ ਵੱਧ ਐਮ.ਆਰ.ਆਈ. ਸਕੈਨ ਸਰੀ ਮੈਮੋਰੀਅਲ ਵਿੱਚ ਕੀਤੇ ਜਾਂਦੇ ਹਨ, ਜਿਸ ਕਰਕੇ ਇਸ ਨਵੇਂ ਯੂਨਿਟ ਨਾਲ ਇੰਤਜ਼ਾਰ ਦੇ ਸਮੇਂ ਨੂੰ ਘਟਾਉਣ ਅਤੇ ਮਰੀਜ਼ਾਂ ਦੀ ਬਿਹਤਰ ਸਹੂਲਤ ਲਈ ਮਹੱਤਵਪੂਰਨ ਹੋਵੇਗਾ।"

ਜ਼ਿਕਰਯੋਗ ਹੈ ਕਿ ਨਵਾਂ ਐਮ.ਆਰ.ਆਈ. 15 ਮੀਟਰ ਲੰਬੇ ਟ੍ਰੇਲਰ ਵਿੱਚ ਸਥਾਪਿਤ ਕੀਤਾ ਗਿਆ ਹੈ, ਜੋ ਕਿ ਕ੍ਰਿਟੀਕਲ ਕੇਅਰ ਟਾਵਰ ਦੇ ਨਜ਼ਦੀਕ ਹਸਪਤਾਲ ਦੇ ਕੰਪਸ ਵਿੱਚ ਲਗਾਇਆ ਗਿਆ ਹੈ। ਇਹ ਯੂਨਿਟ ਹਸਪਤਾਲ ਨਾਲ ਜੋੜਨ ਲਈ ਨਵੀਂ ਤਿਆਰ ਕੀਤੀ ਜਾ ਰਹੀ ਹੈ, ਜੋ ਕਿ ਮਰੀਜ਼ਾਂ ਦੀ ਜਾਂਚ ਦੌਰਾਨ ਉਨ੍ਹਾਂ ਨੂੰ ਮੌਸਮੀ ਪ੍ਰਭਾਵਾਂ ਤੋਂ ਵੀ ਬਚਾਏਗੀ।

ਉਨ੍ਹਾਂ ਦੱਸਿਆ ਕਿ ਇਹ ਬੱਚਿਆਂ ਅਤੇ ਵੱਡਿਆਂ ਦੋਵਾਂ ਲਈ ਯੋਗ ਹੈ, ਪੁਰਾਣੀਆਂ ਮਸ਼ੀਨਾਂ ਦੀ ਤੁਲਨਾ ਵਿੱਚ ਕਾਫੀ ਸ਼ਾਂਤ ਅਤੇ ਉੱਚ ਗੁਣਵੱਤਾ ਵਾਲੀਆਂ ਤਸਵੀਰਾਂ ਵਾਲੀ ਹੈ। ਇਸ ਦੇ ਨਾਲ ਹੀ ਅੱਗੇ ਦੇ ਇਲਾਜ ਲਈ ਤੁਰੰਤ ਨਤੀਜੇ ਵੀ ਇਸ ਨਾਲ ਹਾਸਲ ਕੀਤੇ ਜਾ ਸਕਣਗੇ। "ਸਮੇਂ 'ਤੇ ਨਤੀਜਾ ਮਿਲਣ ਅਤੇ ਇਲਾਜ ਸ਼ੁਰੂ ਹੋਣ ਦੀ ਯਕੀਨੀ ਬਣਾਉਣ ਲਈ ਇਹ ਨਵਾਂ ਮੋਬਾਈਲ ਐਮ.ਆਰ.ਆਈ. ਯੂਨਿਟ ਬਹੁਤ ਜ਼ਰੂਰੀ ਹੈ। ਜਦਕਿ ਨਵੀਆਂ ਦੋ ਐਮ.ਆਰ.ਆਈ. ਸਕੈਨਰ ਮਸ਼ੀਨਾਂ ਲਿਆਉਣ ਦਾ ਕੰਮ ਚੱਲ ਰਿਹਾ ਹੈ, ਇਹ ਯੂਨਿਟ ਸਰੀ ਅਤੇ ਨਜ਼ਦੀਕੀ ਇਲਾਕਿਆਂ ਦੇ ਨਿਵਾਸੀਆਂ ਲਈ ਬਿਨਾ ਰੁਕਾਵਟ ਇਮੇਜਿੰਗ ਸੇਵਾਵਾਂ ਉਪਲਬਧ ਕਰਾਏਗਾ।"

ਐਡਵਾਂਸਡ ਐਮ.ਆਰ.ਆਈ. ਦਿਮਾਗ ਅਤੇ ਹੱਡੀਆਂ ਦੀਆਂ ਗੜਬੜਾਂ, ਟਿਊਮਰ, ਸਿਸਟ, ਅਤੇ ਨਰਮ ਉਤਕ ਦੇ ਜ਼ਖਮਾਂ ਦੀ ਪਛਾਣ ਵਿੱਚ ਮਦਦ ਕਰਦਾ ਹੈ। ਇਹ ਨਵਾਂ ਸਕੈਨਰ, ਛਾਤੀ, ਦਿਮਾਗ, ਅੰਦਰੂਨੀ ਅੰਗ, ਪ੍ਰੋਸਟੇਟ, ਲਿੰਫ ਗਲੈਂਡ, ਅਤੇ ਹਿਰਦੇ-ਨਾਲ ਜੁੜੀਆਂ ਬਿਮਾਰੀਆਂ ਦੀ ਪਛਾਣ ਵਿੱਚ ਵੀ ਸਹਾਇਕ ਹੋਵੇਗਾ। This report was written by Simranjit Singh as part of the Local Journalism Initiative.

# CRYIF ਵਲੋਂ ਸਰੀ ਦੇ ਗ੍ਰੇਡ 12 ਵਿਦਿਆਰਥੀਆਂ ਲਈ ਸਕਾਲਰਸ਼ਿਪ ਦੀਆਂ ਅਰਜ਼ੀਆਂ ਲੈਣੀਆਂ ਸ਼ੁਰੂ

ਸਰੀ, (ਸਿਮਰਨਜੀਤ ਸਿੰਘ): ਸਰੀ ਦੇ ਗ੍ਰੇਡ 12 ਵਿਦਿਆਰਥੀ ਹੁਣ ਦੁਬਾਰਾ ਸਕਾਲਰਸ਼ਿਪ ਰਾਹੀਂ ਵਿੱਤੀ ਮਦਦ ਪ੍ਰਾਪਤ ਕਰ ਸਕਦੇ ਹਨ। ਕਲੋਵਰਡੇਲ ਰੋਡਿਓ ਯੂਥ ਇਨੀਸ਼ੀਅਟਿਵ ਫਾਊਂਡੇਸ਼ਨ (Cloverdale Rodeo Youth Initiative Foundation – CRYIF) ਵਲੋਂ ਕਈ ਹਜ਼ਾਰ ਡਾਲਰ ਦੀ ਸਕਾਲਰਸ਼ਿਪ ਉਪਲਬਧ ਕੀਤੀ ਜਾ ਰਹੀ ਹੈ।

ਫਾਊਂਡੇਸ਼ਨ ਡਾਇਰੈਕਟਰ ਅਤੇ ਪਿਛਲੇ ਚੇਅਰ ਰਿਕ ਹਿਊ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਤਿੰਨ ਤਰੀਕਿਆਂ ਨਾਲ ਸਕਾਲਰਸ਼ਿਪ ਉਪਲਬਧ ਕਰਵਾਉਂਦੀ ਹੈ,

ਨਿਯਮਤ ਸਕਾਲਰਸ਼ਿਫ (Regular Scholarships), ਇਜ਼ਾਬੈਲਾ ਓਲਸਨ ਰਾਈਜਿੰਗ ਅਬਵ ਸਕਾਲਰਸ਼ਿਪ (Isabella Olson Rising Above Scholarship) ਅਤੇ ਗੈਰੀ ਅਤੇ ਗੇਲ ਗ੍ਰੇਲਿਸ਼ ਫਾਊਂਡੇਸ਼ਨ ਸਕਾਲਰਸ਼ਿਪ (Gary and Gail Grelish Foundation Scholarship)। ਇਸ ਵਾਰ 2025 ਲਈ ਨਿਯਮਤ ਸਕਾਲਰਸ਼ਿਪ ਰਕਮ $500 ਵਧਾ ਕੇ $1,500 ਕਰ ਦਿੱਤੀ ਹੈ। ਇਜ਼ਾਬੈਲਾ ਓਲਸਨ ਅਤੇ ਗੈਰੀ-ਗੇਲ ਗ੍ਰੇਲਿਸ਼ ਫਾਊਂਡੇਸ਼ਨ ਦੀ ਸਕਾਲਰਸ਼ਿਪ ਦੀ ਰਕਮ $2,000 ਰਹੇਗੀ। ਹਿਊ ਨੇ ਦੱਸਿਆ ਕਿ ਇਹ ਸਕਾਲਰਸ਼ਿ ਪ੍ਰੋਗਰਾਮ ਲਈ ਵੱਡਾ ਹਿੱਸਾ "50-50 ਡਰਾਅ" ਤੋਂ ਪ੍ਰਾਪਤ ਰਕਮ ਰਾਹੀਂ ਮਿਲਦਾ ਹੈ।

ਇਸ ਦੇ ਨਾਲ ਹੀ ਸਕਾਲਰਸ਼ਿਪ ਅਰਜ਼ੀ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 26 ਮਈ 2025 ਹੈ। CRYIF ਦੀ ਨਿਯਮਤ ਸਕਾਲਰਸ਼ਿਪ ਲਈ ਯੋਗ ਵਿਦਿਆਰਥੀ ਉਹੀ ਹੋ ਸਕਦੇ ਹਨ, ਜਿਨ੍ਹਾਂ ਨੇ ਕਲੋਵਰਡੇਲ ਰੋਡਿਓ ਅਤੇ ਐਕਜ਼ੀਬਿਸ਼ਨ ਐਸੋਸੀਏਸ਼ਨ (Cloverdale Rodeo and Exhibition Association) ਲਈ ਵਲੰਟੀਅਰ ਕੰਮ ਕੀਤਾ ਹੋਵੇ। ਜੇਕਰ ਕੋਈ ਵਿਦਿਆਰਥੀ 2025 ਵਿੱਚ ਵਲੰਟੀਅਰ ਕਰਨਾ ਚਾਹੁੰਦਾ ਹੈ, ਤਾਂ ਉਨ੍ਹਾਂ ਨੂੰ 1 ਅਪਰੈਲ ਤੱਕ ਅਰਜ਼ੀ ਦੇਣੀ ਪਵੇਗੀ।

ਵਿਦਿਆਰਥੀ ਕਲੋਵਰਡੇਲ ਰੋਡਿਓ ਅਤੇ ਕੰਟਰੀ ਫੇਅਰ (Cloverdale Rodeo and Country Fair) ਵਿੱਚ ਵਲੰਟੀਅਰ ਬਣ ਸਕਦੇ ਹਨ।

ਇਸ ਤੋਂ ਇਲਾਵਾ, ਕਲੋਵਰਡੇਲ ਸੈਂਟਾ ਪਰੇਡ (Santa Parade), ਕਲੋਵਰਡੇਲ ਮਾਰਕੀਟ ਡੇਅਜ਼ (Cloverdale Market Days) ਅਤੇ ਹੋਰ ਸਥਾਨਕ ਖੇਡ ਪ੍ਰੋਗਰਾਮਾਂ ਵਿੱਚ ਵੀ ਵਲੰਟੀਅਰ ਵਜੋਂ ਕੰਮ ਕੀਤਾ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ 2014 ਤੋਂ ਲੈ ਕੇ ਫ਼ਾਊਂਡੇਸ਼ਨ ਨੇ 80,000 ਡਾਲਰ ਤੋਂ ਵੱਧ ਸਕਾਲਰਸ਼ਿਪ ਵੰਡੀਆਂ ਹਨ। ਸਕਾਲਰਸ਼ਿਪ ਬਾਰੇ ਹੋਰ ਜਾਣਕਾਰੀ ਅਤੇ ਅਰਜ਼ੀ ਲਈ: cloverdalerodeofoundation.com ਜਾਂ ਵਲੰਟੀਅਰ ਬਣਨ ਲਈ: cloverdalerodeo.com 'ਤੇ ਜਾ ਕੇ "Get Involved" ਤੇ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ। This report was written by Simranjit Singh as part of the Local Journalism Initiative.


ਬੀ. ਸੀ. ਖਾਲਸਾ ਦਰਬਾਰ ਸੁਸਾਇਟੀ

7749 Prince Edward Street ,Vancouver ,B.C.V5X 0A3 604-325-2290 ,FAX :604-325-2260



ਬੱਚਿਆਂ ਲਈ ਵਿਸ਼ੇਸ਼ ਗੁਰਮਤਿ ਸਿਖਲਾਈ ਕੈਂਪ

24 ਮਾਰਚ ਤੋਂ 28 ਮਾਰਚ, 2025

ਗੁਰਦੁਆਰਾ ਖਾਲਸਾ ਦਰਬਾਰ, ਬੀ.ਸੀ. ਖਾਲਸਾ ਦਰਬਾਰ ਸੁਸਾਇਟੀ ਵੈਨਕੂਵਰ ਵਿਖੇ, ਸਵੇਰੇ 9:00 ਵਜੇ ਤੋਂ 3:00 ਵਜੇ ਤੱਕ ਗੁਰਮਤਿ ਸਿਖਲਾਈ ਕੈਂਪ ਲਗਾਇਆ ਜਾ ਰਿਹਾ ਹੈ। ਜਿਸ ਵਿੱਚ ਬੱਚਿਆਂ ਨੂੰ ਗੁਰਮੁਖੀ, ਗੁਰਬਾਣੀ, ਸਿੱਖ ਇਤਿਹਾਸ, ਕੀਰਤਨ ਅਤੇ ਗੱਤਕਾ ਦੇ ਨਾਲ-ਨਾਲ ਗੁਰਮਤਿ ਦੀ ਰਹਿਣੀ ਤੋਂ ਜਾਣੂ ਕਰਾਇਆ ਜਾਵੇਗਾ। ਇਸ ਗੁਰਮਤਿ ਸਿਖਲਾਈ ਕੈਂਪ 'ਚ 6 ਸਾਲ ਤੋਂ 14 ਸਾਲ ਤੱਕ ਦੇ ਬੱਚੇ ਭਾਗ ਲੈ ਸਕਦੇ ਹਨ। ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਬੱਚਿਆਂ ਨੂੰ ਗੁਰਮਤਿ ਸਿਖਲਾਈ ਕੈਂਪ ਵਿੱਚ ਲੈ ਕੇ ਆਓ ਤਾਂ ਕੇ ਬੱਚੇ ਗੁਰਮਤਿ ਅਤੇ ਸਿੱਖ ਵਿਰਸੇ ਤੋਂ ਜਾਣੂ ਹੋ ਸਕਣ।

ਬੇਨਤੀ ਕਰਤਾ : ਪ੍ਰਬੰਧਕ ਕਮੇਟੀ ਗੁਰਦੁਆਰਾ ਖਾਲਸਾ ਦਰਬਾਰ ਵੈਨਕੂਵਰ

ਵਧੇਰੇ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 236-688-7264 ਜਾਂ 604-325-2290

# ਚੀਨ ਵੱਲੋਂ ਚਾਰ ਕੈਨੇਡੀਅਨ ਨਾਗਰਿਕਾਂ ਨੂੰ ਦਿੱਤੀ ਫਾਂਸੀ ਦੀ ਸਜ਼ਾ

## ਕੈਨੇਡਾ ਸਰਕਾਰ ਨੇ ਰੋਸ ਜਤਾਉਂਦੇ ਹੋਏ ਇਸ ਨੂੰ ਅਣਮਨੁੱਖੀ ਵਰਤਾਰਾ ਦੱਸਿਆ

**ਸਰੀ, (ਸਿਮਰਨਜੀਤ ਸਿੰਘ):** ਚੀਨ ਵਿੱਚ 2024 ਦੀ ਸ਼ੁਰੂਆਤ 'ਚ ਚਾਰ ਕੈਨੇਡੀਅਨਾਂ ਨੂੰ ਫਾਂਸੀ ਦੇ ਦਿੱਤੀ ਗਈ, ਜਿਸ ਨੂੰ ਕੈਨੇਡਾ ਦੀ ਸਰਕਾਰ ਨੇ "ਸਖ਼ਤ ਨਿੰਦਾ ਯੋਗ" ਕਰਾਰ ਦਿੱਤਾ। ਵਿਦੇਸ਼ ਮੰਤਰੀ ਮੈਲਨੀ ਜੋਲੀ ਨੇ ਇਹ ਪੁਸ਼ਟੀ ਕੀਤੀ ਕਿ ਇਹ ਚਾਰੋ ਕੈਨੇਡੀਅਨ-ਚੀਨੀ ਦੂਹਰੀ ਨਾਗਰਿਕਤਾ ਵਾਲੇ ਸੀ। ਔਟਵਾ 'ਚ ਕੈਬਨਿਟ ਮੀਟਿੰਗ ਤੋਂ ਬਾਅਦ, ਮੈਲਨੀ ਜੋਲੀ ਨੇ ਪੱਤਰਕਾਰਾਂ ਨੂੰ ਦੱਸਿਆ, "ਅਸੀਂ ਇਹ ਘਟਨਾ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਸਾਡੀ ਹਮਦਰਦੀ ਉਨ੍ਹਾਂ ਦੇ ਪਰਿਵਾਰਾਂ ਨਾਲ ਹੈ ਜਿਨ੍ਹਾਂ ਨੇ ਆਪਣੇ ਮੈਂਬਰ ਗਵਾਏ ਹਨ।" ਉਨ੍ਹਾਂ ਕਿਹਾ ਕਿ ਪੁਰਾਣੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਕੈਨੇਡੀਅਨ ਸਰਕਾਰ ਨੇ ਚੀਨ ਕੋਲੋਂ ਰਾਹਤ ਦੀ ਮੰਗ ਕੀਤੀ ਸੀ, ਪਰ ਇਹ ਅਪੀਲ ਅਸਫਲ ਰਹੀ।

ਉਧਰ ਚੀਨੀ ਦੂਤਾਵਾਸ ਨੇ ਆਪਣੇ ਬਿਆਨ 'ਚ ਕਿਹਾ ਕਿ "ਕੈਨੇਡੀਅਨ ਨਾਗਰਿਕਾਂ ਨੂੰ ਫਾਂਸੀ ਕਾਨੂੰਨੀ ਕਾਰਵਾਈ ਦੇ ਅਧਾਰ 'ਤੇ ਹੋਈ। ਉਨ੍ਹਾਂ ਦੇ ਜੁਰਮ ਦਾ ਸਪਸ਼ਟ ਪਰਮਾਣ ਹੈ, ਅਤੇ ਚੀਨ ਜ਼ਹਿਰੀਲੀਆਂ ਦਵਾਈਆਂ ਨਾਲ ਜੁੜੇ ਅਪਰਾਧਾਂ ਲਈ 'ਜ਼ੀਰੋ ਟਾਲਰੰਸ' ਰਵੱਈਆ ਰੱਖਦਾ ਹੈ।"

ਚੀਨੀ ਦੂਤਾਵਾਸ ਨੇ ਕੈਨੇਡਾ ਨੂੰ "ਚੀਨ ਦੇ ਕਾਨੂੰਨੀ ਨਿਯਮਾਂ ਦੀ ਇਜ਼ਤਤ



ਕਰਨ" ਦੀ ਸਲਾਹ ਦਿੱਤੀ ਅਤੇ ਕਿਹਾ ਕਿ ਚੀਨ-ਕੈਨੇਡਾ ਸੰਬੰਧਾਂ ਨੂੰ ਹੋਰ ਵਿਗਾੜਣ ਵਾਲੀਆਂ ਟਿੱਪਣੀਆਂ ਨਾ ਕੀਤੀਆਂ ਜਾਣ।

### ਕੌਣ ਸਨ ਇਹ ਕੈਨੇਡੀਅਨ?

ਫਿਲਹਾਲ ਕੈਨੇਡਾ ਨੇ ਇਨ੍ਹਾਂ ਦੀ ਪਹਿਚਾਣ ਜਨਤਕ ਨਹੀਂ ਕੀਤੀ, ਪਰ ਪਰਿਵਾਰਾਂ ਦੀ ਜਾਣਕਾਰੀ ਗੁਪਤ ਰੱਖਣ ਅਤੇ ਉਨ੍ਹਾਂ ਦਾ ਆਦਰ ਕਰਨ ਦੀ ਗੱਲ ਕਹੀ ਹੈ। ਕੈਨੇਡਾ ਨੇ ਪੁਸ਼ਟੀ ਕੀਤੀ ਕਿ ਰੌਬਰਟ ਸ਼ੈਲੇਨਬਰਗ (Abbotsford, BC) ਉਹਨਾਂ ਚਾਰ ਵਿਅਕਤੀਆਂ 'ਚ ਸ਼ਾਮਲ ਨਹੀਂ ਸੀ। ਉਹ 2014 'ਚ ਡਰੱਗ ਸਮਗਲਿੰਗ ਦੇ ਦੋਸ਼ 'ਚ ਗ੍ਰਿਫ਼ਤਾਰ ਹੋਇਆ ਸੀ, ਜਿਸਨੂੰ 2019 ਵਿੱਚ ਮੌਤ ਦੀ ਸਜ਼ਾ ਸੁਣਾਈ ਗਈ।

ਦੂਜੇ ਪਾਸੇ ਐਮਨੈਸਟੀ ਇੰਟਰਨੈਸ਼ਨਲ ਨੇ ਕਿਹਾ ਕਿ ਇਹ "ਹੈਰਾਨੀਜਨਕ ਤੇ ਅਮਾਨਵੀ ਘਟਨਾ" ਹੈ। 2022 ਵਿੱਚ 1,000 ਤੋਂ ਵੱਧ ਫਾਂਸੀਆਂ ਹੋਣ ਦੀ ਸ਼ੰਕਾ, ਪਰ ਸੰਖਿਆ ਚੀਨ ਗੁਪਤ ਰੱਖਦਾ ਹੈ। ਕੋਰਨੇਲ ਸੈਂਟਰ ਆਨ ਡੈਥ ਪੀਨਲਟੀ ਨੇ ਕਿਹਾ ਕਿ ਹਜ਼ਾਰਾਂ ਲੋਕ ਮੌਤ ਦੀ ਸਜ਼ਾ 'ਚ ਹਨ। This report was written by Simranjit Singh as part of the Local Journalism Initiative.

# ਤਾਜ਼ਾ ਸਰਵੇਖਣਾਂ 'ਚ ਲਿਬਰਲ ਪਾਰਟੀ ਨੂੰ ਬਹੁ-ਮੱਤ

## ਮਾਰਕ ਕਾਰਨੀ ਵਲੋਂ ਲਏ ਕਾਰਬਨ ਟੈਕਸ ਦੇ ਫੈਸਲੇ ਤੋਂ ਬਾਅਦ ਲਿਬਰਲ ਪਾਰਟੀ ਦੀ ਲੋਕਪ੍ਰਿਅਤਾ ਦੁਬਾਰਾ ਫਿਰ ਵਧੀ

**ਸਰੀ, (ਸਿਮਰਨਜੀਤ ਸਿੰਘ):** ਕੈਨੇਡਾ 'ਚ ਆਉਣ ਵਾਲੀਆਂ ਫੈਡਰਲ ਚੋਣਾਂ ਨੂੰ ਲੈ ਕੇ ਤਾਜ਼ਾ ਸਰਵੇਖਣਾਂ 'ਚ ਲਿਬਰਲ ਪਾਰਟੀ ਲਈ ਹੌਂਸਲੇਬੰਦ ਨਤੀਜੇ ਆਏ ਹਨ। ਨਵੇਂ ਚੋਣ ਸਰਵੇਖਣ ਦੱਸ ਰਹੇ ਹਨ ਕਿ ਤਿੰਨ ਵਾਰ ਦੀ ਜੇਤੂ ਲਿਬਰਲ ਪਾਰਟੀ, ਮਾਰਕ ਕਾਰਨੀ ਦੀ ਅਗਵਾਈ ਹੇਠ ਬਹੁ-ਗਿਣਤੀ ਸਰਕਾਰ ਬਣਾਉਣ ਦੀ ਤਿਆਰੀ 'ਚ ਹੈ। ਇਹ ਚੋਣ ਸਰਵੇਖਣ ਕਿੰਨੇ ਸਹੀ ਸਾਬਤ ਹੁੰਦੇ ਹਨ, ਇਹ ਤਾਂ ਆਉਣ ਵਾਲਾ ਸਮਾਂ ਦੱਸੇਗਾ, ਪਰ ਪੀਸੀ ਪਾਰਟੀ ਦੇ ਆਗੂ ਪੀਅਰ ਪੋਲੀਐਵਰ ਲਈ ਇਹ ਸੰਕੇਤ ਚਿੰਤਾਜਨਕ ਹੋ ਸਕਦੇ ਹਨ।

ਪਿਛਲੇ ਦੋ ਸਾਲ ਤੋਂ, ਕੰਜ਼ਰਵੇਟਿਵ ਪਾਰਟੀ ਕੈਨੇਡਾ ਭਰ 'ਚ ਬਾਕੀ ਪਾਰਟੀਆਂ ਨਾਲੋਂ ਕਾਫੀ ਅੱਗੇ ਚਲ ਰਹੀ ਸੀ। ਉਸ ਸਮੇਂ, ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਲਿਬਰਲ ਪਾਰਟੀ ਦੀ ਅਗਵਾਈ ਕਰ ਰਹੇ ਸਨ, ਅਤੇ ਪਾਰਟੀ ਦੀ ਲੋਕਪ੍ਰਿਯਤਾ 16% ਤੱਕ ਆ ਗਈ ਸੀ।

ਹਾਲੀਆ ਸਰਵੇਖਣ ਦੱਸਦੇ ਹਨ ਕਿ ਮਾਰਕ ਕਾਰਨੀ ਦੇ ਲੀਡਰ ਬਣਨ ਤੋਂ ਬਾਅਦ, ਲਿਬਰਲ ਪਾਰਟੀ ਦਾ ਗਿਰਾਫ਼ ਤੇਜ਼ੀ ਨਾਲ ਉਪਰ ਵਲ ਵਧਿਆ ਹੈ। ਜਦਕਿ ਕੰਜ਼ਰਵੇਟਿਵ ਪਾਰਟੀ, ਜੋ ਪਹਿਲਾਂ 'ਚੋਂ ਪਹਿਲੀ ਚੋਣ' ਲੱਗ ਰਹੀ ਸੀ, 'ਤੇ ਹੁਣ ਦਬਾਅ ਵਧਦਾ ਨਜ਼ਰ ਆ ਰਿਹਾ ਹੈ। ਕਈ ਚੋਣ ਮਾਹਿਰ ਮੰਨ ਰਹੇ ਹਨ ਕਿ ਪੀਅਰ ਪੋਲੀਐਵਰ ਨੂੰ ਵੋਟਰਾਂ ਨੂੰ ਆਕਰਸ਼ਿਤ ਕਰਨ ਲਈ ਨਵੇਂ ਮੁੱਦੇ ਲੈ ਕੇ ਆਉਣੇ ਪੈਣਗੇ।

ਪਹਿਲਾਂ, ਉਹਨਾਂ ਵੱਲੋਂ ਉਠਾਇਆ ਜਾ ਰਹਾ ਕਾਰਬਨ ਟੈਕਸ ਦਾ ਮੁੱਦਾ ਹੁਣ ਲਿਬਰਲ ਪਾਰਟੀ ਨੇ ਆਪਣੇ ਹੱਕ 'ਚ ਕਰ ਲਿਆ ਹੈ। ਇਸ ਨਾਲ ਕੰਜ਼ਰਵੇਟਿਵ ਪਾਰਟੀ ਦੀ ਯੋਜਨਾ ਕਮਜ਼ੋਰ ਹੋ ਗਈ ਹੈ, ਅਤੇ ਉਹਨਾਂ ਨੂੰ ਨਵੇਂ ਆਰਥਿਕ, ਸਮਾਜਿਕ ਜਾਂ ਵਿਦੇਸ਼ੀ ਮੁੱਦਿਆਂ 'ਤੇ ਧਿਆਨ ਦੇਣਾ ਪਵੇਗਾ।

ਜਗਮੀਤ ਸਿੰਘ ਦੀ ਅਗਵਾਈ ਵਾਲੀ ਐਨ ਡੀ ਪੀ ਪਾਰਟੀ ਚੋਣ ਸਰਵੇਖਣਾਂ 'ਚ ਬਹੁਤ ਪਿੱਛੇ ਦਿਖ ਰਹੀ ਹੈ ਪਰ ਉਹ ਹਾਲੇ ਵੀ ਕਈ ਸੂਬਿਆਂ 'ਚ ਆਪਣੀ ਪਹਿਚਾਣ ਬਣਾ ਰਹੀ ਹੈ, ਪਰ ਉਨ੍ਹਾਂ ਦੀ ਲੋਕਪ੍ਰਿਯਤਾ ਕੰਜ਼ਰਵੇਟਿਵ ਅਤੇ ਲਿਬਰਲ ਪਾਰਟੀ ਦੇ ਮੁਕਾਬਲੇ ਘੱਟ ਹੈ।

ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ, ਜੋ ਕਿ ਬੀਤੇ ਹਫਤੇ ਹੀ ਲਿਬਰਲ ਪਾਰਟੀ ਦੇ ਆਗੂ ਬਣੇ ਹਨ, ਸੰਸਦ ਖੁੱਲਣ ਦੇ ਕੁਝ ਦਿਨਾਂ ਵਿੱਚ ਚੋਣਾਂ ਦਾ ਐਲਾਨ ਕਰ ਸਕਦੇ ਹਨ। ਸੂਤਰਾਂ ਅਨੁਸਾਰ, ਮਈ ਦੇ ਪਹਿਲੇ ਹਫਤੇ 'ਚ ਫੈਡਰਲ ਚੋਣਾਂ ਹੋਣ ਦੀ ਸੰਭਾਵਨਾ ਹੈ। ਇਸ ਤਰੀਕੇ ਨਾਲ, 2025 ਦੀ ਸ਼ੁਰੂਆਤ ਦੇ ਨਾਲ ਹੀ ਕੈਨੇਡਾ ਇੱਕ ਨਵੇਂ ਰਾਜਨੀਤਿਕ ਦੌਰ ਵਿੱਚ ਦਾਖਲ ਹੋਣ ਜਾ ਰਿਹਾ ਹੈ।

ਕੈਨੇਡਾ ਦੀਆਂ ਆਉਣ ਵਾਲੀ ਚੋਣਾਂ 'ਚ ਰੋਚਕ ਮੁਕਾਬਲਾ ਵੇਖਣ ਨੂੰ ਮਿਲਣਗੇ ਅਤੇ ਹੁਣ ਇਹ ਵੇਖਣਾ ਦਿਲਚਸਪ ਹੋਵੇਗਾ ਕਿ ਵੋਟਰ ਕਿਸ ਪਾਰਟੀ ਨੂੰ ਆਪਣਾ ਫ਼ਤਵਾ ਦਿੰਦੇ ਹਨ। This report was written by Simranjit Singh as part of the Local Journalism Initiative.


ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।
ਸਾਡਾ ਐਡਰੈੱਸ ਨੋਟ ਕਰੋ
3200 George Ferguson Way #3, Abbotsford B.C. V2T 4C8
604-864-8803
Surrey (Kwantlen Square)
Unit # 105, 12568-72 Ave, Surrey
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit #105, 12568-72 Ave, Surrey
EYE GLASSES
CONTACT LENSES
SUNGLASSES



BHUPINDER OBEROI
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
FREE
SIGHT TEST

ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
MONEY
BACK LIFE
INSURANCE



- ਲਾਇਫ਼ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰੀਟੀਕਲ ਇਲਨੈਂਸ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
Punjab Insurance Agency Inc.
15 YEARS EXPERIENCE
ਬਰਿੰਦਰ ਸਿੰਘ ਗਿੱਲ 604-835-1212
insuranceresp@gmail.com
MOVE TO : Unit 148-32050 Cedar Lane, Abbotsford
301 - 8128, 128 St. Surrey, B.C.


ShinePro Cleaners
since 2023
CLEANING SERVICE
GET DISC UP TO 20% OFF
WORK SAFE BC insured
& $5 million liability insurance
for property damages
Inside Services
Window Cleaning
Carpet Cleaning
Commercial Cleaning
Residential Cleaning
Vacuum and Mopping
Outside Services
Roof and Gutter Cleaning
Pressure Wash Cleaning
236-501-1001, 604-512-5001
www.shineprocleaning.ca

# ਕੰਜ਼ਰਵੇਟਿਵ ਪਾਰਟੀ ਵਲੋਂ ਚੌਣ ਮੁਹਿੰਮ ਦੌਰਾਨ ਮੀਡੀਆ ਦੀ ਪਹੁੰਚ ਸੀਮਿਤ ਕਰਨ ਦਾ ਫੈਸਲਾ

**ਸਰੀ, (ਸਿਮਰਨਜੀਤ ਸਿੰਘ):** ਕੰਜ਼ਰਵੇਟਿਵ ਪਾਰਟੀ ਨੇ ਚੋਣ ਰਵਾਇਤ ਤੋਂ ਹਟਦੇ ਹੋਏ ਮੀਡੀਆ ਨੂੰ ਪੀਅਰ ਪੋਲੀਏਵਰ ਦੀ ਚੋਣ ਮੁਹਿੰਮ ਦੌਰਾਨ ਹਵਾਈ ਜਹਾਜ਼ਾਂ ਅਤੇ ਬੱਸਾਂ 'ਤੇ ਸਵਾਰ ਹੋਣ ਦੀ ਇਜਾਜ਼ਤ ਨਾ ਦੇਣ ਦਾ ਫੈਸਲਾ ਕੀਤਾ ਹੈ। ਪਾਰਟੀ ਦੇ ਰਾਸ਼ਟਰੀ ਮੁਹਿੰਮ ਨਿਰਦੇਸ਼ਕ ਜੈੱਨੀ ਬਰਨ ਨੇ ਮੰਗਲਵਾਰ ਨੂੰ ਇੱਕ ਈਮੇਲ ਰਾਹੀਂ ਦੱਸਿਆ ਕਿ ਯਾਤਰਾ ਦੇ ਖਰਚੇ ਬਹੁਤ ਵੱਧ ਗਏ ਹਨ, ਜਦਕਿ ਡਿਜੀਟਲ ਅਤੇ ਰਿਮੋਟ ਪਹੁੰਚ ਦੀ ਸਮਰੱਥਾ ਵੀ ਵਧੀ ਹੈ।

ਬਰਨ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਮੀਡੀਆ ਘੱਟੋ-ਘੱਟ ਪੱਤਰਕਾਰਾਂ ਨੂੰ ਮੁਹਿੰਮ ਦੀ ਲਗਾਤਾਰ ਕਵਰੇਜ ਲਈ ਭੇਜ ਰਹੀ ਹੈ। ਇਸ ਦੇ ਨਤੀਜੇ ਵਜੋਂ, ਪਾਰਟੀ ਨੇ ਮੀਡੀਆ ਲਈ ਹਵਾਈ ਯਾਤਰਾ ਅਤੇ ਹੋਰ ਸਹੂਲਤਾਂ ਮੁਹੱਈਆ ਕਰਵਾਉਣ ਦੀ ਪਰੰਪਰਾ ਨੂੰ ਰੋਕਣ ਦਾ ਫੈਸਲਾ ਕੀਤਾ ਹੈ।

ਇਸਦੇ ਬਦਲਵੇਂ ਤੌਰ 'ਤੇ, ਪਾਰਟੀ ਸਭ ਜਨਤਕ ਈਵੈਂਟਾਂ ਦੀ ਲਾਈਵ-ਸਟ੍ਰੀਮਿੰਗ ਕਰੇਗੀ, ਅਤੇ ਪੇਸ਼ੇਵਰ ਗੁਣਵੱਤਾ ਵਾਲਾ ਫੀਡ ਵੀ ਉਪਲਬਧ ਕਰਵਾਏਗੀ ਤਾਂ ਜੋ ਮੀਡੀਆ ਇਸ ਨੂੰ ਵਰਤ ਕੇ ਖ਼ਬਰਾਂ ਤਿਆਰ ਕਰ ਸਕੇ। ਬਰਨ ਨੇ ਕਿਹਾ "ਸਾਡੀ ਮੁਹਿੰਮ ਇਹ ਯਕੀਨੀ ਬਣਾਵੇਗੀ ਕਿ ਮੀਡੀਆ ਨੂੰ ਮਜ਼ਬੂਤ, ਨਿਰਪੱਖ ਅਤੇ ਬਰਾਬਰੀ ਵਾਲੀ ਪਹੁੰਚ ਮਿਲੇ," ।



ਦਹਾਕਿਆਂ ਤੱਕ, ਮੁੱਖ ਰਾਜਨੀਤਿਕ ਪਾਰਟੀਆਂ ਪੱਤਰਕਾਰਾਂ ਲਈ ਨੇਤਾ ਦੀ ਚੋਣ ਮੁਹਿੰਮ ਦੌਰਾਨ ਯਾਤਰਾ ਦੀ ਸਹੂਲਤ ਮੁਹੱਈਆ ਕਰਦੀਆਂ ਆਈਆਂ ਹਨ। ਮੀਡੀਆ ਉਨ੍ਹਾਂ ਯਾਤਰਾਵਾਂ ਦਾ ਖ਼ਰਚ ਆਪਣੀ ਪੱਖੋਂ ਭਰਦੀ ਹੈ, ਤਾਂ ਜੋ ਪੱਤਰਕਾਰ ਆਗੂਆਂ ਦੀ ਚੋਣ ਮੁਹਿੰਮ ਨੂੰ ਕਰੀਬੋਂ ਦੇਖ ਸਕਣ, ਉਨ੍ਹਾਂ ਤੋਂ ਸਵਾਲ ਪੁੱਛ ਸਕਣ, ਅਤੇ ਲੋਕਾਂ ਲਈ ਸਹੀ ਜਾਣਕਾਰੀ ਲੈ ਸਕਣ। ਹਾਲਾਂਕਿ, ਹੁਣ ਕੰਜ਼ਰਵੇਟਿਵ ਪਾਰਟੀ ਨੇ ਇਸ ਨਤੀਜੇ 'ਤੇ ਪਹੁੰਚੀ ਹੈ ਕਿ ਇਹ ਰਵਾਇਤ ਜ਼ਰੂਰੀ ਨਹੀਂ ਰਹੀ। ਬਰਨ ਨੇ ਕਿਹਾ ਕਿ ਪਾਰਟੀ ਉੱਤੇ ਕੋਈ ਪਾਬੰਦੀ ਨਹੀਂ ਕਿ ਉਹ ਹਰ ਮੀਡੀਆ ਸੰਸਥਾ ਨੂੰ ਹਰ ਸਮੇਂ ਪੂਰੀ ਜਾਣਕਾਰੀ ਦੇਵੇ। ਉਨ੍ਹਾਂ ਕਿਹਾ ਕਿ ਮੀਡੀਆ ਨੂੰ ਈਵੈਂਟਾਂ ਦੀ ਜਾਣਕਾਰੀ 2-3 ਦਿਨ ਪਹਿਲਾਂ ਦਿੱਤੀ ਜਾਵੇਗੀ, ਅਤੇ ਉਨ੍ਹਾਂ ਦੀ ਪਹੁੰਚ ਲਈ ਆਨਲਾਈਨ ਸਹੂਲਤਾਂ ਉਪਲਬਧ ਕਰਵਾਈਆਂ ਜਾਣਗੀਆਂ। ਕਾਰਲਟਨ ਯੂਨੀਵਰਸਿਟੀ ਦੇ ਪੱਤਰਕਾਰਤਾ ਵਿਭਾਗ ਦੇ ਪ੍ਰੋਫੈਸਰ ਇਮੇਰਿਟਸ, ਕ੍ਰਿਸਟੋਫਰ ਵਾਡੇਲ ਨੇ ਕਿਹਾ ਕਿ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ। ਉਨ੍ਹਾਂ ਕਿਹਾ, "ਇਹ ਪਹਿਲਾਂ ਤੋਂ ਆ ਰਿਹਾ ਸੀ, ਕਿਉਂਕਿ ਚੋਣ ਮੁਹਿੰਮ ਦੌਰਾਨ ਮੀਡੀਆ ਦੀ ਭੂਮਿਕਾ ਹੁਣ ਘੱਟ ਹੋ ਰਹੀ ਹੈ।" ਉਨ੍ਹਾਂ ਕਿਹਾ ਕਿ ਇਹ ਮੀਡੀਆ ਲਈ ਇੱਕ ਨਵਾਂ ਮੌਕਾ ਵੀ ਹੋ ਸਕਦਾ ਹੈ। "ਹੁਣ ਪੱਤਰਕਾਰ ਆਗੂਆਂ ਦੇ ਪਿੱਛੇ ਲੱਗਣ ਦੀ ਬਜਾਏ, ਲੋਕਾਂ ਨਾਲ ਹੋਰ ਵਿਸਥਾਰ ਵਿੱਚ ਗੱਲ ਕਰ ਸਕਦੇ ਹਨ।" ਟੋਰਾਂਟੋ ਯੂਨੀਵਰਸਿਟੀ ਦੇ ਮੈਸੀ ਕਾਲਜ ਦੇ ਸੀਨੀਅਰ ਫੈਲੋ ਜੈਫ਼ਰੀ ਡਵਾਰਕਿਨ ਨੇ ਕਿਹਾ ਕਿ ਇਹ ਫੈਸਲਾ ਪੱਤਰਕਾਰਤਾ ਦੀ ਪਰੰਪਰਾ 'ਤੇ ਵੱਡਾ ਪ੍ਰਭਾਵ ਪਾਉਂਦੇ ਹੋਏ, ਗਲਤ ਦਿਸ਼ਾ 'ਚ ਵਧਣ ਵਾਲਾ ਕਦਮ ਹੈ। ਉਨ੍ਹਾਂ ਕਿਹਾ, "ਇਹ ਇਸ ਗੱਲ ਦਾ ਸੰਕੇਤ ਹੈ ਕਿ ਕੰਜ਼ਰਵੇਟਿਵ ਪਾਰਟੀ ਸਖ਼ਤ ਜਾਂਚ-ਪੜਤਾਲ ਤੋਂ ਬਚਣਾ ਚਾਹੁੰਦੀ ਹੈ।" This report was written by Simranjit Singh as part of the Local Journalism Initiative.

# ਅਮਰੀਕਾ ’ਚ ਯਾਤਰਾ ਦਾ ਬਾਈਕਾਟ ਕਰਨ ਲੱਗੇ ਕੈਨੇਡੀਅਨ

**ਸਰੀ, (ਸਿਮਰਨਜੀਤ ਸਿੰਘ):** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੈਨੇਡਾ ‘ਤੇ ਲਗਾਈਆਂ ਵਪਾਰਕ ਪਾਬੰਦੀਆਂ ਅਤੇ ਉਨ੍ਹਾਂ ਵੱਲੋਂ ਕੈਨੇਡਾ ਨੂੰ ਅਮਰੀਕਾ ਦਾ ਸੂਬਾ ਬਣਾਉਣ ਬਾਰੇ ਦਿੱਤੇ ਬਿਆਨਾਂ ਦਾ ਅਸਰ ਹੁਣ ਯਾਤਰਾ ਖੇਤਰ ਵਿੱਚ ਵੀ ਦਿਖਾਈ ਦੇ ਰਿਹਾ ਹੈ। ਕੈਨੇਡੀਅਨ ਯਾਤਰੀ ਅਮਰੀਕਾ ਜਾਣ ਤੋਂ ਕਤਰਾਉਂਦੇ ਨਜ਼ਰ ਆ ਰਹੇ ਹਨ, ਤਾਂ ਦੂਜੇ ਪਾਸੇ ਉਹ ਹੋਰਨਾਂ ਦੇਸ਼ਾਂ ਨੂੰ ਯਾਤਰਾ ਲਈ ਤਰਜੀਹ ਦੇ ਰਹੇ ਹਨ। ਫਲਾਈਟਸ ਸੈਂਟਰ ਦੀ ਰਿਪੋਰਟ ਮੁਤਾਬਕ, ਅਮਰੀਕਾ ਜਾਣ ਵਾਲੀਆਂ ਬੁਕਿੰਗਾਂ ਵਿੱਚ 40% ਦੀ ਗਿਰਾਵਟ ਆਈ ਹੈ।

ਕੈਨੇਡਾ ਵਾਸੀ ਹੁਣ ਆਪਣੀ ਯਾਤਰਾ ਲਈ ਯੂਰਪ, ਮੈਕਸੀਕੋ ਅਤੇ ਡੋਮਿਨੀਕ ਐਂਡ ਰਿਪਬਲਿਕ ਵਰਗੀਆਂ ਥਾਵਾਂ ਦੀ ਚੋਣ ਕਰ ਰਹੇ ਹਨ। ਜਦਕਿ ਯਾਤਰੀ ਅਮਰੀਕਾ ਤੋਂ ਬਚਣ ਦੀ ਕੋਸ਼ਿਸ਼ ਕਰ ਰਹੇ ਹਨ, ਉਹਨਾਂ ਦੇ ਨਵੇਂ ਪਸੰਦੀਦਾ ਥਾਵਾਂ ਉੱਤੇ ਵੀ ਬੋਝ ਵਧ ਰਿਹਾ ਹੈ। ਉੱਚੀ ਮੰਗ ਦੇ ਕਾਰਨ, ਯੂਰਪੀ ਅਤੇ ਲਾਤੀਨੀ-ਅਮਰੀਕਨ ਟਿਕਟਾਂ ਦੀਆਂ ਕੀਮਤਾਂ ਵਧ ਰਹੀਆਂ ਹਨ ਜਿਸ ਕਾਰਨ ਕੈਨੇਡੀਅਨ ਯਾਤਰੀ ਹੁਣ ਜਪਾਨ ਨੂੰ ਵੀ ਯਾਤਰਾ ਲਈ ਚੰਗਾ ਵਿਕਲਪ ਮੰਨ ਰਹੇ ਹਨ। ਇਸ ਦਾ ਇੱਕ ਮੁੱਖ ਕਾਰਨ ਇਹ ਹੈ ਕਿ ਜਪਾਨੀ ਕਰੰਸੀ (ਯੇਨ) ਮੁਕਾਬਲੇ ਕਨੇਡੀਅਨ ਡਾਲਰ ਮਜ਼ਬੂਤ ਹੈ, ਜਿਸ ਕਰਕੇ ਲੋਕ ਉੱਥੇ ਘੱਟ ਖਰਚ ‘ਚ ਆਨੰਦ ਮਾਣ ਸਕਦੇ ਹਨ।

ਜ਼ਿਕਰਯੋਗ ਹੈ ਕਿ ਅਮਰੀਕਾ-ਕੈਨੇਡਾ ਵਪਾਰਕ ਜੰਗ ਕਾਰਨ, ਕੈਨੇਡੀਅਨ ਲੋਕ ਆਮ ਤੌਰ ‘ਤੇ ਅਮਰੀਕਾ ਜਾਣ ਤੋਂ ਕਤਰਾਉਂਦੇ ਨਜ਼ਰ ਆ ਰਹੇ ਹਨ। ਕਈ ਕੈਨੇਡੀਅਨ ਆਪਣੇ ਯੂਐਸ ਟ੍ਰੈਵਲ ਪਲਾਨਾਂ ਨੂੰ ਰੱਦ ਕਰ ਰਹੇ ਹਨ ਜਾਂ ਹੋਰਨਾਂ ਥਾਵਾਂ ਵਲ ਧਿਆਨ ਦੇ ਰਹੇ ਹਨ। ਫਲਾਈਟਸ ਅਤੇ ਹੋਟਲ ਰਿਜ਼ਰਵੇਸ਼ਨ ਕੰਪਨੀਆਂ ਲਈ ਇਹ ਇੱਕ ਨਵਾਂ ਚੁਣੌਤੀਪੂਰਨ ਦੌਰ ਸ਼ੁਰੂ ਹੋ ਗਿਆ ਹੈ। ਅਮਰੀਕਾ ਵਿੱਚ ਵਿਦੇਸ਼ੀ ਯਾਤਰੀਆਂ ਦੀ ਗਿਣਤੀ ਘੱਟ ਹੋਣ ਕਰਕੇ, ਉਥੇ ਹੋਟਲ ਅਤੇ ਟੂਰਿਸਟ ਉੱਤੇ ਆਰਥਿਕ ਅਸਰ ਪੈ ਸਕਦਾ ਹੈ।

ਇਹ ਵੀ ਵੇਖਣ ‘ਚ ਆਇਆ ਹੈ ਕਿ ਕੈਨੇਡੀਅਨ ਵਾਧੂ ਖਰਚਿਆਂ ਤੋਂ ਬਚਣ ਲਈ, ਹੁਣ ਤੋਂ ਹੀ ਆਪਣੀਆਂ ਬੁਕਿੰਗਾਂ ਕਰ ਰਹੇ ਹਨ। This report was written by Simranjit Singh as part of the Local Journalism Initiative.












# 6 ਸਾਲ ਬਾਅਦ ਵੈਨਕੂਵਰ ਦੇ ਗ੍ਰੈਂਡਵਿਊ-ਵੁਡਲੈਂਡ ਇਲਾਕੇ 'ਚ ਡੀਟਾਕਸ ਕੇਂਦਰ ਦੀ ਰੱਖੀ ਨੀਂਹ




**ਸਰੀ, (ਸਿਮਰਨਜੀਤ ਸਿੰਘ):** ਲਗਭਗ ਛੇ ਸਾਲ ਬਾਅਦ, ਸ਼ਹਿਰੀ ਪ੍ਰਸ਼ਾਸਨ ਵਲੋਂ ਮਨਜ਼ੂਰੀ ਮਿਲਣ ਤੋਂ ਬਾਅਦ, ਵੈਨਕੂਵਰ ਦੇ ਗ੍ਰੈਂਡਵਿਊ-ਵੁਡਲੈਂਡ ਇਲਾਕੇ 'ਚ ਇੱਕ ਨਵੇਂ ਡੀਟਾਕਸ ਕੇਂਦਰ ਦੀ ਨੀਂਹ ਰੱਖੀ ਗਈ ਹੈ।

ਇਹ ਪ੍ਰੋਜੈਕਟ ਇਸਟ 1 ਸਟਰੀਟ ਐਵੇਨਿਊ ਅਤੇ ਕਲਾਰਕ ਡਰਾਈਵ ਉੱਤੇ ਸ਼ਹਿਰੀ ਜ਼ਮੀਨ 'ਤੇ ਬਣਾਇਆ ਜਾ ਰਿਹਾ ਹੈ, ਜਿਸ ਵਿੱਚ 97 ਗ਼ੈਰ-ਮਾਰਕਿਟ (non-market) ਘਰ ਅਤੇ ਇੱਕ ਵਿਦਡ੍ਰਾਅਲ (withdrawal) ਕੇਂਦਰ ਸ਼ਾਮਲ ਹੋਣਗੇ।

ਬੀ.ਸੀ. ਹਾਊਸਿੰਗ ਮੰਤਰੀ ਰਵੀ ਕਲੋਂ ਨੇ ਕਿਹਾ ਕਿ ਇਹ ਮੱਧਮ ਆਮਦਨ ਵਾਲੇ ਲੋਕਾਂ ਅਤੇ ਪਰਿਵਾਰਾਂ ਨੂੰ ਉਹਨਾਂ ਦੇ ਬਜਟ ਵਿੱਚ ਆਉਣ ਵਾਲੇ ਘਰ ਮੁਹੱਈਆ ਕਰਵਾਏਗਾ। ਇਹ ਇਨਸਾਨਾਂ ਨੂੰ ਉਹਨਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਜ਼ਰੂਰੀ ਸਿਹਤ-ਸੇਵਾਵਾਂ ਨਾਲ ਵੀ ਜੋੜੇਗਾ।"

ਇਹ ਵਿਦਡ੍ਰਾਅਲ ਕੇਂਦਰ ਸ਼ਹਿਰ ਦੇ ਉਹਨਾਂ ਨਸ਼ਾ ਛੱਡਣ ਦੀ ਕੋਸ਼ਿਸ਼ ਕਰ ਰਹੇ ਲੋਕਾਂ ਲਈ ਤਕਰੀਬਨ 91 ਬਿਸਤਰ ਪ੍ਰਦਾਨ ਕਰੇਗਾ, ਜਿਸ ਵਿੱਚ 51 ਮੈਡੀਕਲੀ-ਸੁਪਰਵਾਈਜ਼ਡ ਡੀਟਾਕਸ ਬਿਸ਼ਤਰ – ਇਹ ਉਨ੍ਹਾਂ ਲੋਕਾਂ ਲਈ ਹੋਣਗੇ ਜੋ ਨਸ਼ੇ ਤੋਂ ਛੁਟਕਾਰਾ ਪਾਉਣ ਦੀ ਸ਼ੁਰੂਆਤ ਕਰ ਰਹੇ ਹਨ। 20 ਸੋਬਰਿੰਗ ਬਿਸਤਰ (sobeirng beds) – ਉਹਨਾਂ ਲੋਕਾਂ ਲਈ ਜੋ ਤੁਰੰਤ ਮੱਦੇਨਜ਼ਰ ਦੀ ਲੋੜ ਵਿੱਚ ਹਨ। 20 ਅਲਪ-ਅਵਧੀ ਉਤਕ੍ਰਾਮੀ (transitional) ਬਿਸਤਰ – ਇਹ ਉਨ੍ਹਾਂ ਲੋਕਾਂ ਲਈ ਜੋ ਡਿਟਾਕਸ ਦੀ ਪ੍ਰਕਿਰਿਆ ਪੂਰੀ ਕਰ ਚੁੱਕੇ ਹਨ ਪਰ ਉਨ੍ਹਾਂ ਲਈ ਸਹਾਇਕ ਰਿਕਵਰੀ ਅਤੇ ਇਲਾਜ ਵਾਲੀ ਥਾਂ ਉਪਲੱਬਧ ਕਰਵਾਈ ਜਾਵੇਗੀ

ਬੀ.ਸੀ. ਸਿਹਤ ਮੰਤਰੀ ਜੋਸੀ ਓਸਬੋਰਨ ਨੇ ਕਿਹਾ ਕਿ "ਬਹੁਤ ਸਾਰੇ ਲੋਕਾਂ ਲਈ ਵਿਦਡ੍ਰਾਅਲ ਮੈਨੇਜਮੈਂਟ ਉਨ੍ਹਾਂ ਦੀ ਰਿਕਵਰੀ ਯਾਤਰਾ ਦਾ ਪਹਿਲਾ ਪੜ੍ਹਾ ਹੁੰਦਾ ਹੈ। ਇਹ ਨਵਾਂ ਕੇਂਦਰ ਉਨ੍ਹਾਂ ਨੂੰ ਮੁਹੱਈਆ ਹੋਣ ਵਾਲੀਆਂ ਆਵਸ਼ਕ ਸੇਵਾਵਾਂ ਵਧਾਉਣ ਵਿੱਚ ਮਦਦ ਕਰੇਗਾ।"

ਇਹ ਪ੍ਰੋਜੈਕਟ 2019 ਵਿੱਚ ਵੈਨਕੂਵਰ ਸ਼ਹਿਰੀ ਕੌਂਸਲ ਵਲੋਂ ਰੀ-ਜ਼ੋਨ ਕੀਤਾ ਗਿਆ ਸੀ, ਜਿਸ ਦੌਰਾਨ ਦੋ ਦਿਨ ਦੀ ਲੰਮੀ ਜਨਤਕ ਸੁਣਵਾਈ ਹੋਈ। ਸ਼ੁਰੂਆਤੀ ਤੌਰ 'ਤੇ 2020 ਦੇ ਸ਼ੁਰੂ 'ਚ ਕੰਮ ਸ਼ੁਰੂ ਹੋਣਾ ਸੀ, ਪਰ ਪ੍ਰਸ਼ਾਸਨਕ ਰੁਕਾਵਟਾਂ ਕਾਰਨ ਪ੍ਰੋਜੈਕਟ ਰੁਕ ਗਿਆ। 2023 ਤੱਕ, ਸ਼ਹਿਰ ਨੇ ਦੱਸਿਆ ਕਿ ਬਿਲਡਿੰਗ ਬਾਈਲਾਜ਼ ਦੇ ਨਵੇਂ ਅੱਪਡੇਟ ਕਰਕੇ, ਇਜ਼ਾਜ਼ਤ ਲੈਣ ਲਈ ਦੁਬਾਰਾ ਦਰਖ਼ਾਸ਼ਤ ਦਾਇਰ ਕਰਨੀ ਪਈ। ਹੁਣ, ਸੂਬਾਈ ਸਰਕਾਰ ਦਾ ਟੀਚਾ ਹੈ ਕਿ ਇਹ ਪ੍ਰੋਜੈਕਟ 2028 ਤੱਕ ਪੂਰਾ ਹੋ ਜਾਵੇਗਾ। ਇਸ ਪ੍ਰੋਜੈਕਟ ਦੇ ਸ਼ੁਰੂ ਹੋਣ ਨਾਲ, ਉਹਨਾਂ ਲੋਕਾਂ ਨੂੰ ਰਾਹਤ ਮਿਲੇਗੀ ਜੋ ਨਸ਼ਿਆਂ ਦੀ ਆਦਤ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸਿਹਤ ਮਾਹਰ ਕਹਿੰਦੇ ਹਨ ਕਿ ਇਸ ਤਰ੍ਹਾਂ ਦੇ ਕੇਂਦਰ ਸ਼ਹਿਰ ਵਿੱਚ ਨਸ਼ੇ ਨਾਲ ਜੂਝ ਰਹੇ ਲੋਕਾਂ ਦੀ ਗਿਣਤੀ ਘਟਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। This report was written by Simranjit Singh as part of the Local Journalism Initiative.

Guru Nanak's Free Kitchen
LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।



Wire Shelving


Post


Dishwasher, Door Type


Dishtable, Soiled


Range, Stock Pot, Gas


Tilting Skillet Braising Pan, Gas


Kettle Mixer, Electric


Exhaust Hood


Hand Sink, Parts & Accessories


Wall / Splash Mount Faucet


Hot Food Well Unit, Drop-In, Electric


Sandwich / Salad Preparation Refrigerator

ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170

Are you looking to Buy, Sell or Invest in Properties?

We Can Help! for a Free market evaluation of your property, contact

ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਪਲਾਟ ਜਾਂ ਵਪਾਰਕ ਜਾਇਦਾਦ ਖਰੀਦਣ ਅਤੇ ਵੇਚਣ ਵੇਲੇ

ਇਮਾਨਦਾਰ ਸੇਵਾਵਾਂ ਲਈ ਅੱਜ ਹੀ ਮਿਲੋ।

Amarpal Singh | Call : 604.338.7310

PARALLEL
1200 W 73rd Ave Unit 828, Vancouver, BC V6P 6G5

HOUSE FOR SALE

9213 133rd Street Surrey B.C., V3V7E3




Conveniently located in the heart of Surrey, this sought-after home is near Elementary and Secondary School, making it ideal for families. It also offers easy access to King George SkyTrain Station and nearby hospitals. This charming three-level split home features a spacious kitchen with oak cabinets and a cozy eating area. Additionally, it includes a two-bedroom unauthorized basement suite, perfect for rental income or extended family. The large backyard provides ample outdoor space, Situated in a quiet cul-de-sac, this home offers both comfort and convenience

15108 83A Avenue, Surrey, BC, V3S8R9




a beautifully maintained home in Surrey's sought-after Bear Creek Green Timbers neighbourhood. Nestled on a 7,153 sq. ft. lot, this spacious home offers the perfect blend of comfort and functionality. With multiple bedrooms and bathrooms, it's ideal for growing families or those who love to entertain. Step inside to discover a bright and inviting layout featuring two cozy fireplaces, large windows, and well-appointed living spaces. The generously sized kitchen offers plenty of storage and overlooks the backyard-perfect for family gatherings. Outside, enjoy a private, landscaped yard with ample space for relax. Enjoy breathtaking views of Mount Baker and the valley from this desirable corner lot. Walking distance to both elementary and high schools. Viewings by appointment only.

# ਸਰੀ 'ਚ ਫਰੇਜ਼ਰ ਨਦੀ ਨੇੜੇ ਬਣੇਗਾ ਨਵਾਂ ਵਾਟਰਫਰੰਟ ਜ਼ੋਨ



**ਸਰੀ, (ਸਿਮਰਨਜੀਤ ਸਿੰਘ):** ਸਰੀ ਵਿੱਚ ਫਰੇਜ਼ਰ ਨਦੀ ਕੰਢੇ ਗ੍ਰੈਨਵਿਲ ਆਈਲੈਂਡ ਜਾਂ ਨੌਰਥ ਵੈਨਕੂਵਰ ਦੇ ਸ਼ਿਪਯਾਰਡ ਵਰਗਾ ਵਾਟਰਫਰੰਟ ਇਲਾਕਾ ਬਣਾਉਣ ਦੀ ਸੰਭਾਵਨਾ ਦੀ ਪੜਚੋਲ ਕੀਤੀ ਜਾ ਰਹੀ ਹੈ। ਪਿਛਲੇ ਹਫ਼ਤੇ ਦੀ ਕੌਂਸਲ ਮੀਟਿੰਗ ਵਿੱਚ ਇੱਕ ਅਧਿਐਨ ਸ਼ੁਰੂ ਕਰਨ ਦੀ ਮਨਜ਼ੂਰੀ ਦਿੱਤੀ ਗਈ, ਜੋ ਕਿ ਇਸ ਇਲਾਕੇ ਨੂੰ ਆਧੁਨਿਕ ਅਤੇ ਆਈਕਾਨਿਕ ਇਲਾਕੇ ਵਿੱਚ ਤਬਦੀਲ ਕਰਨ ਦੀ ਸੰਭਾਵਨਾ ਦੀ ਜਾਂਚ ਕਰੇਗਾ। ਇਹ ਖੇਤਰ ਦੱਖਣ ਵੈਸਟਮਿੰਸਟਰ ਵਿੱਚ ਪੈਂਦਾ ਹੈ, ਜੋ ਨਵਾਂ ਵੈਸਟਮਿੰਸਟਰ ਦੇ ਬਿਲਕੁਲ ਸਾਹਮਣੇ ਹੈ। ਇਸ ਦੇ ਇੱਕ ਪਾਸੇ ਨਵਾਂ ਪਟੁਲੋ ਪੁਲ, ਸਕਾਟ ਰੋਡ, ਅਤੇ ਮੈਨਸਨ ਕੈਨਾਲ ਹਨ।

ਸਰੀ ਦੀ ਕੌਂਸਲਰ ਲਿੰਡਾ ਐਨੀਸ ਨੇ ਕਿਹਾ, "ਸਰੀ ਬੀ.ਸੀ. ਦਾ ਸਭ ਤੋਂ ਤੇਜ਼ੀ ਨਾਲ ਵਿਕਾਸ ਕਰ ਰਿਹਾ ਸ਼ਹਿਰ ਹੈ। ਜਲਦੀ ਹੀ, ਅਸੀਂ ਵੈਨਕੂਵਰ ਤੋਂ ਵੀ ਵੱਡੇ ਹੋ ਜਾਵਾਂਗੇ, ਪਰ ਸਾਡੇ ਕੋਲ ਇੱਕ ਆਈਕਾਨਿਕ ਵਾਟਰਫਰੰਟ ਸਥਾਨ ਨਹੀਂ ਹੈ। ਇਹ ਖੇਤਰ ਬਹੁਤ ਸੁੰਦਰ ਹੈ, ਇਸ ਲਈ ਅਸੀਂ ਇਸਦੀ ਵਿਅਕਤੀਗਤ ਅਤੇ ਆਰਥਿਕ ਸੰਭਾਵਨਾਵਾਂ ਦੀ ਪੜਚੋਲ ਕਰਨੀ ਚਾਹੀਦੀ ਹੈ।"

ਹਾਲਾਂਕਿ ਇਹ ਵਿਚਾਰ ਹੁਣੇ ਸ਼ੁਰੂਆਤੀ ਪੜਾਅ ਵਿੱਚ ਹੈ, ਅਤੇ ਇਸ ਨੂੰ ਪੂਰੇ ਤਰੀਕੇ ਨਾਲ ਮਨਜ਼ੂਰੀ ਮਿਲਣ ਵਿੱਚ ਕਈ ਸਾਲ ਲੱਗ ਸਕਦੇ ਹਨ। ਇਸ ਪ੍ਰਾਜੈਕਟ ਦੀ ਇੱਕ ਵੱਡੀ ਚੁਣੌਤੀ ਇਥੇ ਮੌਜੂਦ ਉਦਯੋਗ ਅਤੇ ਵਿਅਪਾਰ ਹਨ। ਇਹ ਖੇਤਰ ਵਿਅਪਾਰਕ ਕੰਪਨੀਆਂ, ਸੀ.ਐੱਨ. ਰੇਲ ਅਤੇ ਵੈਨਕੂਵਰ ਪੋਰਟ ਅਥਾਰਟੀ ਵੱਲੋਂ ਕੰਟਰੋਲ ਕੀਤਾ ਜਾਂਦਾ ਹੈ। ਵੈਨਕੂਵਰ ਪੋਰਟ ਅਥਾਰਟੀ ਪਹਿਲਾਂ ਹੀ ਇਸ ਖੇਤਰ ਨੂੰ ਉਦਯੋਗਿਕ ਜ਼ਮੀਨ ਵਜੋਂ ਬਣਾਈ ਰੱਖਣ ਦੇ ਹੱਕ ਵਿੱਚ ਹੈ। ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਨਿਰਦੇਸ਼ਕ ਐਂਡੀ ਯਾਨ ਨੇ ਕਿਹਾ, "ਇਹ ਇਕ ਮਹੱਤਪੂਰਨ ਯੋਜਨਾ ਹੈ, ਪਰ ਇਹ ਅਧਿਐਨ ਇਸ ਨੂੰ ਹਕੀਕਤ ਨਾਲ ਜੋੜਨ ਦੀ ਕੋਸ਼ਿਸ਼ ਕਰੇਗਾ। ਇਥੇ ਉੱਚ-ਘਣਤਾ ਵਾਲੀਆਂ ਆਵਾਸੀ ਅਤੇ ਵਪਾਰਕ ਇਮਾਰਤਾਂ ਦੀ ਬਿਨਾਂ ਨਵੇਂ ਪਾਇਪਲਾਈਨ, ਪਾਣੀ ਦੀ ਪ੍ਰਣਾਲੀ ਤੋਂ ਸੰਭਾਵਨਾ ਘੱਟ ਹੈ।" ਇਸ ਇਲਾਕੇ ਵਿੱਚ ਬ੍ਰਾਊਨਵਿਲ ਆਰ.ਵੀ. ਪਾਰਕ ਦੇ ਨਿਵਾਸੀ ਵੀ ਰਹਿੰਦੇ ਹਨ, ਜੋ ਇਸ ਤਬਦੀਲੀ ਕਾਰਨ ਆਪਣੇ ਘਰ ਗੁਆਉਣ ਦੀ ਚਿੰਤਾ ਜਤਾ ਰਹੇ ਹਨ। ਸ਼ਹਿਰੀ ਕੌਂਸਲ ਨੇ ਕਿਹਾ ਹੈ ਕਿ ਜੇਕਰ ਇਹ ਯੋਜਨਾ ਅੱਗੇ ਵਧਦੀ ਹੈ, ਤਾਂ ਅਧਿਕਾਰਤ ਤਰੀਕੇ ਨਾਲ ਲੋਕਾਂ ਦੀ ਰਾਇ ਲਈ ਜਨਤਕ ਸੁਣਵਾਈਆਂ ਹੋਣਗੀਆਂ। ਇਹ ਯੋਜਨਾ ਅਜੇ ਵੀ ਸ਼ੁਰੂਆਤੀ ਪੜਾਅ 'ਚ ਹੈ। ਜੇਕਰ ਇਹ ਵਿਸ਼ਲੇਸ਼ਣ ਅਧਿਐਨ ਸਫਲ ਰਹਿੰਦਾ ਹੈ, ਤਾਂ 2026 ਤੱਕ ਅਗਲੇ ਪੜਾਅ ਦੀ ਮਜ਼ੂਰੀ ਹੋ ਸਕਦੀ ਹੈ। This report was written by Simranjit Singh as part of the Local Journalism Initiative.

ਸਫ਼ਾ 1 ਦਾ ਬਾਕੀ

## ਕੈਨੇਡਾ 'ਚ $1 ਮਿਲੀਅਨ ਤੱਕ...

ਤੁਸੀਂ ਨਵਾਂ ਘਰ ਖ਼ਰੀਦਣ ਬਾਰੇ ਸੋਚ ਰਹੇ ਹੋ, ਤਾਂ ਹੁਣ $1 ਮਿਲੀਅਨ ਤੱਕ ਦੇ ਘਰ 'ਤੇ 5% ਦੀ ਬਚਤ ਤੁਹਾਨੂੰ ਵੱਡਾ ਲਾਭ ਦੇ ਸਕਦੀ ਹੈ। ਇਹ ਉਨ੍ਹਾਂ ਪਰਿਵਾਰਾਂ ਲਈ ਵੀ ਵਧੀਆ ਮੌਕਾ ਹੈ, ਜੋ ਆਪਣਾ ਪਹਿਲੀ ਵਾਰ ਘਰ ਖ਼ਰੀਦਣ ਚਾਹੁੰਦੇ ਹਨ।

## ਪਿਛਲੇ ਸਾਲਾਂ ਦੇ ਮੁਕਾਬਲੇ...




ਬ੍ਰਿਟਿਸ਼ ਕੋਲੰਬੀਆ, ਆਲਬਰਟਾ ਅਤੇ ਓਨਟਾਰੀਓ ਪ੍ਰਾਂਤਾਂ ਵਿੱਚ ਕੇਂਦਰਿਤ ਹਨ।

ਅਮਰੀਕਾ ਦੀ ਰੈਂਕਿੰਗ ਵੀ ਡਿੱਗ ਕੇ 24ਵੇਂ ਸਥਾਨ 'ਤੇ ਆ ਗਈ ਹੈ, ਜਦਕਿ 2012 ਵਿੱਚ ਅਮਰੀਕਾ 11ਵੇਂ ਸਥਾਨ 'ਤੇ ਸੀ। ਯੂਕੇ ਨੂੰ 23ਵਾਂ ਸਥਾਨ ਮਿਲਿਆ ਹੈ। ਫਿਨਲੈਂਡ ਨੇ ਲਗਾਤਾਰ ਅੱਠਵੇਂ ਸਾਲ ਦੁਨੀਆ ਦੇ ਸਭ ਤੋਂ ਖ਼ੁਸ਼ਹਾਲ ਦੇਸ਼ ਦੇ ਤੌਰ 'ਤੇ ਆਪਣਾ ਸਥਾਨ ਬਣਾਇਆ ਹੈ। ਸਿਖਰਲੇ ਪੰਜ ਦੇਸ਼ਾਂ ਵਿੱਚ ਫਿਨਲੈਂਡ, ਡੈਨਮਾਰਕ, ਆਈਸਲੈਂਡ, ਸਵੀਡਨ ਅਤੇ ਨੀਦਰਲੈਂਡਜ਼ ਸ਼ਾਮਲ ਹਨ। ਸਭ ਤੋਂ ਘੱਟ ਖ਼ੁਸ਼ਹਾਲ ਦੇਸ਼ਾਂ ਵਿੱਚ ਅਫਗਾਨਿਸਤਾਨ, ਸੀਏਰਾ ਲਿਓਨ, ਲੈਬਨਾਨ, ਮਲਾਵੀ ਅਤੇ ਜ਼ਿੰਬਾਬਵੇ ਹਨ।

ਕੈਨੇਡਾ ਭ੍ਰਿਸ਼ਟਾਚਾਰ ਬਾਰੇ ਧਾਰਣਾ ਅਤੇ ਪ੍ਰਤੀ ਵਿਅਕਤੀ ਜੀਡੀਪੀ ਲਈ ਵਿਸ਼ਵ ਪੱਧਰ 'ਤੇ ਕ੍ਰਮਵਾਰ 15ਵੇਂ ਅਤੇ 16ਵੇਂ ਸਥਾਨ 'ਤੇ ਹੈ, ਪਰ ਸਮਾਜਿਕ ਸਹਾਇਤਾ ਲਈ 35ਵੇਂ ਅਤੇ ਜੀਵਨ ਦੇ ਵਿਕਲਪ ਬਣਾਉਣ ਦੀ ਆਜ਼ਾਦੀ ਲਈ 68ਵੇਂ ਸਥਾਨ 'ਤੇ ਹੈ। ਰਿਪੋਰਟ ਵਿੱਚ ਲਗਭਗ 18 ਪ੍ਰਤੀਸ਼ਤ ਕੈਨੇਡੀਅਨਾਂ ਨੇ ਕਿਹਾ ਕਿ ਉਹ ਆਪਣੀ ਜ਼ਿੰਦਗੀ ਨਾਲ ਕੀ ਕਰਨਾ ਹੈ ਇਸਦੀ ਚੋਣ ਕਰਨ ਦੀ ਆਜ਼ਾਦੀ ਤੋਂ ਅਸੰਤੁਸ਼ਟ ਹਨ।

ਭਾਰਤ 118ਵੇਂ ਸਥਾਨ 'ਤੇ ਹੈ, ਜਦਕਿ ਗੁਆਂਢੀ ਦੇਸ਼ ਪਾਕਿਸਤਾਨ 109ਵੇਂ ਸਥਾਨ 'ਤੇ ਹੈ। ਰਿਪੋਰਟ ਦੇ ਵਿਸ਼ਲੇਸ਼ਣ ਦੇ ਅਨੁਸਾਰ, ਮਹੱਤਵਪੂਰਨ ਆਰਥਿਕ ਅਤੇ ਸਮਾਜਿਕ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਬਾਵਜੂਦ, ਪਾਕਿਸਤਾਨ ਦੀ ਮੁਕਾਬਲਤਨ ਉੱਚ ਦਰਜਾਬੰਦੀ ਇਸਦੇ ਨਾਗਰਿਕਾਂ ਵਿੱਚ ਸਮਾਜਿਕ ਸਮਰਥਨ ਦੀ ਮਜ਼ਬੂਤ ਭਾਵਨਾ ਨੂੰ ਦਰਸਾਉਂਦੀ ਹੈ।

ਮਾਨਸਿਕ ਤਣਾਅ ਅਤੇ ਉਸ ਨਾਲ ਸੰਬੰਧਿਤ ਬਿਮਾਰੀਆਂ ਵੀ ਕੈਨੇਡਾ ਵਿੱਚ ਮੌਤਾਂ ਦਾ ਮੁੱਖ ਕਾਰਨ ਬਣ ਰਹੀਆਂ ਹਨ। ਕੈਨੇਡਾ ਦੇ ਸਿਹਤ ਅੰਕੜਿਆਂ ਮੁਤਾਬਕ, 2024 ਵਿੱਚ ਲਗਭਗ 4,000 ਲੋਕਾਂ ਨੇ ਆਤਮਹਤਿਆ ਕੀਤੀ, ਜੋ ਮਾਨਸਿਕ ਤਣਾਅ ਨਾਲ ਸੰਬੰਧਿਤ ਸੀ। ਇਹ ਅੰਕੜੇ ਦਰਸਾਉਂਦੇ ਹਨ ਕਿ ਮਾਨਸਿਕ ਸਿਹਤ ਸੇਵਾਵਾਂ ਦੀ ਪਹੁੰਚ ਅਤੇ ਗੁਣਵੱਤਾ ਵਿੱਚ ਸੁਧਾਰ ਦੀ ਲੋੜ ਹੈ।

# ਸਰੀ 'ਚ 128 ਸਟਰੀਟ ਦੀ ਡਰੇਨੇਜ ਤੇ ਪਾਣੀ ਪੰਪ ਸਟੇਸ਼ਨ ਅੱਪਗਰੇਡ $4 ਮਿਲੀਅਨ ਦਾ ਠੇਕਾ ਮਨਜ਼ੂਰ

**ਸਰੀ, (ਸਿਮਰਨਜੀਤ ਸਿੰਘ):** ਸਰੀ ਸ਼ਹਿਰ ਦੀ ਕੌਂਸਲ ਨੇ ਵੈਲੀ ਇਲਾਕੇ ਵਿੱਚ 128 ਗਲੀ ਦੇ ਡਰੇਨੇਜ ਅਤੇ ਸੈਨੇਟਰੀ ਸੁਧਾਰ ਲਈ $4 ਮਿਲੀਅਨ ਦਾ ਠੇਕਾ J. Cote: Son Excavating Ltd. ਨੂੰ ਦੇ ਦਿੱਤਾ ਹੈ।

ਇਹ ਕੰਮ 100 ਐਵਨਿਊ ਤੋਂ 97 ਏ ਐਵਨਿਊ ਤੱਕ ਕੀਤਾ ਜਾਵੇਗਾ, ਜਿਸ ਤਹਿਤ ਨਵਾਂ ਟਰੰਕ ਡਰੇਨੇਜ ਮੂਲ ਪਾਈਪ ਲਗਾਇਆ ਜਾਵੇਗਾ। ਪੁਰਾਣੀਆਂ ਅਤੇ ਛੋਟੀ ਆਕਾਰ ਦੀਆਂ ਸੈਨੇਟਰੀ ਲਾਈਨਾਂ ਬਦਲੀਆਂ ਜਾਣਗੀਆਂ। ਇਹ ਕੰਮ ਅਪਰੈਲ 2025 ਵਿੱਚ ਸ਼ੁਰੂ ਹੋਵੇਗਾ ਅਤੇ ਪਤਝੜ ਦੇ ਮੌਸਮ ਤੱਕ ਪੂਰਾ ਹੋਣ ਦੀ ਉਮੀਦ ਹੈ।

ਇਸ ਦੌਰਾਨ, ਕੰਸਟ੍ਰਕਸ਼ਨ ਹਫ਼ਤੇ ਵਿੱਚ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 7 ਵਜੇ ਤੋਂ ਰਾਤ 10 ਵਜੇ ਤੱਕ ਹੋਵੇਗੀ।

ਇਸ ਪਰੋਜੈਕਟ ਲਈ $4,032,620.55 ਦੀ ਲਾਗਤ ਆਏਗੀ, ਜਦਕਿ ਖ਼ਰਚ ਦੀ ਉੱਚੀ ਸੀਮਾ $4,450,000 ਤਕ ਰੱਖੀ ਗਈ ਹੈ।

ਸਰੀ ਸ਼ਹਿਰ ਦੀ ਕੌਂਸਲ ਨੇ ਵੈਲੀ 'ਚ 1961 ਤੋਂ ਚੱਲ ਰਹੇ ਪੁਰਾਣੇ ਪਾਣੀ ਪੰਪ ਸਟੇਸ਼ਨ ਨੂੰ ਅੱਪਗਰੇਡ ਕਰਨ ਲਈ Industra Construction Corp. ਨੂੰ $6,586,278.74 ਦਾ ਹੋਰ ਅਲੱਗ ਤੋਂ ਠੇਕਾ ਦਿੱਤਾ ਹੈ।

ਇਸ ਉੱਪਗ੍ਰੇਡ ਵਿੱਚ ਨਵੇਂ ਪੰਪ, ਪਾਈਪਿੰਗ, ਇਲੈਕਟ੍ਰੀਕਲ ਅਤੇ ਇੰਸਟ੍ਰੂਮੈਂਟੇਸ਼ਨ ਲਾਈਨਾਂ ਦੀ ਤਬਦੀਲੀ।ਸਟੈਂਡਬਾਈ ਜਨਰੇਟਰ ਉਪਕਰਣ ਦੀ ਤਬਦੀਲੀ, ਜਿਸ ਨਾਲ ਪੰਪ ਸਟੇਸ਼ਨ ਦੀ ਵਿਸ਼ਵਾਸਯੋਗਤਾ (reliability) ਅਤੇ ਸੁਰੱਖਿਆ ਵਿੱਚ ਸੁਧਾਰ ਹੋਵੇਗਾ।

ਇਹ ਕੰਮ 14600-ਬਲਾਕ 105ਅ ਐਵਨਿਊ 'ਤੇ ਹੋਵੇਗਾ, ਜੋ ਕਿ ਸ਼ਹਿਰ ਦੇ ਕੇਂਦਰ (City Centre), ਗਿਲਡਫੋਰਡ (Guildford) ਅਤੇ ਫਲੀਟਵੁੱਡ (Fleetwood) ਦੀ ਪਾਣੀ ਸਪਲਾਈ ਸੇਵਾਵਾਂ ਨੂੰ ਸੰਭਾਲਦਾ ਹੈ। ਇਸ ਕੰਮ ਦੀ ਉਮੀਦਿਤ ਪੂਰੀ ਹੋਣ ਦੀ ਮਿਤੀ ਮਾਰਚ 2026 ਹੈ। ਕੰਸਟ੍ਰਕਸ਼ਨ ਹਫ਼ਤੇ ਵਿੱਚ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 7 ਵਜੇ ਤੋਂ ਰਾਤ 10 ਵਜੇ ਤੱਕ ਜਾਰੀ ਰਹੇਗੀ। ਇਸ ਪਰੋਜੈਕਟ ਦੀ ਕੁੱਲ ਲਾਗਤ $7,245,000 ਤਕ ਹੋ ਸਕਦੀ ਹੈ। This report was written by Simranjit Singh as part of the Local Journalism Initiative.

ਘਰਾਂ, ਕਮਰਸ਼ੀਅਲ ਜਾਂ ਨਵੇਂ ਬਣ ਰਹੇ ਘਰਾਂ ਦੀ ਸਫਾਈ ਲਈ ਅਤੇ ਕਿਸੇ ਵੀ ਤਰ੍ਹਾਂ ਦਾ ਗਾਰਬੇਜ਼ ਚੁੱਕਵਾਉਣ ਲਈ ਸਾਨੂੰ ਅੱਜ ਹੀ ਫੋਨ ਕਰੋ
604-512-5001
SHINE PRO CLEANING
We Provide a reliable and Flexible Workforce,
Ready to meet your labor needs anywhere, Ensuring efficient and timely support across various Locations.
» Move In & Out Cleaning
» One Off Deep Cleaning
» After Builder Cleaning
» Appliances Cleaning Incl. Oven
» Commercial Cleaning
» Pressure Cleaning
» Professional Carpet Cleaning
JASVINDER SINGH
CELL : +1 236-632-6301 | +1 604-512-5001
Email: jobandfair@gmail.com | Web: jobandfair.ca
12844 - 66B Ave. Surrey, B.C.

GURTAJ SAMRA
PERSONAL REAL ESTATE CORPORATION

ਕੀ ਤੁਸੀਂ ਨਵਾਂ ਘਰ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
ਨਵਾਂ ਘਰ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
RESIDENTIAL, COMMERCIAL SALES & LEASING
GURTAJ SAMRA
ASSOCIATE
778-869-0607
778-564-3300
gurtaj@mainlandcommercial.com | www.maillandcommercial.com
105 - 7928 128nd Street Surrey, BC V3W 4E8

ਕੈਨੇਡੀਅਨ ਪੰਜਾਬ ਟਾਈਮਜ਼
Canadian Punjab Times

Funded by the Government of Canada / Financé par le gouvernement du Canada / Canada

- Brar Bhagta Bhai Ka
  604-751-1113
- Karamjit Singh Buttar
  Journalist
- Simranjit Singh
  Journalist
- Dr. Puran Singh
  Writer
- Gora Sandhu Khurd
  News Reporter (Punjab)
- Paramjit Singh
  Graphic Designer

Contact for Advertisement
604-338-7310

ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

The Canadian Punjab Times is not responsible or legally liable for any news, articles, advertisements or typing mistakes in the news or articles.

Canadian Punjab Times Inc.
(Punjabi Newspaper)
Website : www.thepunjabtimes.ca
E-mail : canadianpunjabtimes@gmail.com

Please Note:
The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।

# ਗ਼ੈਰ-ਕਾਨੂੰਨੀ ਪਰਵਾਸ, ਹੱਡੀਂ ਹੰਢਾਏ ਦਰਦ ਤੇ ਸਬਕ

ਲੇਖਕ : ਗੁਰਪ੍ਰੀਤ ਸਿੰਘ ਤੂਰ
ਸੰਪਰਕ: 98158-00405



ਐੱਨਆਰਆਈ ਸਭਾ, ਪੰਜਾਬ ਵੱਲੋਂ ਪਰਵਾਸ ਸਬੰਧੀ ਪਿਛਲੇ ਦਿਨੀਂ ਸੈਮੀਨਾਰ ਕਰਵਾਇਆ ਗਿਆ। ਫਰਵਰੀ ਵਿੱਚ ਹੀ ਗ਼ੈਰ-ਕਾਨੂੰਨੀ ਤੌਰ 'ਤੇ ਅਮਰੀਕਾ ਗਏ ਨੌਜਵਾਨਾਂ ਨੂੰ ਡਿਪੋਰਟ ਕੀਤਾ ਗਿਆ। ਇਨ੍ਹਾਂ ਵਿੱਚੋਂ ਵੱਡੀ ਗਿਣਤੀ ਪੰਜਾਬੀਆਂ ਦੀ ਹੈ। ਵਾਪਸ ਪਰਤੇ ਵਿਅਕਤੀਆਂ ਨਾਲ ਹੋਏ ਸਲੂਕ ਅਤੇ ਉਨ੍ਹਾਂ ਦੇ ਅੰਮ੍ਰਿਤਸਰ ਵਿਖੇ ਹੋਏ ਉਤਾਰੇ ਨੇ ਇਸ ਸੈਮੀਨਾਰ ਦੀ ਗੰਭੀਰਤਾ ਵਿੱਚ ਵਾਧਾ ਕੀਤਾ।

ਪੰਜਾਬੀਆਂ ਨੇ ਏਨੀ ਵੱਡੀ ਗਿਣਤੀ ਵਿੱਚ ਗ਼ੈਰ-ਕਾਨੂੰਨੀ ਤੇ ਕਾਨੂੰਨੀ ਢੰਗ ਨਾਲ ਪਰਵਾਸ ਲਈ ਵਹੀਰਾਂ ਕਿਉਂ ਘੱਤ ਲਈਆਂ ਹਨ? ਫਰਵਰੀ ਵਿੱਚ ਡਿਪੋਰਟ ਹੋਏ ਵਿਅਕਤੀਆਂ ਵਿੱਚੋਂ ਪੰਜਾਬ, ਹਰਿਆਣਾ, ਗੁਜਰਾਤ ਦੇ ਕ੍ਰਮਵਾਰ 126, 102 ਅਤੇ 76 ਵਿਅਕਤੀ ਹਨ, ਜਿਨ੍ਹਾਂ ਵਿੱਚ ਵੱਡੀ ਗਿਣਤੀ ਨੌਜਵਾਨਾਂ ਦੀ ਹੈ। ਇਹ ਅੰਕੜੇ ਮੂਲ ਰੂਪ ਵਿੱਚ ਪਿਛਲੇ ਡੇਢ ਸਾਲ ਦੇ ਸਮੇਂ ਦੌਰਾਨ ਗ਼ੈਰ-ਕਾਨੂੰਨੀ ਪਰਵਾਸ ਰਾਹੀਂ ਅਮਰੀਕਾ ਪਹੁੰਚੇ ਪੂਰ ਵਿੱਚੋਂ ਹਨ। ਪੰਜਾਬੀ ਨੌਜਵਾਨਾਂ ਦੇ ਪਰਵਾਸ ਦੀ ਤੁਲਨਾ ਹਰਿਆਣਾ ਦੇ ਨੌਜਵਾਨਾਂ ਨੇ ਬਾਅਦ ਵਿੱਚ ਪਰਵਾਸ ਸ਼ੁਰੂ ਕੀਤਾ। ਗੁਜਰਾਤ ਦੀ ਆਬਾਦੀ ਪੰਜਾਬ ਪ੍ਰਾਂਤ ਨਾਲੋਂ ਕਿਤੇ ਵੱਧ ਹੈ। ਉਪਰੋਕਤ ਤੱਥ ਵੀ ਪੰਜਾਬ ਵਿੱਚੋਂ ਪਰਵਾਸ ਦੀ ਵੱਡੀ ਭਾਗੀਦਾਰੀ ਦਾ ਸੰਕੇਤ ਦਿੰਦੇ ਹਨ। ਜਦੋਂ ਅਸੀਂ ਕਾਨੂੰਨੀ ਤੌਰ 'ਤੇ ਖ਼ਾਸ ਕਰਕੇ +2 ਦੀ ਪੜ੍ਹਾਈ ਤੋਂ ਬਾਅਦ ਆਈਲੈਟਸ ਪਾਸ ਕਰਕੇ ਵੱਡੀ ਪੱਧਰ 'ਤੇ ਹੋਏ ਪਰਵਾਸ ਦੀ ਗੱਲ ਕਰਦੇ ਹਾਂ ਤਾਂ ਇਹ ਅੰਕੜੇ ਇਕੱਲੇ ਕੈਨੇਡਾ ਵਿੱਚ ਸਾਲ 2023 ਦੌਰਾਨ 4 ਲੱਖ 27 ਹਜ਼ਾਰ ਪਾਏ ਗਏ ਹਨ। ਹਰ ਹਾਲਤ ਵਿੱਚ ਇੱਥੋਂ ਚਲੇ ਜਾਣਾ, ਪੰਜਾਬ ਦੀ ਹਰਿਆਵਲ ਭਰੀ ਤੇ ਚੜ੍ਹਦੀ ਕਲਾ ਦਾ ਸੁਨੇਹਾ ਦੇਣ ਵਾਲੀ ਇਸ ਅਭਾਗੀ ਧਰਤੀ ਨਾਲ ਆਖ਼ਰ ਅਜਿਹਾ ਕੀ ਵਾਪਰਿਆ, ਇਸ ਸੈਮੀਨਾਰ ਦੀ ਸਕਰੀਨ ਤੋਂ ਪੜ੍ਹਨ ਦਾ ਯਤਨ ਕੀਤਾ ਗਿਆ ਹੈ।

ਇਸ ਦੋ ਦਿਨਾਂ ਸੈਮੀਨਾਰ ਵਿੱਚ ਅਰਥ-ਸ਼ਾਸਤਰੀਆਂ, ਸਮਾਜਿਕ ਚਿੰਤਕਾਂ, ਰਿਸਰਚ ਸਕਾਲਰਾਂ, ਮੀਡੀਆ ਕਰਮੀਆਂ ਅਤੇ ਇਸ ਵਿਸ਼ੇ ਨਾਲ ਸਬੰਧਿਤ ਪੜ੍ਹਦੇ ਦੋ ਵਿਦਿਆਰਥੀਆਂ ਨੇ ਆਪੋ ਆਪਣੇ ਪੇਪਰ ਪੇਸ਼ ਕੀਤੇ। ਇੱਕ ਸੈਸ਼ਨ ਵਿੱਚ ਵਿਦੇਸ਼ਾਂ ਵਿੱਚ ਬੈਠੇ ਨੌਂ-ਦਸ ਪਰਵਾਸੀ ਭਾਰਤੀਆਂ ਨਾਲ ਵਿਚਾਰ-ਵਟਾਂਦਰਾ ਵੀ ਹੋਇਆ। ਪ੍ਰੋ. ਜਗਮੋਹਨ ਸਿੰਘ, ਪ੍ਰੋ. ਜਗਰੂਪ ਸਿੰਘ ਸੇਖੋਂ, ਪ੍ਰੋ. ਬਾਵਾ ਸਿੰਘ ਅਤੇ ਪ੍ਰੋ. ਲਖਵਿੰਦਰ ਸਿੰਘ ਗਿੱਲ ਨੇ ਸੈਸ਼ਨ ਚੇਅਰਪਰਸਨ ਦੀਆਂ ਸੇਵਾਵਾਂ ਨਿਭਾਈਆਂ।

ਉਦਘਾਟਨੀ ਸੈਸ਼ਨ ਵਿੱਚ ਪਰਵਾਸੀ ਭਾਰਤੀ ਮੰਤਰੀ ਨੇ ਪਰਵਾਸੀ ਭਾਰਤੀਆਂ ਦੀ ਪੰਜਾਬ ਨੂੰ ਦੇਣ ਬਾਰੇ ਉਚੇਚਾ ਜ਼ਿਕਰ ਕੀਤਾ। ਉਨ੍ਹਾਂ ਕਿਹਾ, ''ਪਰਵਾਸੀ ਭਾਰਤੀ ਪੰਜਾਬ ਨੂੰ ਮੁੜ ਸੁਰਜੀਤ ਕਰਨ ਦੀਆਂ ਮੁੱਲਵਾਨ ਸੰਭਾਵਨਾਵਾਂ ਰੱਖਦੇ ਹਨ।'' ਸਭਾ ਦੀ ਪ੍ਰਧਾਨ ਨੇ ਡਿਪੋਰਟ ਹੋ ਕੇ ਆਏ ਵਿਅਕਤੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਪਰਵਾਸੀ ਭਾਰਤੀ ਸਭਾ ਦੇ ਪਰਿਵਾਰਕ ਮੈਂਬਰ ਹੋਣ ਦਾ ਅਹਿਦ ਕੀਤਾ। ਸੈਮੀਨਾਰ ਦੇ ਕੁੰਜੀਵਤ ਭਾਸ਼ਨ ਦੌਰਾਨ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਡਾ. ਰੌਣਕੀ ਰਾਮ ਨੇ ਪਰਵਾਸ ਦੇ ਕੈਨਵਸ 'ਤੇ ਇਸ ਖੇਤਰ ਦੀ ਖ਼ੁਸ਼ਹਾਲੀ ਤੇ ਯੋਗਦਾਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਨੈਪੋਲੀਅਨ ਦਾ ਜਨਰਲ ਵੀ ਇੱਥੇ ਰੁਜ਼ਗਾਰ ਲਈ ਆਇਆ ਸੀ। ਉਨ੍ਹਾਂ ਸਿੱਖ ਰਾਜ ਸਮੇਂ ਵਿਦੇਸ਼ੀ ਜਰਨੈਲਾਂ ਤੇ ਸੈਲਾਨੀਆਂ ਦਾ ਜ਼ਿਕਰ ਵੀ ਕੀਤਾ। ਅੰਗਰੇਜ਼ੀ ਹਕੂਮਤ ਤੋਂ ਲੈ ਕੇ ਅੱਜ ਤੱਕ ਉਨ੍ਹਾਂ ਨੇ ਇਸ ਖੇਤਰ ਦੀ ਰਾਜਨੀਤਿਕ-ਆਰਥਿਕ ਵਿਕਾਸ ਦੀ ਮੱਧਮ ਰਫ਼ਤਾਰ ਤੇ ਨੀਵਾਣ ਨੂੰ ਪਰਵਾਸ ਦਾ ਮੂਲ ਕਾਰਨ ਦੱਸਿਆ। ਮੰਚ ਸੰਚਾਲਨ ਦੀ ਸੇਵਾ ਡਾ. ਕੁਲਦੀਪ ਸਿੰਘ ਨੇ ਬਾਖ਼ੂਬੀ ਨਿਭਾਈ।

ਇਟਲੀ ਦੀ ਫਲੋਰੈਂਸ ਯੂਨੀਵਰਸਿਟੀ ਦੀ ਰਿਸਰਚ ਸਕਾਲਰ ਐਨੀਮੀਰੀਆ ਨੇ ਪਾਵਰ ਪੁਆਇੰਟ ਪੇਸ਼ਕਾਰੀ ਰਾਹੀਂ ਪੰਜਾਬ ਤੋਂ ਇਟਲੀ ਹੋ ਰਹੇ ਪਰਵਾਸ ਦੇ ਕਈ ਪੱਖ ਪੇਸ਼ ਕੀਤੇ। ਉਸ ਨੇ ਆਪਣੀ ਅਧਿਐਨ ਆਧਾਰਿਤ, ਪਰਵਾਸ ਕਰ ਰਹੀ ਔਰਤ ਦੇ ਕਿੱਤਾਮੁਖੀ ਵਿਕਾਸ ਲਈ ਵਿੱਤੀ ਸਹਾਇਤਾ, ਦੂਜੀ ਤੇ ਤੀਜੀ ਪੀੜ੍ਹੀ ਲਈ ਸੱਭਿਆਚਾਰਕ ਬਦਲਾਅ ਨੂੰ ਸਹਿਣ ਕਰਨ, ਪੰਜਾਬ ਤੋਂ ਨੌਜਵਾਨਾਂ ਦੇ ਪੱਡੀ ਪੱਧਰ 'ਤੇ ਪਰਵਾਸ ਕਰਨ ਦੇ ਫਾਇਦੇ ਤੇ ਨੁਕਸਾਨ ਦਾ ਮੁਲਾਂਕਣ ਕਰਨ, ਇਟਲੀ ਪਹੁੰਚਣ ਤੋਂ ਪਹਿਲਾਂ ਇਤਾਲਵੀ ਭਾਸ਼ਾ ਸਿੱਖਣ ਅਤੇ ਵੀਜ਼ੇ ਸਬੰਧੀ ਹਾਟ ਲਾਈਨ ਅਤੇ ਕਾਨੂੰਨੀ ਸਹਾਇਤਾ ਪ੍ਰਬੰਧਾਂ ਆਦਿ ਦੀਆਂ ਸਿਫ਼ਾਰਸ਼ਾਂ ਕੀਤੀਆਂ।

ਦੂਜੀ ਖੋਜ ਵਿਦਿਆਰਥਣ ਅਨਮੋਲ ਸਵੈਚ ਨੇ, 'ਏਸ਼ੀਅਨ ਪਰਵਾਸੀ ਨੌਜਵਾਨਾਂ ਵਿੱਚ ਨਸ਼ਿਆਂ ਕਾਰਨ ਹੁੰਦੀਆਂ ਮੌਤਾਂ' ਬਾਰੇ ਆਪਣੀ ਖੋਜ ਪੇਸ਼ ਕੀਤੀ। ਉਹ ਸਿਮਨ ਫਰੇਜ਼ਰ ਯੂਨੀਵਰਸਿਟੀ, ਬਰਨੇਬੇ, ਕੈਨੇਡਾ ਦੀ ਡਾਕਟਰ ਆਫ ਫ਼ਿਲਾਸਫ਼ੀ ਦੀ ਵਿਦਿਆਰਥਣ ਹੈ। ਉਸ ਨੇ ਕਾਨੂੰਨੀ ਪੱਖ ਅਤੇ ਨਸ਼ਾ ਕਰਨ ਵਾਲਿਆਂ ਦੀ ਮਦਦ ਕਰ ਰਹੀਆਂ ਸੰਸਥਾਵਾਂ ਦਾ ਵੀ ਜ਼ਿਕਰ ਕੀਤਾ। ਉਸ ਨੇ ਆਪਣੀ ਗੱਲਬਾਤ ਦਾ ਅੰਤ ਕਰਦਿਆਂ ਇਹ ਕਹਿ ਕੇ ਸਰੋਤਿਆਂ ਨੂੰ ਭਾਵੁਕ ਕਰ ਦਿੱਤਾ ਕਿ ਉਹ ਸੈਮੀਨਾਰ ਤੋਂ ਅਗਲੇ ਦਿਨ ਨਸ਼ਿਆਂ ਕਾਰਨ ਕੈਨੇਡਾ ਵਿਖੇ ਮਰ ਗਏ ਇੱਕ ਨੌਜਵਾਨ ਦੀਆਂ ਅਸਥੀਆਂ ਉਸ ਦੇ ਪਰਿਵਾਰ ਨੂੰ ਭੇਟ ਕਰਨ ਜਾ ਰਹੀ ਹੈ।

ਕੈਨੇਡਾ ਵਾਸੀ ਇੰਦਰਜੀਤ ਸਿੰਘ ਬੱਲ ਜੋ ਕਿ ਇੱਕ ਫਿਊਨਰਲ ਹਾਊਸ ਦੇ ਮੁਖੀ ਹਨ, ਨੇ ਸੈਮੀਨਾਰ ਦੇ ਇੱਕ ਸੈਸ਼ਨ ਦੀ ਪ੍ਰਤੀਨਿਧਤਾ ਕਰਦਿਆਂ ਦੱਸਿਆ ਕਿ ਹਰ ਮਹੀਨੇ ਉਹ ਤਣਾਅ ਕਾਰਨ ਨੌਜਵਾਨਾਂ ਦੀਆਂ ਹੁੰਦੀਆਂ ਮੌਤਾਂ ਦੌਰਾਨ ਔਸਤਨ 5 ਤੋਂ 7 ਲਾਸ਼ਾਂ ਪ੍ਰਤੀ ਮਹੀਨਾ ਪੰਜਾਬ ਭੇਜ ਰਹੇ ਹਨ। ਫਿਰ ਉਹ ਬਰੈਂਪਟਨ ਤੇ ਹੋਰ ਸ਼ਹਿਰਾਂ ਵਿੱਚ ਫਿਊਨਰਲ ਕੇਂਦਰਾਂ ਦੀ ਗਿਣਤੀ ਕਰਨ ਲੱਗੇ। ਸੈਮੀਨਾਰ ਦਾ ਪਹਿਲਾ ਸੈਸ਼ਨ ਸਾਬਕਾ ਆਈਏਐੱਸ ਕਾਹਨ ਸਿੰਘ ਪੰਨੂ ਨੇ ਕੋਆਰਡੀਨੇਟ ਕੀਤਾ। ਇਸ ਸੈਸ਼ਨ ਦੌਰਾਨ ਅਰਥ-ਸ਼ਾਸਤਰੀਆਂ ਡਾ. ਗਿਆਨ ਸਿੰਘ ਅਤੇ ਡਾ. ਸ਼ਾਲਿਨੀ ਸ਼ਰਮਾ ਨੇ ਅੰਕੜਿਆਂ ਆਧਾਰਿਤ ਪਰਵਾਸ ਦੀ ਸਥਿਤੀ 'ਤੇ ਪ੍ਰਭਾਵ ਨੂੰ ਵਿਸਥਾਰ ਪੂਰਵਕ ਪੇਸ਼ ਕੀਤਾ।

ਇਸੇ ਸੈਸ਼ਨ ਵਿੱਚ (ਆਨਲਾਈਨ) ਚੇਅਰਮੈਨ ਅੰਤਰਰਾਸ਼ਟਰੀ ਮਾਈਗ੍ਰੇਸ਼ਨ ਸੈਂਟਰ, ਤਿਰੂਵਨੰਤਪੁਰਮ (ਕੇਰਲਾ) ਪ੍ਰੋ. ਐੱਸ ਇਰੂਰਿਆ ਰਾਜਨ ਨੇ ਪਰਵਾਸ ਦੀ ਰਜਿਸਟ੍ਰੇਸ਼ਨ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਕੇਰਲਾ ਪ੍ਰਾਂਤ ਕੋਲ ਹਰ ਵਿਦੇਸ਼ ਗਏ ਵਿਅਕਤੀ ਦੇ ਅੰਕੜੇ ਮੌਜੂਦ ਹਨ। ਪਰਵਾਸੀ ਕਿੱਥੇ ਗਿਆ, ਕਿਸ ਏਜੰਸੀ ਰਾਹੀਂ ਗਿਆ, ਸਰਕਾਰੀ ਤੌਰ 'ਤੇ ਅਜਿਹੇ ਸੈਂਟਰ ਆਪਣੇ ਨਾਗਰਿਕਾਂ ਦੀ ਵਿਦੇਸ਼ਾਂ ਵਿੱਚ ਵੀ ਸੰਭਾਲ ਕਰਦੇ ਹਨ। ਉਨ੍ਹਾਂ ਕਿਹਾ ਕਿ ਸਾਲ 2010 ਦੌਰਾਨ ਮੈਂ ਪਰਵਾਸ ਦੇ ਵਹਾਅ ਤੇ ਰੁਝਾਨ ਨੂੰ ਵੇਖਣ ਲਈ ਪੰਜਾਬ ਅਤੇ ਗੁਜਰਾਤ ਆਇਆ ਸੀ। ਪੰਜਾਬ ਵਿੱਚ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਕੰਪਨੀਆਂ ਤੇ ਸੈਂਟਰ ਵਿਦੇਸ਼ ਭੇਜਣ ਲਈ ਨੌਜਵਾਨਾਂ ਤੋਂ ਵੱਡੀਆਂ ਰਕਮਾਂ ਵਸੂਲ ਕਰ ਰਹੇ ਹਨ। ਕੇਰਲਾ ਵਿੱਚ ਨਰਸਾਂ ਤੇ ਹੈਲਥਕੇਅਰ ਔਰਤ ਵਰਕਰਾਂ ਦੇ ਪਰਵਾਸ ਤੇ ਉਨ੍ਹਾਂ ਨੂੰ ਸ਼ੋਸ਼ਣ ਤੋਂ ਬਚਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ। ਉੱਥੇ ਨਾਨ-ਰੈਜ਼ੀਡੈਂਟ ਕੇਰਲਾਈਟ ਅਫੇਰਜ਼' (NORK1) ਵਰਗੀਆਂ ਕਈ ਸੰਸਥਾਵਾਂ ਪਰਵਾਸ ਨੂੰ ਸੁਚਾਰੂ ਬਣਾਉਣ ਲਈ ਯਤਨਸ਼ੀਲ ਹਨ।

ਵਿਦੇਸ਼ਾਂ ਤੋਂ ਆਨਲਾਈਨ ਸੈਸ਼ਨ ਦੌਰਾਨ ਇੰਗਲੈਂਡ ਤੋਂ ਸ. ਸਰਦੂਲ ਸਿੰਘ ਮਰਵਾ ਨੇ ਕਿਹਾ, ''ਸਾਡਾ ਰੋਮ-ਰੋਮ ਪੰਜਾਬ ਲਈ ਤਰਸਦਾ ਹੈ। ਰਾਜਨੀਤਕ ਲੋਕਾਂ ਦੇ ਗਲ਼ਾਂ ਵਿੱਚ ਹਾਰ ਪਾਉਣੇ ਬੰਦ ਕਰ ਦਿਓ, ਬਲਕਿ ਉਨ੍ਹਾਂ ਨੂੰ ਸਵਾਲ ਪੁੱਛੋ।'' ਅਮਰੀਕਾ ਤੋਂ ਡਾ. ਗੁਰਬਖ਼ਸ਼ ਸਿੰਘ ਭੰਡਾਲ ਨੇ ਕਿਹਾ ਕਿ ''ਪਰਵਾਸ, ਪਰਵਾਸ ਲਈ ਯੋਗ ਹੋ ਕੇ ਹੀ ਕਰਨਾ ਚਾਹੀਦਾ ਹੈ।'' ''ਪਰਵਾਸ ਕਰਨ ਵਾਲੇ ਨੌਜਵਾਨਾਂ ਨੂੰ ਚੁਬਾਰਿਆਂ ਵਾਲੇ ਕਾਲਜਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ'' ਕਹਿ ਕੇ ਅਮਰੀਕਾ ਵਾਸੀ ਓਂਕਾਰ ਸਿੰਘ ਨੇ ਨੌਜਵਾਨਾਂ ਨੂੰ ਚੌਕਸ ਕੀਤਾ। ਐਡਮਿੰਟਨ ਵਾਸੀ ਡਾ. ਆਰ.ਪੀ. ਕਾਲੀਆ ਅਨੁਸਾਰ, ''ਪੰਜਾਬ ਦੇ ਨੌਜਵਾਨ ਖੇਤੀ ਸੰਕਟ, ਨਸ਼ੇ, ਬੇਰੁਜ਼ਗਾਰੀ, ਮਾੜੇ ਪ੍ਰਸ਼ਾਸਨ ਅਤੇ ਝੂਠੀ ਇਸ਼ਤਿਹਾਰਬਾਜ਼ੀ ਦੀ ਲਪੇਟ ਵਿੱਚ ਆ ਕੇ ਵੱਡੇ ਨੁਕਸਾਨ ਉਠਾ ਚੁੱਕੇ ਹਨ। ਰੈੱਡ ਐੱਫਐੱਮ ਰੇਡੀਓ ਦੇ ਪ੍ਰਤੀਨਿਧ ਰਿਸ਼ੀ ਨਾਗਰ ਨੇ ਕੈਨੇਡਾ ਪਹੁੰਚੇ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਸਾਂਝੀਆਂ ਕੀਤੀਆਂ। ਕੈਨੇਡਾ ਤੋਂ ਡਾ. ਅਮਰਜੀਤ ਸਿੰਘ ਭੁੱਲਰ ਨੇ ਪਰਵਾਸ ਕਾਰਨ ਪੰਜਾਬ ਦੇ ਹੋ ਰਹੇ ਵੱਡੇ ਆਰਥਿਕ ਨੁਕਸਾਨ 'ਤੇ ਚਿੰਤਾ ਜ਼ਾਹਰ ਕੀਤੀ। ਉਨ੍ਹਾਂ 'ਕੈਪੀਟਲ ਫਲਾਈਟ' ਦੇ ਸੰਭਾਵੀ ਵੱਡੇ ਆਰਥਿਕ ਨੁਕਸਾਨ ਨੂੰ ਵੀ ਛੋਹਿਆ।

ਪੰਜਾਬ ਪਰਵਾਸ ਵਿੱਚ ਦਿਲਚਸਪੀ ਰੱਖਣ ਵਾਲੀ ਫਰਾਂਸ ਮੂਲ ਦੀ ਡਾ. ਕ੍ਰਿਸਟੀਨ ਮੋਲੀਨਰ (ਜਿੰਦਲ ਯੂਨੀਵਰਸਿਟੀ, ਦਿੱਲੀ) ਨੇ ਬੇਰੁਜ਼ਗਾਰੀ, ਬੇਉਮੀਦਗੀ, ਭ੍ਰਿਸ਼ਟਾਚਾਰ ਤੇ ਮਾੜੇ ਪ੍ਰਸ਼ਾਸਨ ਨੂੰ ਮੂਲ ਰੂਪ ਵਿੱਚ ਇਸ ਦਾ ਜ਼ਿੰਮੇਵਾਰ ਠਹਿਰਾਇਆ। ਉਸ ਨੇ ਕਿਹਾ ਕਿ ਜ਼ਿੰਦਗੀ ਜਿਊਣ ਦੀ ਖੁੱਲ੍ਹ, ਸਮਾਜਿਕ ਦਬਾਅ ਅਤੇ ਪਰਵਾਸ ਕਲਚਰ ਨੇ ਵੀ ਪਰਵਾਸ ਲਈ ਮਹੱਤਵਪੂਰਨ ਰੋਲ ਨਿਭਾਇਆ ਹੈ। ਉਸ ਅਨੁਸਾਰ ਲੋਕਾਂ ਦੀ ਆਪਣੀ ਜ਼ੁਬਾਨ ਵਿੱਚ, ''ਸਾਨੂੰ ਸਰਕਾਰੀ ਤੰਤਰ 'ਤੇ ਕੋਈ ਉਮੀਦ ਨਹੀਂ ਰਹੀ... ਇਮਾਨਦਾਰੀ ਨਾਲ ਇੱਥੇ ਕੁਝ ਵੀ ਨਹੀਂ ਕੀਤਾ ਜਾ ਸਕਦਾ। ਅਸੀਂ ਆਪਣੇ ਬੱਚਿਆਂ ਨੂੰ ਫ਼ੌਜ ਵਿੱਚ ਭਰਤੀ ਕਰਵਾਉਣ ਲਈ ਪੂਰੀ ਵਾਹ ਲਾਈ, ਪਰ ਉਹ ਭਰਤੀ ਨਹੀਂ ਹੋ ਸਕੇ... ਇੱਥੇ ਮਿਹਨਤ ਦਾ ਮਾਣ ਤੇ ਮੁੱਲ ਨਹੀਂ ਹੈ, ਜਦਕਿ ਕੈਨੇਡਾ ਵਿੱਚ ਤੁਹਾਡੇ ਇੱਕ ਮਿੰਟ ਦੀ ਮਿਹਨਤ ਨੂੰ ਵੀ ਮਾਣ ਨਾਲ ਨਿਵਾਜਿਆ ਜਾਂਦਾ ਹੈ।''

ਕਿਸਾਨ ਅੰਦੋਲਨ ਤੋਂ ਬਾਅਦ ਪੰਜਾਬ ਦੀਆਂ ਸਮੱਸਿਆਵਾਂ ਵਿੱਚ ਦਿਲਚਸਪੀ ਰੱਖਣ ਵਾਲੇ ਕੁਝ ਫ੍ਰੀਲਾਂਸ ਪੱਤਰਕਾਰ ਵੀ ਇਸ ਸੈਮੀਨਾਰ ਵਿੱਚ ਪਹੁੰਚੇ ਹੋਏ ਸਨ। ਉਨ੍ਹਾਂ ਵਿੱਚੋਂ ਮੈਂ ਅਮੀਰ ਮਲਿਕ ਨੂੰ ਸੁਣਿਆ ਜੋ ਪਿਛਲੇ ਦੋ ਵਰ੍ਹਿਆਂ ਦੌਰਾਨ ਪ੍ਰਾਂਤ ਦੇ ਕਈ ਜ਼ਿਲ੍ਹਿਆਂ 'ਚ ਜ਼ਮੀਨੀ ਪੱਧਰ 'ਤੇ ਵਿਚਰਿਆ।

ਉਸ ਨੇ ਕਿਹਾ ਕਿ ਬੇਰੁਜ਼ਗਾਰੀ, ਅਗਵਾਈ ਦੀ ਅਣਹੋਂਦ ਅਤੇ ਨਸ਼ਿਆਂ ਆਦਿ ਦੇ ਹਾਲਤ ਨੇ ਨੌਜਵਾਨਾਂ ਨੂੰ ਡੌਂਕੀ ਲਾਉਣ ਲਈ ਮਜਬੂਰ ਕੀਤਾ, ਅੱਲੜ੍ਹ ਉਮਰ ਦੇ ਬੱਚਿਆਂ ਨੂੰ ਹਰ ਹੀਲੇ-ਵਸੀਲੇ ਪਰਵਾਸ ਲਈ ਉਕਸਾਇਆ। ਫਿਰ ਉਹ ਰੁਕਿਆ ਅਤੇ ਆਪਣੀਆਂ ਕਾਪੀਆਂ ਫਰੋਲਣ ਲੱਗਾ, ''ਇੱਕ ਨੌਜਵਾਨ ਮੈਨੂੰ ਗੁਰਦਾਸਪੁਰ ਜ਼ਿਲ੍ਹੇ ਵਿੱਚ ਮਿਲਿਆ ਸੀ। ਉਸ ਦਾ ਬਾਪ ਸ਼ਰਾਬ ਪੀ ਕੇ ਮਰਿਆ। ਉਹ ਥੋੜ੍ਹੀ ਦੇਰ ਡਰਾਇਵਰੀ ਕਰਦਾ ਰਿਹਾ। ਗਰਮੀਆਂ ਦੇ ਦਿਨਾਂ ਵਿੱਚ ਪਿੰਡ ਦੇ ਮੁੰਡਿਆਂ ਨਾਲ ਅਪਰ ਬਾਰੀ ਦੁਆਬ ਕਨਾਲ ਵਿੱਚ ਨਹਾਉਣ ਆਇਆ ਤੇ ਇੱਕ ਅਜਿਹੇ ਵਿਅਕਤੀ ਨੂੰ ਮਿਲਿਆ ਜੋ ਨਹਿਰ ਵਿੱਚੋਂ ਲਾਸ਼ਾਂ ਕੱਢਣ ਦਾ ਕੰਮ ਕਰਦਾ ਸੀ। ਇਹੀ ਉਸ ਨੌਜਵਾਨ ਦਾ ਧੰਦਾ ਬਣ ਗਿਆ। ਉਹ ਕਹਿੰਦਾ ਮੇਰੇ ਉਸਤਾਦ ਹਜ਼ਾਰ ਦੇ ਲਗਭਗ ਲਾਸ਼ਾਂ ਨਹਿਰ ਵਿੱਚੋਂ ਕੱਢ ਚੁੱਕੇ ਹਨ। ਬਹੁਤੇ ਮਰਨ ਵਾਲੇ ਆਤਮ ਹੱਤਿਆਵਾਂ ਵਾਲੇ ਹੁੰਦੇ ਹਨ। ਜਦ ਉਸ ਨੂੰ ਪੁੱਛਿਆ ਕਿ ਤੁਸੀਂ ਕੀ ਕਰਨਾ ਚਾਹੁੰਦੇ ਹੋ, ਤਾਂ ਉਹ ਉਦਾਸ ਮੁਦਰਾ 'ਚ ਬੋਲਿਆ, 'ਬਾਹਰਲੇ ਮੁਲਕ ਜਾਣਾ।' ਫਿਰ ਉਹ ਟਰੈਵਲ ਏਜੰਟਾਂ ਤੇ ਹਵਾਈ ਅੱਡਿਆਂ ਤੋਂ ਵਾਪਸ ਮੁੜਨ ਦੀਆਂ ਗੱਲਾਂ ਕਰਨ ਲੱਗਾ।''

ਇੱਥੋਂ ਮਜਬੂਰ ਕਰਨ ਵਾਲੇ ਤੇ ਓਧਰ ਖਿੱਚ ਪਾਉਣ ਵਾਲੇ ਕਾਰਨਾਂ ਬਾਰੇ ਲਗਭਗ ਹਰ ਸਪੀਕਰ ਨੇ ਚਰਚਾ ਕੀਤੀ। ਵਿਸ਼ੇ ਦੇ ਹਰ ਪੱਖ 'ਤੇ ਡੂੰਘਾ ਚਿੰਤਨ ਹੋਇਆ। ਕਈ ਸਵਾਲਾਂ ਦੇ ਉੱਤਰ ਵਿਚਾਰੇ ਗਏ, ਕਈ ਉੱਤਰ ਫਿਰ ਸਵਾਲ ਬਣ ਗਏ। ਦੂਜੇ ਦਿਨ ਦੀ ਸ਼ਾਮ ਨੂੰ ਜਦ ਮੈਂ ਘਰ ਪਰਤਿਆ ਤਾਂ ਇੱਕ ਸਨੇਹੀ ਨੇ ਡੱਬਾ ਅੱਗੇ ਕਰਦਿਆਂ ਕਿਹਾ, ''ਪੂਰਾ ਲੱਡੂ ਚੱਕੋ, ਮੇਰੇ ਪੁੱਤ ਨੂੰ ਅਸਟਰੇਲੀਆ ਦੀ ਪੀ.ਆਰ. ਮਿਲ ਗਈ ਹੈ।'' ਹੁਣ 'ਪੰਜਾਬ' ਨੇ ਮੇਰੇ ਅੱਗੇ ਸਵਾਲਾਂ ਦੀ ਝੜੀ ਲਾ ਦਿੱਤੀ।

# ਟਰੰਪ ਨੇ ਗੈਰ-ਕਾਨੂੰਨੀ ਪ੍ਰਵਾਸੀਆਂ 'ਆਪਣੇ ਆਪ ਅਮਰੀਕਾ ਛੱਡਣ' ਦੀ ਹਦਾਇਤ ਦਿੱਤੀ

## ਨਵੀਂ 'ਸੈਲਫ-ਡਿਪੋਰਟੇਸ਼ਨ' ਐਪ ਦੀ ਲਾਂਚ ਕਰਨ ਦੀ ਕੀਤੀ ਘੋਸ਼ਣਾ




ਵਾਸ਼ਿੰਗਟਨ – ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਗ਼ੈਰਕਾਨੂੰਨੀ ਤਰੀਕੇ ਨਾਲ ਰਹਿ ਰਹੇ ਪ੍ਰਵਾਸੀਆਂ ਨੂੰ "ਆਪਣੇ ਆਪ ਦੇਸ਼ ਛੱਡਣ" ਦੀ ਨਸੀਹਤ ਦਿੱਤੀ ਹੈ। ਮੰਗਲਵਾਰ ਸਵੇਰੇ ਵ੍ਹਾਈਟ ਹਾਊਸ ਵਲੋਂ ਜਾਰੀ ਕੀਤੀ ਗਈ ਇੱਕ 90 ਸਕਿੰਟ ਦੀ ਵੀਡੀਓ ਵਿੱਚ, ਟਰੰਪ ਨੇ ਕਿਹਾ, "ਜੋ ਲੋਕ ਅਮਰੀਕਾ ਵਿੱਚ ਗੈਰਕਾਨੂੰਨੀ ਢੰਗ ਨਾਲ ਰਹਿ ਰਹੇ ਹਨ, ਉਹ ਆਪਣੀ ਮਰਜ਼ੀ ਨਾਲ ਵਾਪਸ ਜਾ ਸਕਦੇ ਹਨ – ਜੋ ਕਿ ਆਸਾਨ ਵਿਕਲਪ ਹੈ। ਨਹੀਂ ਤਾਂ, ਉਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਜ਼ਬਰਦਸਤ ਡਿਪੋਰਟ ਕੀਤਾ ਜਾਵੇਗਾ, ਜੋ ਕਿ ਆਸਾਨ ਨਹੀਂ ਹੋਵੇਗਾ।"

ਉਹਨਾਂ ਨੇ ਇੱਕ ਨਵੀਂ 'ਸੈਲਫ-ਡਿਪੋਰਟੇਸ਼ਨ' ਐਪ ਦੀ ਘੋਸ਼ਣਾ ਵੀ ਕੀਤੀ, ਜਿਸ ਨੂੰ 'ਛਭਫ ਹੋਮ' ਨਾਮ ਦਿੱਤਾ ਗਿਆ ਹੈ।

ਇਹ ਐਪ, ਜੋ ਕਿ ਅਮਰੀਕੀ ਸੀਮਾ ਅਤੇ ਤਰੀਕਤ ਸੰਭਾਲ ਵਿਭਾਗ (CBP) ਨੇ ਤਿਆਰ ਕੀਤੀ ਹੈ, ਇਮਿਗ੍ਰੈਂਟਸ ਨੂੰ ਆਪਣੇ ਆਪ ਰਜਿਸਟਰ ਕਰਨ ਅਤੇ ਦੇਸ਼ ਛੱਡਣ ਦੀ ਸੌਖੀ ਪ੍ਰਕਿਰਿਆ ਮੁਹੱਈਆ ਕਰੇਗੀ।

ਇਹ CBP One ਐਪ ਦੀ ਜਗ੍ਹਾ ਲਵੇਗੀ, ਜਿਸ ਨੂੰ ਸਾਬਕਾ ਰਾਸ਼ਟਰਪਤੀ ਜੋ ਬਾਈਡਨ ਦੇ ਸ਼ਾਸਨ ਦੌਰਾਨ ਸ਼ੁਰੂ ਕੀਤਾ ਗਿਆ ਸੀ।

CBP One ਦੌਰਾਨ, ਲਗਭਗ 10 ਲੱਖ ਇਮਿਗ੍ਰੈਂਟਸ ਨੇ ਮੈਕਸੀਕੋ ਵਿੱਚ ਹੋਣ ਦੇ ਬਾਵਜੂਦ, ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖ਼ਲ ਹੋਣ ਲਈ ਮੁਲਾਕਾਤਾਂ ਨਿਯਤ ਕੀਤੀਆਂ ਸਨ। ਪਰ, ਟਰੰਪ ਨੇ ਆਪਣਾ ਕਾਰਜਭਾਰ ਸੰਭਾਲਦੇ ਹੀ CBP One ਨੂੰ ਬੰਦ ਕਰ ਦਿੱਤਾ ਸੀ।

ਇਹ ਐਪ 200 ਮਿਲੀਅਨ ਡਾਲਰ ਦੀ ਵੱਡੀ ਸਰਕਾਰੀ ਯੋਜਨਾ ਦਾ ਹਿੱਸਾ ਹੈ, ਜਿਸ ਵਿੱਚ ਵਿਦੇਸ਼ੀਆਂ ਨੂੰ ਆਪਣੀ ਮਰਜ਼ੀ ਨਾਲ ਦੇਸ਼ ਛੱਡਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

ਇਸ ਮੁਹਿੰਮ ਵਿੱਚ ਹੋਮਲੈਂਡ ਸੁਰੱਖਿਆ ਸਕੱਤਰ, ਕਰਿਸਟੀ ਨੋਮ ਵੀ ਇੱਕ ਮਹੱਤਵਪੂਰਨ ਚਿਹਰਾ ਬਣੀ ਹੋਈ ਹੈ ਜਿਨ੍ਹਾਂ ਨੇ ਵੀਡੀਓ ਮੈਸੇਜ ਵਿੱਚ ਕਿਹਾ, "ਟਰੰਪ ਦੀ ਸਰਕਾਰ ਦਾ ਇੱਕ ਸਪੱਸ਼ਟ ਸੁਨੇਹਾ ਹੈ – ਜੇਕਰ ਤੁਸੀਂ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ 'ਚ ਰਹਿ ਰਹੇ ਹੋ, ਤਾਂ ਹੁਣ ਹੀ ਦੇਸ਼ ਛੱਡੋ। ਨਹੀਂ ਤਾਂ, ਅਸੀਂ ਤੁਹਾਨੂੰ ਲੱਭ ਲਵਾਂਗੇ ਅਤੇ ਤੁਹਾਨੂੰ ਕਦੇ ਮੁੜ ਆਉਣ ਨਹੀਂ ਦਿੱਤਾ ਜਾਵੇਗਾ।" ਉਨ੍ਹਾਂ ਨੇ ਅੰਤ ਵਿੱਚ ਕਿਹਾ, "ਚੋਣ ਤੁਹਾਡੀ ਹੈ। ਅਮਰੀਕਾ ਸਵਾਗਤ ਕਰਦਾ ਹੈ, ਜੋ ਕਾਨੂੰਨ ਦੀ ਇਜ਼ਤ ਕਰਦੇ ਹਨ। ਕਿਉਂਕਿ ਇੱਕ ਮਜ਼ਬੂਤ ਰਾਸ਼ਟਰ, ਇੱਕ ਸੁਰੱਖਿਅਤ ਰਾਸ਼ਟਰ ਹੁੰਦਾ ਹੈ।"

ਇਸ ਸਬੰਧੀ ਵਿਗਿਆਪਨ ਫਿਲਡੈਲਫੀਆ, ਬੋਸਟਨ ਅਤੇ ਡੈਲਸ ਵਰਗੇ ਵੱਡੇ ਅਮਰੀਕੀ ਸ਼ਹਿਰਾਂ ਵਿੱਚ ਚੱਲ ਰਹੇ ਹਨ। ਇਸ ਤੋਂ ਇਲਾਵਾ, ਕੈਲੀਫੋਰਨੀਆ, ਨਿਊਯਾਰਕ, ਫਲੋਰੀਡਾ ਅਤੇ ਨਿਊ ਜਰਸੀ ਵਰਗੇ ਰਾਜਾਂ ਵਿੱਚ ਵੀ ਇਹ ਐਡਸ ਪ੍ਰਸਾਰਿਤ ਹੋ ਰਹੀਆਂ ਹਨ।

ਰਿਪੋਰਟ ਮੁਤਾਬਕ, ਇਹ ਨਵੀਂ ਨੀਤੀ ਟਰੰਪ ਦੇ 2024 ਚੋਣ ਮੁਹਿੰਮ ਦਾ ਇੱਕ ਮਹੱਤਵਪੂਰਨ ਹਿੱਸਾ ਸੀ।

ਇਸ ਨੀਤੀ ਨੂੰ ਲੈ ਕੇ, ਇਮੀਗ੍ਰੇਸ਼ਨ ਅਧਿਕਾਰੀਆਂ, ਹੱਕਾਂ ਦੀ ਰੱਖਿਆ ਕਰਨ ਵਾਲੀਆਂ ਸੰਸਥਾਵਾਂ ਅਤੇ ਲੋਕਾਂ ਵੱਲੋਂ ਵੱਡੇ ਪੱਧਰ 'ਤੇ ਵਿਰੋਧ ਹੋ ਰਿਹਾ ਹੈ।

ਕਈ ਨੇ ਦਾਅਵਾ ਕੀਤਾ ਕਿ CBP One ਨੂੰ ਅਚਾਨਕ ਬੰਦ ਕਰਨਾ ਅਤੇ ਨਵੀਂ ਐਪ ਰਾਹੀਂ ਸੈਲਫ-ਡਿਪੋਰਟੇਸ਼ਨ ਨੂੰ ਉਤਸ਼ਾਹਿਤ ਕਰਨਾ, ਵਿਦੇਸ਼ੀਆਂ ਦੀ ਸਮੱਸਿਆਵਾਂ ਨੂੰ ਹਾਲ ਕਰਨ ਦੀ ਬਜਾਏ, ਹੋਰ ਵਧਾ ਸਕਦਾ ਹੈ।

ਇੱਕ ਇਮੀਗ੍ਰੇਸ਼ਨ ਮਾਹਿਰ ਨੇ ਕਿਹਾ ਕਿ "ਇਹ ਨੀਤੀ ਕਾਨੂੰਨੀ ਦਾਖ਼ਲਿਆਂ ਨੂੰ ਘੱਟ ਕਰ ਸਕਦੀ ਹੈ ਅਤੇ ਵਿਦੇਸ਼ੀ ਕੰਮਿਆਂ ਤੇ ਪ੍ਰਭਾਵ ਪਾ ਸਕਦੀ ਹੈ,"

ਜ਼ਿਕਰਯੋਗ ਹੈ ਕਿ ਟਰੰਪ ਸਰਕਾਰ ਨੇ 2025 ਤੱਕ 10 ਲੱਖ ਵਿਦੇਸ਼ੀਆਂ ਨੂੰ ਬਾਹਰ ਕੱਢਣ ਦਾ ਟੀਚਾ ਰੱਖਿਆ ਹੈ। ਇਸ ਕਰਕੇ, ਇਮੀਗ੍ਰੇਸ਼ਨ ਨੀਤੀਆਂ ਵਿੱਚ ਹੋ ਰਹੇ ਤਬਦੀਲੀਆਂ 'ਤੇ ਅਗਲੇ ਕੁੱਝ ਮਹੀਨਿਆਂ ਵਿੱਚ ਵੱਧ ਧਿਆਨ ਦਿੱਤਾ ਜਾ ਰਿਹਾ ਹੈ।

# ਯੂਰਪੀ ਯੂਨੀਅਨ ਨੇ ਟਰੰਪ ਦੇ ਟੈਰਿਫ਼ਾਂ ਵਿਰੁੱਧ ਕਾਰਵਾਈ ਅਪ੍ਰੈਲ ਤੱਕ ਟਾਲੀ



ਜਨੇਵਾ : ਯੂਰਪੀ ਯੂਨੀਅਨ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਗਾਏ ਗਏ ਟੈਰਿਫ਼ਾਂ ਦੇ ਜਵਾਬ ਵਜੋਂ ਤੈਅ ਕੀਤੀਆਂ ਪਹਿਲੀਆਂ ਕਾਰਵਾਈਆਂ ਨੂੰ ਮਧ-ਅਪ੍ਰੈਲ ਤੱਕ ਟਾਲ ਦਿੱਤਾ ਹੈ। ਅਰੰਭਕ ਤੌਰ 'ਤੇ, ਯੂਰਪੀ ਕਮਿਸ਼ਨ ਨੇ 4.5 ਅਰਬ ਯੂਰੋ ($4.9 ਅਰਬ) ਅਮਰੀਕੀ ਉਤਪਾਦਾਂ 'ਤੇ 1 ਅਪ੍ਰੈਲ ਤੋਂ 2018 ਵਾਲੇ ਟੈਰਿਫ਼ ਮੁੜ ਲਾਗੂ ਕਰਨ ਦਾ ਯੋਜਨਾ ਬਣਾਈ ਸੀ।

ਇਸ ਤੋਂ ਬਾਅਦ, 13 ਅਪ੍ਰੈਲ ਨੂੰ 18 ਅਰਬ ਯੂਰੋ ਦੇ ਹੋਰ ਅਮਰੀਕੀ ਉਤਪਾਦਾਂ 'ਤੇ ਸ਼ੁਲਕ ਲਗਾਉਣ ਦੀ ਯੋਜਨਾ ਸੀ।

ਪਰ ਯੂਰਪੀ ਵਪਾਰ ਕਮਿਸ਼ਨਰ ਮਾਰੋਸ ਸੈਫ਼ਕੋਵਿਕ ਨੇ ਬੁੱਧਵਾਰ ਨੂੰ ਯੂਰਪੀ ਸੰਸਦ 'ਚ ਕਿਹਾ ਕਿ ਹੁਣ ਇਹ ਦੋਵੇਂ ਕਾਰਵਾਈਆਂ ਨੂੰ ਇੱਕੋ ਸਮੇਂ ਲਾਗੂ ਕਰਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ: "ਇਸ ਨਾਲ ਮੈਂਬਰ ਦੇਸ਼ਾਂ ਨਾਲ ਦੋਹਾਂ ਸੂਚੀਆਂ 'ਤੇ ਇੱਕੋ ਸਮੇਂ ਵਿਚਾਰ-ਵਟਾਂਦਰਾ ਹੋ ਸਕੇਗਾ, ਅਤੇ ਇਹ ਅਮਰੀਕਾ ਨਾਲ ਹੋਣ ਵਾਲੀਆਂ ਗੱਲਬਾਤਾਂ ਲਈ ਵੀ ਵਾਧੂ ਸਮਾਂ ਮਿਲੇਗਾ।"

ਯੂ.ਈ. ਨੇ ਅਮਰੀਕੀ ਬੋਰਬਨ 'ਤੇ 50% ਟੈਕਸ ਲਗਾਉਣ ਦੀ ਯੋਜਨਾ ਬਣਾਈ ਸੀ, ਜਿਸਦੇ ਜਵਾਬ 'ਚ ਟਰੰਪ ਨੇ ਚੇਤਾਵਨੀ ਦਿੱਤੀ ਕਿ ਜੇਕਰ ਯੂਰਪ ਨੇ ਇਹ ਕਦਮ ਚੁੱਕਿਆ ਤਾਂ ਉਹ ਯੂਰਪੀ ਸ਼ਰਾਬ ਤੇ ਹੋਰ ਉਤਪਾਦਾਂ 'ਤੇ 200% ਟੈਕਸ ਲਗਾ ਦੇਵੇਗਾ। ਅਜਿਹੇ ਹਾਲਾਤਾਂ 'ਚ, ਯੂ.ਈ. ਦੇ ਕੁਝ ਮੈਂਬਰ ਦੇਸ਼ ਅਮਰੀਕਾ ਨਾਲ ਵਪਾਰਕ ਸੰਕਟ ਨੂੰ ਹੋਰ ਭੜਕਾਉਣ 'ਚ ਹਚਕਚਾਹਟ ਮਹਿਸੂਸ ਕਰ ਰਹੇ ਹਨ। ਫਰਾਂਸੀਸੀ ਪ੍ਰਧਾਨ ਮੰਤਰੀ ਫਰਾਂਸੋਆ ਬੈਰੂ ਨੇ ਕਿਹਾ ਕਿ ਯੂ.ਈ. ਨੇ ਸ਼ਾਇਦ ਅਮਰੀਕੀ ਵਿਸਕੀ ਨੂੰ ਨਿਸ਼ਾਨਾ ਬਣਾਕੇ ਗਲਤੀ ਕੀਤੀ ਹੈ।ਇਟਲੀ ਦੀ ਪ੍ਰਧਾਨ ਮੰਤਰੀ ਜੌਰਜੀਆ ਮੈਲੋਨੀ ਨੇ ਵੀ ਉ ਸਾਥੀਆਂ ਨੂੰ ਅਮਰੀਕਾ ਨਾਲ ਵਪਾਰਕ ਤਣਾਅ ਵਧਾਉਣ ਤੋਂ ਰੋਕਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ: "ਮੈਂ ਪੂਰੀ ਤਰ੍ਹਾਂ ਟੈਰਿਫ਼ਾਂ ਦਾ ਜਵਾਬ ਹੋਰ ਟੈਰਿਫ਼ ਲਗਾ ਕੇ ਦੇਣ 'ਤੇ ਯਕੀਨ ਨਹੀਂ ਰੱਖਦੀ।"ਆਇਰਲੈਂਡ ਦੇ ਪ੍ਰਧਾਨ ਮੰਤਰੀ ਮਾਈਕਲ ਮਾਰਟਿਨ ਨੇ ਕਿਹਾ ਕਿ ਯੂਰਪ ਨੇ ਆਪਣੇ ਨਿਰਣਿਆਂ 'ਤੇ ਸੋਚਣ ਲਈ ਹੋਰ ਸਮਾਂ ਲੈਣਾ ਸਹੀ ਹੈ।

# ਨਾਸਾ ਦੇ ਪੁਲਾੜ ਯਾਤਰੀ ਬੁਚ ਵਿਲਮੋਰ ਅਤੇ ਸੁਨੀਤਾ ਵਿਲੀਅਮਜ਼ 286 ਦਿਨਾਂ ਬਾਅਦ ਧਰਤੀ 'ਤੇ ਪਰਤੇ ਵਾਪਸ

ਵਾਸ਼ਿੰਗਟਨ : ਨੌਂ ਮਹੀਨਿਆਂ ਤੋਂ ਵੱਧ ਸਮੇਂ ਤਕ ਪੁਲਾੜ 'ਚ ਫਸੇ ਰਹਿਣ ਤੋਂ ਬਾਅਦ, ਨਾਸਾ ਦੇ ਪੁਲਾੜ ਯਾਤਰੀ ਬੁਚ ਵਿਲਮੋਰ ਅਤੇ ਸੁਨੀ ਵਿਲੀਅਮਜ਼ ਮੰਗਲਵਾਰ ਨੂੰ ਸੁਰੱਖਿਅਤ ਧਰਤੀ 'ਤੇ ਵਾਪਸ ਲਿਆਂਦਾ ਗਿਆ।

ਉਹਨਾਂ ਦੀ ਸਪੇਸਐਕਸ ਕੈਪਸੂਲ ਸ਼ਾਮੀਂ ਗਲਫ ਆਫ ਮੈਕਸੀਕੋ 'ਚ ਉਤਰੀ, ਕੁਝ ਘੰਟਿਆਂ ਬਾਅਦ ਉਹ ਅੰਤਰਰਾਸ਼ਟਰੀ ਪੁਲਾੜ ਕੇਂਦਰ (ਇਸ਼ਸ਼) ਤੋਂ ਰਵਾਨਾ ਹੋਏ। ਉਨ੍ਹਾਂ ਨੂੰ ਫਲੋਰੀਡਾ ਦੇ ਤਾਲਾਹਾਸੀ ਤਟ ਦੇ ਨੇੜੇ ਉਤਾਰਿਆ ਗਿਆ। ਜ਼ਿਕਰਯੋਗ ਹੈ ਕਿ ਉਨ੍ਹਾਂ ਦੀ ਪੁਲਾੜ ਯਾਤਰਾ ਦੀ ਸ਼ੁਰੂਆਤ ਪਿਛਲੇ ਸਾਲ ਜੂਨ 5 ਨੂੰ ਹੋਈ ਸੀ, ਜਦ ਉਹ ਬੋਇੰਗ ਦੀ ਨਵੀਂ "ਸਟਾਰਲਾਈਨਰ" ਕੈਪਸੂਲ ਰਾਹੀਂ ਪੁਲਾੜ ਲਈ ਰਵਾਨਾ ਹੋਏ। ਯੋਜਨਾ ਮੁਤਾਬਕ, ਉਹ ਕੇਵਲ ਇੱਕ ਹਫ਼ਤਾ ਪੁਲਾੜ ਰਹਿਣਾ ਸੀ, ਪਰ ਆਈਆਂ ਬਹੁਤ ਸਾਰੀਆਂ ਤਕਨੀਕੀ ਸਮੱਸਿਆਵਾਂ ਕਰਕੇ ਲੰਬਾ ਸਮਾਂ ਉਹ ਪੁਲਾੜ 'ਚ ਹੀ ਫਸੇ ਰਹਿ ਗਏ ਸਨ।

ਨਾਸਾ ਨੇ ਆਖ਼ਿਰਕਾਰ ਬੋਇੰਗ ਦੀ ਸਟਾਰਲਾਈਨਰ ਕੈਪਸੂਲ ਨੂੰ ਖ਼ਾਲੀ ਵਾਪਸ ਭੇਜਣ ਦਾ ਫ਼ੈਸਲਾ ਕੀਤਾ ਅਤੇ ਦੋਵਾਂ ਪੁਲਾੜ ਯਾਤਰੀਆਂ ਨੂੰ ਸਪੇਸਐਕਸ ਰਾਹੀਂ ਵਾਪਸ ਲਿਆਉਣ ਦਾ ਯਤਨ ਕੀਤਾ ਅਤੇ ਸਫ਼ਲਤਾ ਹਾਸਲ ਕੀਤੀ।

ਜ਼ਿਕਰਯੋਗ ਹੈ ਕਿ ਉਹਨਾਂ ਦੀ ਵਾਪਸੀ ਫਰਵਰੀ 'ਚ ਹੋਣੀ ਸੀ, ਪਰ ਸਪੇਸਐਕਸ ਕੈਪਸੂਲ ਵਿੱਚ ਉਸ ਸਮੇਂ ਆਈਆਂ ਤਕਨੀਕੀ ਸਮੱਸਿਆਵਾਂ



ਕਰਕੇ ਇਹ ਹੋਰ ਮਹੀਨਾ ਰੋਕ ਲਗਾਉਣ ਪੈ ਗਈ ਸੀ।

ਜ਼ਿਕਰਯੋਗ ਹੈ ਕਿ ਪੁਲਾੜ ਯਾਤਰੀ 286 ਦਿਨ ਤਕ ਪੁਲਾੜ ਰਹੇ ਰਹੇ, ਜੋ ਕਿ ਉਨ੍ਹਾਂ ਦੇ ਯੋਜਨਾ ਮੁਤਾਬਕ ਯਾਤਰਾ ਸਮੇਂ ਨਾਲੋਂ 278 ਦਿਨ ਵੱਧ ਸੀ। ਉਨ੍ਹਾਂ ਨੇ 4,576 ਵਾਰ ਧਰਤੀ ਦਾ ਗੇੜ ਲਾਇਆ ਅਤੇ ਕੁੱਲ 121 ਮਿਲੀਅਨ ਮੀਲ (195 ਮਿਲੀਅਨ ਕਿਲੋਮੀਟਰ) ਦਾ ਸਫ਼ਰ ਕੀਤਾ। ਸੂਨੀ ਵਿਲੀਅਮਜ਼ ਨੇ 62 ਘੰਟੇ 9 ਅਲੱਗ-ਅਲੱਗ ਸਪੇਸਵਾਕ ਕਰਕੇ, ਇੱਕ ਔਰਤ ਵੱਲੋਂ ਸਭ ਤੋਂ ਵੱਧ ਸਮਾਂ ਸਪੇਸਵਾਕ 'ਚ ਬਿਤਾਉਣ ਦਾ ਨਵਾਂ ਰਿਕਾਰਡ ਵੀ ਬਣਾਇਆ ਹੈ। ਉਹ ਆਈ. ਐਸ.ਐਸ.'ਤੇ ਪਹਿਲਾਂ ਵੀ ਰਹਿ ਚੁੱਕੇ ਸਨ, ਇਸ ਕਰਕੇ ਉਹਨਾਂ ਨੇ ਆਪਣੀਆਂ ਜ਼ਿੰਮੇਵਾਰੀਆਂ ਬਖ਼ੂਬੀ ਨਿਭਾਈਆਂ। ਉਹਨਾਂ ਨੇ ਇਨ੍ਹਾਂ ਮਹੀਨਿਆਂ ਦੌਰਾਨ ਕਈ ਤਜਰਬੇ ਕੀਤੇ, ਉਪਕਰਣ ਠੀਕ ਕੀਤੇ ਅਤੇ ਤਕਨੀਕੀ ਮਾਮਲਿਆਂ ਵਿੱਚ ਮਦਦ ਕੀਤੀ। ਉਕਤ ਯਾਤਰਾ ਦੌਰਾਨ, ਸੂਨੀ ਵਿਲੀਅਮਜ਼ ਤਿੰਨ ਮਹੀਨੇ ਬਾਅਦ ਆਈ. ਐਸ.ਐਸ. ਦੀ ਕਮਾਂਡਰ ਵੀ ਬਣੀ ਅਤੇ ਇਹ ਜ਼ਿੰਮੇਵਾਰੀ ਪਿਛਲੇ ਮਹੀਨੇ ਤੱਕ ਨਿਭਾਈ।

ਜਨਵਰੀ ਵਿੱਚ, ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਪੇਸਐਕਸ ਦੇ ਮੁਖੀ ਐਲਨ ਮਸਕ ਨੂੰ ਉਹਨਾਂ ਦੀ ਵਾਪਸੀ ਜਲਦ ਕਰਨ ਦੀ ਅਪੀਲ ਕੀਤੀ ਸੀ।

ਉਸ ਸਮੇਂ, ਨਵੇਂ ਸਪੇਸਐਕਸ ਕੈਪਸੂਲ ਦੀ ਤਿਆਰੀ ਜਾਰੀ ਸੀ, ਇਸ ਕਰਕੇ ਸਪੇਸਐਕਸ ਨੇ ਇੱਕ ਪੁਰਾਣੇ ਯਾਨ ਦੀ ਵਰਤੋਂ ਕਰਕੇ, ਉਨ੍ਹਾਂ ਨੂੰ ਵਾਪਸ ਲਿਆਉਣ ਦੀ ਪ੍ਰਕਿਰਿਆ ਤੇਜ਼ ਕਰ ਦਿੱਤੀ।

ਨਾਸਾ ਨੇ 2030 ਤੱਕ ਆਈ. ਐਸ.ਐਸ. ਨੂੰ ਰਿਟਾਇਰ ਕਰਨ ਦਾ ਫ਼ੈਸਲਾ ਕੀਤਾ ਹੈ, ਜਿਸ ਤੋਂ ਬਾਅਦ ਨਿੱਜੀ ਸਟੇਸ਼ਨ ਇਸਦੀ ਥਾਂ ਲੈਣਗੇ। ਇਸ ਤਰੀਕੇ ਨਾਲ, ਨਾਸਾ ਚੰਦਰਮਾ ਅਤੇ ਮੰਗਲ ਗ੍ਰਹਿ ਦੀ ਯਾਤਰਾ 'ਤੇ ਆਪਣੇ ਧਿਆਨ ਕੇਂਦ੍ਰਤ ਕਰ ਸਕੇਗਾ।

SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES

Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2


NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ
"Over 20 years experience as Denturist"
- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।
BALRAJ (REGGIE) GILL
R.D. Bsc. Registered Denturist

ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

# ਅੱਜ ਵੀ ਅੱਲੇ ਨੇ ਪਿੰਡ ਚਿੱਠੀ ਸਿੰਘਪੁਰਾ ਦੇ ਪਰਿਵਾਰਾਂ ਦੇ ਜ਼ਖ਼ਮ

ਲੇਖਕ : ਅਮਰਪਾਲ ਸਿੰਘ



20 ਮਾਰਚ 2000 ਨੂੰ ਹੋਈ ਚਿੱਠੀ ਸਿੰਘਪੁਰਾ ਕਤਲੇਆਮ ਦੀ ਘਟਨਾ ਜਿਸਨੇ ਸਿੱਖ ਭਾਈਚਾਰੇ ਨੂੰ ਹਿਲਾ ਕੇ ਰੱਖ ਦਿੱਤਾ ਸੀ। ਅੱਜ, 25 ਸਾਲ ਬਾਅਦ, ਇਹ ਦਿਲ ਕੰਬਾਉਣ ਵਾਲੀ ਘਟਨਾ ਇਕ ਅਣਸੁਲਝਿਆ ਰਹੱਸ ਬਣੀ ਹੋਈ ਹੈ, ਜਿਸ ਵਿੱਚ ਅੱਤਵਾਦ, ਰਾਜਨੀਤਕ ਰਣਨੀਤੀ ਅਤੇ ਸਮਾਜਿਕ ਵਿਗਾੜ ਦੇ ਤੱਤ ਸ਼ਾਮਲ ਹਨ।

20 ਮਾਰਚ 2000 ਨੂੰ, ਜਦੋਂ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਭਾਰਤ ਦੇ ਦੌਰੇ 'ਤੇ ਸਨ, ਤਦ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਚਿੱਠੀ ਸਿੰਘਪੁਰਾ ਪਿੰਡ ਵਿੱਚ ਇਹ ਕਤਲੇਆਮ ਕਰ ਦਿੱਤਾ ਗਿਆ। ਸ਼ਾਮ ਦੇ ਸਮੇਂ, ਵਰਦੀ ਪਹਿਨੇ ਹਥਿਆਰਬੰਦ ਲੋਕਾਂ ਦਾ ਇੱਕ ਗੁੱਟ ਪਿੰਡ ਵਿੱਚ ਦਾਖ਼ਲ ਹੋਇਆ। ਉਨ੍ਹਾਂ ਨੇ ਪਿੰਡ ਦੇ ਸਿੱਖਾਂ ਨੂੰ ਗੁਰਦੁਆਰੇ ਦੇ ਨੇੜੇ ਇਕੱਠਾ ਹੋਣ ਲਈ ਕਿਹਾ ਅਤੇ ਅੰਨ੍ਹੇਵਾਹ ਗੋਲੀਆਂ ਚਲਾਕੇ 35 ਸਿੱਖਾਂ ਦੀ ਨਸਲਕੁਸ਼ੀ ਕਰ ਦਿੱਤੀ।

ਇਸ ਘਟਨਾ ਨੇ ਭਾਰਤ, ਖ਼ਾਸ ਤੌਰ 'ਤੇ ਕਸ਼ਮੀਰ ਵਿੱਚ ਰਹਿੰਦੇ ਸਿੱਖਾਂ ਵਿੱਚ ਅਸ਼ਾਂਤੀ ਪੈਦਾ ਕਰ ਦਿੱਤੀ। ਅੱਜ ਵੀ, ਉਹਨਾਂ ਪਰਿਵਾਰਾਂ ਦੇ ਦਿਲਾਂ ਵਿੱਚ ਇਹ ਦੁਖ ਭੁੱਲਾਇਆ ਨਹੀਂ ਜਾ ਸਕਦਾ, ਜਿਨ੍ਹਾਂ ਨੇ ਆਪਣੇ ਪਰਿਵਾਰ ਦੇ ਮੈਂਬਰ ਗੁਆਏ ।

ਇਸ ਹੱਤਿਆਕਾਂਡ ਦੀ ਜਾਂਚ ਲਈ ਕਈ ਵਾਰ ਹੁਕਮ ਜਾਰੀ ਕੀਤੇ ਗਏ, ਪਰ ਅਸਲ ਦੋਸ਼ੀ ਅੱਜ ਤੱਕ ਗੁੰਮ ਹਨ। ਭਾਰਤ ਸਰਕਾਰ ਅਤੇ ਖੁਫੀਆ ਏਜੰਸੀਆਂ ਨੇ ਇਸ ਹਮਲੇ ਦਾ ਦੋਸ਼ ਪਾਕਿਸਤਾਨ ਅਧਾਰਤ ਅੱਤਵਾਦੀ ਗਰੁੱਪ ਲਸ਼ਕਰ-ਏ-ਤੋਇਬਾ 'ਤੇ ਲਗਾ ਕੇ ਆਪਣਾ ਪੱਲਾ ਛਾੜਿਆ। ਉਨ੍ਹਾਂ ਦਾ ਦਾਅਵਾ ਸੀ ਕਿ ਇਹ ਹਮਲਾ ਖੇਤਰ ਵਿੱਚ ਅਸਥਿਰਤਾ ਪੈਦਾ ਕਰਨ ਅਤੇ ਧਾਰਮਿਕ ਤਣਾਅ ਵਧਾਉਣ ਦੀ ਕੋਸ਼ਿਸ਼ ਸੀ।

ਦੂਜੇ ਪਾਸੇ, ਕੁਝ ਸਥਾਨਕ ਲੋਕ ਅਤੇ ਸੁਤੰਤਰ ਜਾਂਚਕਰਤਾ ਇਹ ਵੀ ਦਾਅਵਾ ਕਰਦੇ ਹਨ ਕਿ ਭਾਰਤੀ ਸੁਰੱਖਿਆ ਬਲਾਂ ਦੀ ਸੰਭਾਵੀ ਸ਼ਮੂਲੀਅਤ ਨੂੰ ਨਕਾਰਿਆ ਨਹੀਂ ਜਾ ਸਕਦਾ। ਉਨ੍ਹਾਂ ਦੇ ਮਤਾਬਕ, ਇਹ ਕਤਲੇਆਮ ਕਿਸੇ ਖਾਸ ਰਾਜਨੀਤਕ ਮਕਸਦ ਨਾਲ ਕੀਤਾ ਗਿਆ ਜਿਸ ਵਿੱਚ ਕਸ਼ਮੀਰ ਘਾਟੀ ਵਿੱਚ ਸਿੱਖ-ਮੁਸਲਿਮ ਭਾਈਚਾਰੇ ਵਿੱਚ ਫ਼ੂਟ ਪਾਉਣ ਦੀ ਕੋਸ਼ਿਸ਼ ਕੀਤੀ ਗਈ ਸੀ । ਇਸ ਹੱਤਿਆਕਾਂਡ ਤੋਂ ਕੁਝ ਦਿਨਾਂ ਬਾਅਦ, ਭਾਰਤੀ ਫੌਜ ਨੇ ਦਾਅਵਾ ਕੀਤਾ ਕਿ ਪੰਜ ਪਾਕਿਸਤਾਨੀ ਅੱਤਵਾਦੀਆਂ ਨੂੰ ਇੱਕ ਮੁਕਾਬਲੇ 'ਚ ਮਾਰ ਦਿੱਤਾ ਗਿਆ। ਪਰ, ਅਗਲੇ ਕੁਝ ਮਹੀਨਿਆਂ 'ਚ, ਇਹ ਖੁਲਾਸਾ ਹੋਇਆ ਕਿ ਇਹ "ਅੱਤਵਾਦੀ" ਅਸਲ ਵਿੱਚ ਸਥਾਨਕ ਨੌਜਵਾਨ ਹੀ ਸਨ, ਜੋ ਕਿ ਨਿਰਦੋਸ਼ ਸਨ।

ਇਹ ਵਿਵਾਦ ਦਾ ਵੱਡਾ ਵਿਸ਼ਾ ਬਣ ਗਿਆ, ਕਿਉਂਕਿ ਇਹ ਖ਼ਬਰ ਆਈ ਕਿ ਇਹ ਨੌਜਵਾਨ ਪੁਲਿਸ ਨੇ "ਫ਼ਰਜ਼ੀ ਮੁਕਾਬਲੇ" 'ਚ ਮਾਰੇ, ਤਾਂ ਜੋ ਹਮਲੇ ਦੀ ਜਵਾਬਦੇਹੀ ਨੂੰ ਢਕਿਆ ਜਾ ਸਕੇ।

ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਨੇ ਆਪਣੀ ਵਿਦੇਸ਼ ਮੰਤਰੀ ਮੈਡਲਾਈਨ ਅਲਬਰਾਈਟ ਵੱਲੋਂ ਲਿਖੀ "ਮਾਈਟੀ ਐਂਡ ਅਲਮਾਈਟੀ" ਕਿਤਾਬ ਵਿੱਚ ਚਿੱਠੀ ਸਿੰਘਪੁਰਾ ਹੱਤਿਆਕਾਂਡ ਨੂੰ ਹਿੰਦੂ ਦਹਿਸ਼ਤਗਰਦੀ ਨਾਲ ਜੋੜਿਆ। ਇਸ ਖੁਲਾਸੇ ਨੇ ਭਾਰਤ ਦੀ ਰਾਜਨੀਤਿਕ ਸਰਗਰਮੀ 'ਚ ਵੱਡੀ ਚਰਚਾ ਨੂੰ ਜਨਮ ਦਿੱਤਾ।

ਪਰ ਅੱਜ 25 ਸਾਲ ਬਾਅਦ ਵੀ, ਸਿੱਖ ਭਾਈਚਾਰਾ ਇਨਸਾਫ਼ ਦੀ ਉਡੀਕ ਕਰ ਰਿਹਾ ਹੈ। ਜਾਂਚ ਕਮੇਟੀਆਂ ਬਣੀਆਂ, ਰਿਪੋਰਟਾਂ ਆਈਆਂ, ਪਰ ਅਸਲ ਦੋਸ਼ੀਆਂ ਨੂੰ ਕਦੇ ਸਜ਼ਾ ਨਹੀਂ ਮਿਲੀ।

ਚਿੱਠੀ ਸਿੰਘਪੁਰਾ ਦੇ ਪੀੜਤ ਪਰਿਵਾਰ ਅੱਜ ਵੀ ਪੁੱਛ ਰਹੇ ਹਨ: ਕਤਲੇਆਮ ਕਰਵਾਉਣ ਵਾਲੇ ਅਸਲ ਦੋਸ਼ੀ ਕੌਣ? ਕੀ ਇਹ ਹਮਲਾ ਅੱਤਵਾਦੀਆਂ ਨੇ ਕੀਤਾ ਜਾਂ ਭਾਰਤੀ ਏਜੰਸੀਆਂ ਦੀ ਕੋਈ ਸਾਜ਼ਿਸ਼ ਸੀ? 25 ਸਾਲ ਬਾਅਦ ਵੀ ਇਨਸਾਫ਼ ਕਿਉਂ ਨਹੀਂ ਮਿਲਿਆ?

1984 ਦੇ ਦਿੱਲੀ ਸਿੱਖ ਨਸਲਕੁਸ਼ੀ, ਪੰਜਾਬ 'ਚ 1990 ਦੇ ਹਲਾਤ, ਚਿੱਠੀ ਸਿੰਘਪੁਰਾ (2000) – ਇਹਨਾਂ ਤਿੰਨ ਵੱਡੇ ਹਮਲਿਆਂ ਨੇ ਸਿੱਖ ਭਾਈਚਾਰੇ ਦੇ ਅਸਤਿੱਤਵ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ।

ਇਕ ਸੱਚਾਈ ਇਹ ਵੀ ਹੈ ਕਿ ਭਾਰਤ ਵਿੱਚ ਸਿੱਖ ਹੱਤਿਆਵਾਂ ਦੇ ਮਾਮਲੇ ਅੱਜ ਤੱਕ ਅਣਸੁਲਝੇ ਰਹੇ ਹਨ। ਨਾ 1984 ਦੇ ਕਤਲੇਆਮ ਲਈ ਕਿਸੇ ਵੱਡੇ ਆਗੂ ਨੂੰ ਸਜ਼ਾ ਮਿਲੀ, ਨਾ ਚਿੱਠੀ ਸਿੰਘਪੁਰਾ ਦੇ ਦੋਸ਼ੀਆਂ ਨੂੰ। 25 ਸਾਲ ਬਾਅਦ ਵੀ, ਸਿੱਖ ਭਾਈਚਾਰਾ ਇਨਸਾਫ਼ ਦੀ ਉਡੀਕ ਕਰ ਰਿਹਾ ਹੈ। ਚਿੱਠੀ ਸਿੰਘਪੁਰਾ ਹੱਤਿਆਕਾਂਡ ਕਦੇ ਵੀ ਨਾ ਭੁਲਾਈ ਜਾਣ ਵਾਲੀ ਘਟਨਾ ਰਹੇਗੀ, ਜੋ ਸਾਨੂੰ ਇਨਸਾਫ਼, ਸਚਾਈ ਅਤੇ ਨਿਆਂ ਦੀ ਲੋੜ ਦੀ ਯਾਦ ਦਿਲਾਉਂਦੀ ਰਹੇਗੀ।

# ਕਰਜ਼ਾ ਲੈਣ ਵਾਲੇ ਸੂਬਿਆਂ ਵਿਚ ਸਭ ਤੋਂ ਅੱਗੇ ਪੰਜਾਬ ਕਿਵੇਂ ਪਹੁੰਚਿਆ

## ਪੰਜਾਬ ਸਿਰ ਕਰਜ਼ੇ ਦੀ ਪੰਡ ਦੇਸ਼ ਭਰ ਵਿਚੋਂ ਸਭ ਤੋਂ ਭਾਰੀ, ਜੀ.ਡੀ.ਪੀ.ਤੋਂ 44.1 ਫ਼ੀਸਦੀ ਜ਼ਿਆਦਾ ਕਰਜ਼ਾ ਲਿਆ ਪੰਜਾਬ ਨੇ

ਪੰਜਾਬ ਕਰਜ਼ਾ ਲੈਣ ਵਾਲੇ ਸੂਬਿਆਂ ਵਿਚ ਸਭ ਤੋਂ ਅੱਗੇ ਹੈ, ਜਿਸ ਨੇ ਸੂਬੇ ਦੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਤੋਂ 44.1 ਫ਼ੀਸਦੀ ਜ਼ਿਆਦਾ ਕਰਜ਼ਾ ਲਿਆ ਹੋਇਆ ਹੈ। ਦੇਸ਼ ਵਿਚ ਪੰਜਾਬ ਸਮੇਤ 15 ਹੋਰ ਸੂਬੇ ਹਨ, ਜਿਨ੍ਹਾਂ ਨੇ ਆਪਣੀ ਜੀ.ਡੀ.ਪੀ. ਦੀ ਤੁਲਨਾ ਵਿਚ ਜ਼ਿਆਦਾ ਕਰਜ਼ਾ ਲਿਆ ਹੋਇਆ ਹੈ। ਇਹ ਸੂਬੇ ਆਪਣੇ ਚੋਣ ਵਾਅਦੇ ਪੂਰੇ ਕਰਨ ਲਈ ਰਿਕਾਰਡ ਕਰਜ਼ਾ ਲੈ ਰਹੇ ਹਨ। ਆਪਣੀ ਜੀ.ਡੀ.ਪੀ. ਦੀ ਤੁਲਨਾ 'ਚ ਜ਼ਿਆਦਾ ਕਰਜ਼ਾ ਲੈਣ ਵਾਲਿਆਂ ਵਿਚ ਪੰਜਾਬ 44.1 ਫ਼ੀਸਦੀ ਨਾਲ ਸਭ ਤੋਂ ਅੱਗੇ ਹੈ, ਜਦਕਿ ਹਿਮਾਚਲ ਪ੍ਰਦੇਸ਼ ਦਾ 42.5 ਫ਼ੀਸਦੀ, ਅਰੁਣਾਚਲ ਪ੍ਰਦੇਸ਼ ਦਾ 40.1 ਫ਼ੀਸਦੀ, ਨਾਗਾਲੈਂਡ ਦਾ 38.6 ਫ਼ੀਸਦੀ, ਮੇਘਾਲਿਆ ਦਾ 37.6 ਫ਼ੀਸਦੀ , ਪੱਛਮੀ ਬੰਗਾਲ ਦਾ 36.9 ਫ਼ੀਸਦੀ, ਰਾਜਸਥਾਨ ਦਾ 36 ਫ਼ੀਸਦੀ, ਬਿਹਾਰ ਦਾ 35.7 ਫ਼ੀਸਦੀ, ਮਨੀਪੁਰ ਦਾ 34.5 ਫ਼ੀਸਦੀ, ਕੇਰਲਾ ਦਾ 34 ਫ਼ੀਸਦੀ, ਉੱਤਰ ਪ੍ਰਦੇਸ਼ ਦਾ 32.7 ਫ਼ੀਸਦੀ, ਮੱਧ ਪ੍ਰਦੇਸ਼ ਦਾ 32 ਫ਼ੀਸਦੀ ਤ੍ਰਿਪੁਰਾ ਦਾ 24.5 ਫ਼ੀਸਦੀ ਤੇ ਸਿੱਕਮ ਦਾ 24 ਫ਼ੀਸਦੀ ਦਾ ਅਨੁਪਾਤ ਹੈ।

ਦਿੱਲੀ ਵਿਧਾਨ ਸਭਾ ਚੋਣਾਂ ਲਈ ਰਾਜਨੀਤਿਕ ਪਾਰਟੀਆਂ ਨੇ ਮੁਫ਼ਤ ਦੀਆਂ ਸਕੀਮਾਂ ਦੀ ਝੜੀ ਲਗਾ ਦਿੱਤੀ ਹੈ। ਇਨ੍ਹਾਂ ਚੋਣ ਰਿਉੜੀਆਂ ਨਾਲ ਵੋਟਾਂ ਦੇ ਬਾਅਦ ਸੂਬਿਆਂ ਦੀ ਅਰਥਵਿਵਸਥਾ 'ਤੇ ਪੈਣ ਵਾਲੇ ਅਸਰ ਦਾ ਟਰੈਕ ਰਿਕਾਰਡ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਜਿਹੜੀਆਂ ਪਾਰਟੀਆਂ ਸਬਸਿਡੀਆਂ ਅਤੇ ਗਾਰੰਟੀਆਂ ਦੇ ਸਿਰ 'ਤੇ ਸੱਤਾ ਵਿਚ ਆਈਆਂ ਹਨ, ਉਹ ਹੁਣ ਬਾਜ਼ਾਰ ਵਿਚੋਂ ਕਰਜ਼ਾ ਲੈ ਕੇ ਚੋਣ ਵਾਅਦੇ ਪੁਗਾਉਣ ਲਈ ਮਜਬੂਰ ਹਨ। ਉਦਾਹਰਣ ਵਜੋਂ ਕਰਨਾਟਕ ਸਰਕਾਰ ਨੂੰ ਚੋਣਾਂ ਵੇਲੇ ਦਿੱਤੀਆਂ 5 ਗਾਰੰਟੀਆਂ ਪੂਰੀਆਂ ਕਰਨ ਲਈ 60 ਹਜ਼ਾਰ ਕਰੋੜ ਵਾਧੂ ਰਕਮ ਦੀ ਲੋੜ ਹੈ। ਮੱਧ ਪ੍ਰਦੇਸ਼ ਨੂੰ ਸਿਰਫ 'ਲਾਡਲੀ ਬਹਿਨਾ' ਯੋਜਨਾ ਲਈ ਹਰ ਸਾਲ 24 ਹਜ਼ਾਰ ਕਰੋੜ ਦੀ ਲੋੜ ਪਵੇਗੀ। ਤੇਲੰਗਾਨਾ ਦੀ ਕੁੱਲ ਕਮਾਈ ਦਾ 25 ਫ਼ੀਸਦੀ ਹਿੱਸਾ 6 ਗਾਰੰਟੀਆਂ ਪੂਰੀਆਂ ਕਰਨ ਵਿਚ ਜਾ ਰਿਹਾ ਹੈ। ਭਾਰਤ ਦੇ 15 ਸੂਬੇ ਅਜਿਹੇ ਹਨ, ਜਿਨ੍ਹਾਂ ਦੀ ਜੀ.ਡੀ.ਪੀ. ਦੇ ਮੁਕਾਬਲੇ ਕਰਜ਼ ਦਾ ਅਨੁਪਾਤ 30 ਫ਼ੀਸਦੀ ਤੋਂ ਵੱਧ ਹੈ। ਦੇਸ਼ ਦੇ 10 ਸੂਬੇ ਅਜਿਹੇ ਹਨ, ਜਿਨ੍ਹਾਂ ਨੂੰ ਅਗਲੇ 3 ਮਹੀਨਿਆਂ ਵਿਚ 4.73 ਲੱਖ ਕਰੋੜ ਰੁਪਏ ਦਾ ਕਰਜ਼ਾ ਬਾਜ਼ਾਰ ਵਿਚੋਂ ਲੈਣਾ ਪਵੇਗਾ। ਇਹ ਸੂਬੇ ਚਾਲੂ ਵਿੱਤੀ ਸਾਲ ਦੇ ਅੱਧ ਵਿਚ 3.46 ਲੱਖ ਕਰੋੜ ਰੁਪਏ ਦਾ ਕਰਜ਼ਾ ਲੈ ਚੁੱਕੇ ਹਨ। ਇਸ ਹਿਸਾਬ ਨਾਲ ਚਾਲੂ ਵਿੱਤੀ ਸਾਲ ਦੌਰਾਨ ਇਨ੍ਹਾਂ ਸੂਬਿਆਂ ਸਿਰ ਪੂਰੇ ਸਾਲ ਦੀ 9.20 ਲੱਖ ਕਰੋੜ ਰੁਪਏ ਦੀ ਉਧਾਰੀ ਹੋ ਜਾਵੇਗੀ। ਇਸ ਨਾਲ ਕਰਜ਼ੇ ਦਾ ਇਕ ਨਵਾਂ ਰਿਕਾਰਡ ਬਣੇਗਾ, ਜੋ ਪਿਛਲੇ ਸਾਲ ਦੇ ਕਰਜ਼ੇ ਤੋਂ 28.7 ਫ਼ੀਸਦੀ ਵੱਧ ਹੈ। ਇਨ੍ਹਾਂ ਸੂਬਿਆਂ ਨੇ ਕੋਰੋਨਾ ਵੇਲੇ ਛੋਟ ਦੇ ਬਾਵਜੂਦ 6.51 ਲੱਖ ਕਰੋੜ ਰੁਪਏ ਦਾ ਕਰਜ਼ਾ ਲਿਆ ਹੈ । ਕਰਨਾਟਕ ਅਗਲੇ 3 ਮਹੀਨਿਆਂ ਵਿਚ ਸਭ ਤੋਂ ਜ਼ਿਆਦਾ 48,000 ਕਰੋੜ ਰੁਪਏ ਦਾ ਕਰਜ਼ਾ ਲਵੇਗਾ, ਤਾਮਿਲਨਾਡੂ 45,000 ਕਰੋੜ ਤੇ ਤੇਲੰਗਾਨਾ 30,000 ਕਰੋੜ ਰੁਪਏ ਦਾ ਹੋਰ ਕਰਜ਼ਾ ਲੈਣ ਦੀ ਤਿਆਰੀ ਵਿਚ ਹੈ।

ਇਨ੍ਹਾਂ ਸੂਬਿਆਂ ਨੇ 2024-25 ਦੌਰਾਨ ਨਵੰਬਰ ਤੱਕ 9.20 ਲੱਖ ਕਰੋੜ ਦਾ ਕਰਜ਼ਾ ਲਿਆ ਹੈ, ਜਦਕਿ ਪਿਛਲੇ ਸਾਲ 7.17 ਲੱਖ ਕਰੋੜ, 2022-2023 ਦੌਰਾਨ 5.18 ਲੱਖ ਕਰੋੜ , 2021-2022 ਵਿਚ 4.92 ਲੱਖ ਕਰੋੜ ਅਤੇ 2020-21 ਦੌਰਾਨ 6.51 ਲੱਖ ਕਰੋੜ ਰੁਪਏ ਦਾ ਕਰਜ਼ਾ ਲਿਆ ਸੀ। ਹਾਲਾਂਕਿ ਸਬਸਿਡੀਆਂ ਨੂੰ ਲੈ ਕੇ ਦੋ ਰਾਵਾਂ ਚੱਲ ਰਹੀਆਂ ਹਨ, ਇਕ ਵਰਗ ਦਾ ਕਹਿਣਾ ਹੈ ਕਿ ਸਬਸਿਡੀਆਂ ਦੀ ਲੋੜ ਨਹੀਂ, ਜਦਕਿ ਦੂਜਾ ਵਰਗ ਕੇਵਲ ਲੋੜਵੰਦਾਂ ਨੂੰ ਸਬਸਿਡੀ ਦੇਣ ਦੇ ਹੱਕ ਵਿਚ ਹੈ। ਪਰ ਸਭ ਨੂੰ ਸਬਸਿਡੀ ਦਾ ਲਾਭ ਦੇਣ ਦੀ ਕੋਈ ਤੁੱਕ ਨਹੀਂ ਬਣਦੀ। ਕਈ ਅਜਿਹੇ ਲੋਕ ਵੀ ਹਨ, ਜੋ ਜਾਅਲੀ ਕਾਗਜ਼ਾਤ ਤਿਆਰ ਕਰਵਾ ਕੇ ਸਬਸਿਡੀਆਂ ਦਾ ਲਾਭ ਲੈ ਰਹੇ ਹਨ। ਹੋਰ ਤਾਂ ਹੋਰ ਮ੍ਰਿਤਕ ਵੀ ਸਰਕਾਰੀ ਅੰਨ ਖਾ ਰਹੇ ਹਨ ਅਤੇ ਕਈ ਹਸਪਤਾਲਾਂ 'ਚ ਮ੍ਰਿਤਕਾਂ ਦੇ ਨਾਂਅ 'ਤੇ ਇਲਾਜ ਹੋਣ ਦੇ ਤੱਥ ਵੀ ਸਾਹਮਣੇ ਆਏ ਹਨ।

ਪੰਜਾਬ ਸਰਕਾਰ ਨੂੰ ਘਰਾਂ ਲਈ ਹਰ ਮਹੀਨੇ 300 ਯੂਨਿਟ ਤੇ ਖੇਤੀ ਟਿਊਬਵੈਲਾਂ ਲਈ ਮੁਫ਼ਤ ਬਿਜਲੀ ਦੇਣ ਵਾਸਤੇ ਕਈ ਹਜ਼ਾਰ ਕਰੋੜ ਦਾ ਕਰਜ਼ਾ ਹਰ ਸਾਲ ਚੁੱਕਣਾ ਪੈ ਰਿਹਾ ਹੈ। ਪੰਜਾਬ ਸਰਕਾਰ ਦੇ ਕੁੱਲ ਮਾਲੀਏ ਦਾ 23 ਫ਼ੀਸਦੀ ਕਰਜ਼ੇ ਦਾ ਵਿਆਜ ਚੁਕਾਉਣ ਵਿਚ ਚਲਾ ਜਾਂਦਾ ਹੈ। ਪੰਜਾਬ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਪੈਸੇ ਦੀ ਤੰਗੀ ਕਾਰਨ ਚੋਣਾਂ ਵੇਲੇ ਔਰਤਾਂ ਨੂੰ 1000 ਰੁਪਏ ਦੇਣ ਦੀ ਗਾਰੰਟੀ ਹਾਲੇ ਪੂਰੀ ਨਹੀਂ ਕੀਤੀ ਜਾ ਰਹੀ ਹੈ, ਜਦਕਿ ਉਸ ਨੇ ਦਿੱਲੀ ਵਿਚ ਔਰਤਾਂ ਨੂੰ 2500 ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕਰ ਦਿੱਤਾ ਹੈ। ਕਾਂਗਰਸ ਤੇ ਭਾਜਪਾ ਵੀ ਪਿੱਛੇ ਨਹੀਂ ਰਹੀਆਂ। ਦੋਹਾਂ ਪਾਰਟੀਆਂ ਨੇ ਸੱਤਾ ਵਿਚ ਆਉਣ 'ਤੇ ਔਰਤਾਂ ਨੂੰ 2500 ਰੁਪਏ ਮਹੀਨਾ ਦੇਣ ਦਾ ਵਾਅਦਾ ਕਰ ਦਿੱਤਾ ਹੈ। ਦਰਅਸਲ ਸਹੂਲਤਾਂ ਤੇ ਗਾਰੰਟੀਆਂ ਦਾ ਚੋਗਾ ਪਾ ਕੇ ਚੋਣਾਂ ਜਿੱਤੀਆਂ ਜਾ ਰਹੀਆਂ ਹਨ, ਗਾਰੰਟੀਆਂ ਦੇ ਲਾਲਚ ਹੇਠ ਅਸਲ ਮੁੱਦੇ ਦੱਬ ਕੇ ਰਹਿ ਜਾਂਦੇ ਹਨ। ਸਿਆਸੀ ਪਾਰਟੀਆਂ ਨੇ ਗ਼ਰੀਬਾਂ ਨੂੰ ਭਰਮਾਉਣ ਤੇ ਉਨ੍ਹਾਂ ਦੀਆਂ ਲੋੜਾਂ ਦਾ ਨਾਜਾਇਜ਼ ਫ਼ਾਇਦਾ ਉਠਾਉਣ ਦਾ ਰਾਹ ਲੱਭ ਲਿਆ ਹੈ। ਪਰ ਇਹ ਇਕ ਕੌੜਾ ਸੱਚ ਹੈ ਕਿ ਸਬਸਿਡੀਆਂ ਦਾ ਭਾਰ ਸਿੱਧੇ ਤੌਰ 'ਤੇ ਆਮ ਲੋਕਾਂ 'ਤੇ ਹੀ ਪੈ ਰਿਹਾ ਹੈ।

ਵੇਖਿਆ ਇਹ ਗਿਆ ਹੈ ਕਿ ਸਬਸਿਡੀ ਸ਼ੁਰੂ ਕਰਨ ਵਾਲੀ ਕਾਂਗਰਸ ਸਰਕਾਰ 1997 ਵਿਚ ਹਾਰ ਗਈ ਸੀ। ਇਸ ਤੋਂ ਬਾਅਦ ਅਕਾਲੀ-ਭਾਜਪਾ ਸਰਕਾਰ ਵੀ ਅਗਲੀਆਂ ਚੋਣਾਂ ਵਿਚ ਹਾਰ ਗਈ ਸੀ ਅਤੇ ਫਿਰ 2007 ਵਿਚ ਕਾਂਗਰਸ ਹਾਰ ਗਈ ਸੀ ਅਤੇ 2017 ਵਿਚ ਅਕਾਲੀ-ਭਾਜਪਾ ਦੀ ਗੱਠਜੋੜ ਸਰਕਾਰ ਵੀ ਵਿਧਾਨ ਸਭਾ ਦੀਆਂ ਚੋਣਾਂ ਹਾਰ ਗਈ ਸੀ। ਫਿਰ ਕਾਂਗਰਸ ਨੇ ਵੀ 2022 ਵਿਚ ਹਾਰ ਦਾ ਸਾਹਮਣਾ ਕੀਤਾ।ਇੱਥੇ ਇਸ ਉਦਾਹਰਨ ਨਾਲ ਸਪਸ਼ਟ ਹੋ ਰਿਹਾ ਕਿ ਮੁਫ਼ਤ ਸਹੂਲਤਾਂ ਨਾਲ ਕੋਈ ਪਾਰਟੀ ਅਗਲੀ ਵਾਰ ਜਿੱਤ ਜਾਵੇਗੀ, ਇਸ ਦਾ ਕੋਈ ਸਿੱਧਾ-ਸਾਦਾ ਸਬੰਧ ਨਹੀਂ ਹੈ। ਇਸ ਕਰਕੇ ਪੰਜਾਬ ਸਰਕਾਰ ਨੂੰ ਕਰਜ਼ਾ ਚੁੱਕਣ ਦੀ ਥਾਂ ਆਮਦਨੀ ਵਧਾਉਣ ਦੇ ਯਤਨ ਕਰਨੇ ਚਾਹੀਦੇ ਹਨ।


SINCE : 2007

ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ CANADIAN PUNJAB TIMES

ਪਾਠਕਾਂ ਦੇ ਵਿਸ਼ਵਾਸ਼ ਦਾ 18 ਵਾਂ ਸਾਲ



24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ

ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ

It's Time To Grow Your Business
Advertise with us...

ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ

: canadianpunjabtimes@gmail.com
Contact : 604-338-7310

# ਯੂਕਰੇਨ ਜੰਗ ਪ੍ਰਤੀ ਅਮਰੀਕੀ ਨੀਤੀ ’ਚ ਬਦਲਾਅ

ਲੇਖਕ : ਮਨਦੀਪ
ਸੰਪਰਕ: +1 438-924-2052




ਕੁੱਲ ਸੰਸਾਰ ਨੂੰ ਬੀਤੇ ਕੁਝ ਸਾਲਾਂ ’ਚ ਕਰੋਨਾ ਮਹਾਮਾਰੀ, ਰੂਸ-ਯੂਕਰੇਨ ਤੇ ਇਜ਼ਰਾਈਲ-ਫਲਸਤੀਨ ਜੰਗ ਅਤੇ ਅਮਰੀਕਾ-ਚੀਨ ਵਪਾਰਕ ਜੰਗ ਨੇ ਆਰਥਿਕ-ਸਮਾਜਿਕ ਤੌਰ ’ਤੇ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਵਿਸ਼ਵਵਿਆਪੀ ਪੱਧਰ ’ਤੇ ਵਧਦੀ ਮਹਿੰਗਾਈ, ਰਾਜਨੀਤਕ ਅਸਥਿਰਤਾ, ਜੰਗੀ ਤਣਾਅ, ਪਰਵਾਸ ਸੰਕਟ, ਲਗਾਤਾਰ ਨਿਘਾਰ ਵੱਲ ਜਾ ਰਿਹਾ ਗਲੋਬਲ ਅਰਥਚਾਰਾ ਆਦਿ ਅਲਾਮਤਾਂ ਨੇ ਕੁੱਲ ਆਲਮ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਹੈ। ਸੰਸਾਰ ਦੀਆਂ ਵੱਡੀਆਂ ਸਾਮਰਾਜੀ ਤਾਕਤਾਂ ਦੀ ਵਰਤਮਾਨ ਦੋ ਜੰਗਾਂ (ਯੂਕਰੇਨ, ਇਜ਼ਰਾਈਲ) ਤੇ ਵਪਾਰਕ ਜੰਗ ਦੁਆਲੇ ਹੋ ਰਹੀ ਕਤਾਰਬੰਦੀ ਨਵੀਂ ਵਿਸ਼ਵ ਵਿਵਸਥਾ ’ਚ ਹਲਚਲ ਵਧਾ ਰਹੀ ਹੈ। ਅਮਰੀਕੀ ਸਾਮਰਾਜ ਵੱਲੋਂ ਟਰੰਪ ਪ੍ਰਸ਼ਾਸ਼ਨ ਹੇਠ ਅਪਣਾਈਆਂ ਜਾ ਰਹੀਆਂ ਨਵੀਆਂ ਪੈਂਤੜੇਬਾਜ਼ੀਆਂ ਸੰਸਾਰ ਭਰ ਦੇ ਆਰਥਿਕ-ਸਿਆਸੀ ਮਾਹਿਰਾਂ-ਵਿਸ਼ਲੇਸ਼ਕਾਂ ਨੂੰ ਅਚੰਭੇ ਵਿੱਚ ਪਾ ਰਹੀਆਂ ਹਨ। ਅਮਰੀਕਾ ਅੰਦਰ ਟਰੰਪ-ਜ਼ੇਲੈਂਸਕੀ ਮਿਲਣੀ ਦੀ ਅਸਫਲਤਾ ਤੋਂ ਬਾਅਦ ਵਿਸ਼ਵ ਭੂ-ਰਾਜਨੀਤੀ ‘ਚ ਆਏ ਭੂਚਾਲ ਕਾਰਨ ਵੱਖ ਵੱਖ ਤਰ੍ਹਾਂ ਦੀਆਂ ਕਿਆਸਅਰਾਈਆਂ ਹੋਰ ਤੀਬਰ ਹੋ ਗਈਆਂ ਹਨ।

ਟਰੰਪ ਵੱਲੋਂ ਆਪਣੇ ਮੇਜ਼ਬਾਨ ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੂੰ ਓਵਲ ਦਫ਼ਤਰ ਸੱਦਕੇ ਮੀਡੀਆ ਜ਼ਰੀਏ ਸੰਸਾਰ ਸਾਹਮਣੇ ਬੇਇਜ਼ਤ ਕਰਨਾ ਇੱਕ ਇਤਿਹਾਸਕ ਘਟਨਾ ਬਣ ਗਈ ਹੈ। ਜ਼ੇਲੈਂਸਕੀ ਨੂੰ ਵਾਈਟ ਹਾਊਸ ਦੀ ਗਰਿਮਾ ਮੁਤਾਬਕ ਵਧੀਆ ਡਰੈੱਸ ਨਾ ਪਾਉਣ ’ਤੇ ਤਨਜ਼ ਕਸਣਾ ਉਸ ਨਾਲ ਬਦਸਲੂਕੀ ਕਰਨ ਬਰਾਬਰ ਸੀ। ਜੰਗ ਰੋਕਣ ਲਈ ਯੂਕਰੇਨ ਦੀ ਰੂਸ ਤੋਂ ‘ਸੁਰੱਖਿਆ ਗਾਰੰਟੀ’ ਦਾ ਅਮਰੀਕੀ ਵਾਅਦਾ ਅਤੇ ਇਵਜ਼ਾਨੇ ਵਿੱਚ ਅਮਰੀਕਾ ਦੀ ਯੂਕਰੇਨ ਦੇ ਬੇਸ਼ਕੀਮਤੀ ਖਣਿਜ਼ ਸਰੋਤਾਂ (ਮਾਈਕ੍ਰੋਚਿੱਪਾਂ ਤੇ ਨਵੀਨ ਤਕਨਾਲੋਜੀ ਲਈ ਧਰਤੀ ਦੇ ਦੁਰਲੱਭ ਖਣਿਜ਼) ਵਿੱਚ ਹਿੱਸੇਦਾਰੀ ਸੌਦੇ ਦੇ ਦੋ ਮੁੱਖ ਨੁਕਤੇ ਸਨ। ਇਹ ਸੌਦਾ ਯੂਕਰੇਨ ਨੂੰ ਜੰਗ ਵਿੱਚ ਹੁਣ ਤੱਕ ਦਿੱਤੀ ਗਈ ਅਮਰੀਕੀ ਸਹਾਇਤਾ ਦੀ ਅਦਾਇਗੀ ਦੇ ਸਿੱਟੇ ਵਜੋਂ ਹੋਣਾ ਸੀ। ਪਰੰਤੂ, ਜ਼ੇਲੈਂਸਕੀ ਦੀ ਪੂਤਿਨ ਉੱਤੇ ਬੇਭਰੋਸਗੀ ਅਤੇ ਅਮਰੀਕਾ ਵੱਲੋਂ ਜ਼ੇਲੈਂਸਕੀ ਦੇ ਨਿਰਾਦਰ ਨਾਲ ਇਹ ਸੌਦਾ ਵਿਚਾਲੇ ਟੁੱਟ ਗਿਆ। ਮਿਲਣੀ ਤੋਂ ਪਹਿਲਾਂ ਜ਼ੇਲੈਂਸਕੀ ਨੂੰ ਟਰੰਪ ਵੱਲੋਂ ਤਾਨਾਸ਼ਾਹ ਕਹਿਣਾ ਅਤੇ ਫਿਰ ਮੀਡੀਆ ਸਾਹਮਣੇ ਉਸਨੂੰ ਤੀਜੀ ਸੰਸਾਰ ਜੰਗ ਲਈ ਜ਼ਿੰਮੇਵਾਰ ਕਰਾਰ ਦੇਣਾ ਸਿੱਧੇ-ਅਸਿੱਧੇ ਤੌਰ ਤੇ ਯੂਕਰੇਨ ਸਮੇਤ ਟ੍ਰਾਂਸਅਟਲਾਂਟਿਕ ਗੱਠਜੋੜ (ਅਮਰੀਕਾ, ਨਾਟੋ, ਯੂਰੋਪੀਅਨ ਯੂਨੀਅਨ) ਦੇ ਵਿਰੁੱਧ ਅਤੇ ਰੂਸ ਦੇ ਪੱਖ ਵਿੱਚ ਭੁਗਤਣ ਵਾਲਾ ਬਿਆਨ ਸੀ। ਮੀਟਿੰਗ ਦੀ ਅਸਫਲਤਾ ਬਾਅਦ ਟਰੰਪ ਵੱਲੋਂ ਕੀਵ ’ਤੇ ਜੰਗਬੰਦੀ ਲਈ ਦਬਾਅ ਵਧਾਉਣ ਲਈ ਯੂਕਰੇਨ ਨੂੰ ਦਿੱਤੀ ਜਾਣ ਵਾਲੀ ਅਮਰੀਕੀ ਫੌਜੀ, ਖੁਫੀਆ ਤੇ ਵਿੱਤੀ ਸਹਾਇਤਾ ’ਤੇ ਰੋਕ ਲਗਾਉਣ ਅਤੇ ਰੂਸ ਉੱਤੇ ਪੱਛਮੀ ਪਾਬੰਦੀਆਂ ਨੂੰ ਘਟਾਉਣ ਦੇ ਬਿਆਨ ਨਾਲ ਟਰੰਪ ਉੱਤੇ ਰੂਸ ਦਾ ਜਾਸੂਸ ਹੋਣ ਦੇ ਕਈ ‘ਸਾਜ਼ਿਸ਼ੀ ਸਿਧਾਂਤਾਂ’ ਦਾ ਬਾਜ਼ਾਰ ਗਰਮ ਹੋ ਗਿਆ ਹੈ। ਨਾ ਤਾਂ ਅਮਰੀਕਾ ਸ਼ਾਂਤੀ ਦਾ ਪੁਜਾਰੀ ਹੈ ਤੇ ਨਾ ਹੀ ਟਰੰਪ ਜੰਗਬੰਦੀ ਦੀ ਲੜਾਈ ਲੜਨ ਵਾਲਾ ਸ਼ਾਂਤੀਦੂਤ। ਸ਼ਾਂਤੀ ਬਹਾਨੇ ਇਹ ਸਮਝੌਤਾ ਯੂਕਰੇਨ ਦੇ ਬੇਸ਼ਕੀਮਤੀ ਸਰੋਤਾਂ ’ਤੇ ਕਬਜ਼ੇ, ਯੂਕਰੇਨ ਅੰਦਰ ਨਵ-ਉਦਾਰਵਾਦੀ ਨੀਤੀਆਂ ਦੇ ਮਾਡਲ ਦਾ ਰਾਹ ਹੋਰ ਵੱਧ ਪੱਧਰਾ ਕਰਨ ਅਤੇ ਜੰਗ ਦਾ ਮੁਹਾਣ ਰੂਸ ਵੱਲੋਂ ਮੋੜ ਕੇ ਮੁੱਖ ਦੁਸ਼ਮਣ ਚੀਨ ਵੱਲ ਕਰਨ ਲਈ ਸੀ। ਅਮਰੀਕੀ ਸਾਮਰਾਜੀ ਦਬਦਬੇ ਲਈ ਅੱਜ ਸਭ ਤੋਂ ਵੱਡੀ ਚੁਣੌਤੀ ਚੀਨ ਹੈ।

ਉਧਰ, ਵਾਈਟ ਹਾਊਸ ਤੋਂ ਬੇਆਬਰੂ ਹੋ ਕੇ ਪਰਤੇ ਜ਼ੇਲੈਂਸਕੀ ਨੂੰ ਫਰਾਂਸ, ਬ੍ਰਿਟੇਨ ਸਮੇਤ ਯੂਰੋਪੀਅਨ ਮੁਲਕਾਂ ਦਾ ਥਾਪੜਾ ਪ੍ਰਾਪਤ ਹੋ ਰਿਹਾ ਹੈ। ਟਰੰਪ ਵੱਲੋਂ ਪੱਛਮੀ ਯੂਰੋਪੀ ਭਾਈਵਾਲਾਂ ਨੂੰ ਦਰਕਿਨਾਰ ਕਰਕੇ ਰੂਸ-ਯੂਕਰੇਨ ਜੰਗਬੰਦੀ ਦੀ ਸਾਲਸੀ ਵਿੱਚੋਂ ਯੂਕਰੇਨ ਨਾਲ ਇਕੱਲਿਆਂ 500 ਅਰਬ ਡਾਲਰ ਦੇ ਖਣਿਜ ਸਮਝੌਤੇ ਕਰਨ ਦੀ ਮਸ਼ਕ ਫਿਲਹਾਲ ਅਧੂਰੀ ਰਹਿ ਗਈ ਹੈ। ਹੁਣ ਜੰਗ ਪ੍ਰਤੀ ਅਮਰੀਕੀ ਨੀਤੀ ਵਿੱਚ ਆਏ ਵੱਡੇ ਬਦਲਾਅ ਕਾਰਨ ਪੁੱਠੀ ਪਈ ਬਾਜ਼ੀ ‘ਚੋਂ ਯੂਰੋਪੀਅਨ ਮੁਲਕ ਸ਼ਾਂਤੀ ਯੋਜਨਾ ਦਾ ਸਿਹਰਾ ਆਪਣੇ ਸਿਰ ਬੰਨ੍ਹਕੇ ਯੂਕਰੇਨੀਅਨ ਮੰਡੀ ਵਿੱਚੋਂ ਹਿੱਸੇ-ਪੱਤੀ ਲਈ ਉਤਾਵਲੇ ਹੋ ਰਹੇ ਹਨ। ਕਿੰਗ ਚਾਰਲਸ ਨਾਲ ਜ਼ੇਲੈਂਸਕੀ ਦੀ ਮਿਲਣੀ ’ਤੇ ਯੂਕਰੇਨ ਦੀ ਸਰਬਸੱਤਾ ਲਈ ਲੰਡਨ ਵਿੱਚ ਹੋਏ ਸਿਖਰ ਸੰਮੇਲਨ ਵਿੱਚ 18 ਯੂਰੋਪੀ ਮੁਲਕਾਂ ਨੇ ਯੂਕਰੇਨ ਨੂੰ ਫੌਜੀ ਤੇ ਵਿੱਤੀ ਸਹਾਇਤਾ ਦੇਣ ਦੀ ਵਚਨਵੱਧਤਾ ਦਿਖਾਈ ਹੈ ਅਤੇ ਇੰਗਲੈਂਡ ਨੇ 1.6 ਅਰਬ ਪੌਂਡ ਦੀਆਂ 5,000 ਹਵਾਈ ਰੱਖਿਆ ਮਿਜ਼ਾਈਲਾਂ ਦੀ ਸਪਲਾਈ ਦੇ ਸਮਝੌਤੇ ਦਾ ਐਲਾਨ ਕੀਤਾ ਹੈ।

ਦੁਨੀਆ ਦੀਆਂ ਵੱਡੀਆਂ ਸਾਮਰਾਜੀ ਤਾਕਤਾਂ ਦੀ ਆਪਸੀ ਖਿੱਚੋਤਾਣ ਦਾ ਕੇਂਦਰ ਬਣੀ ਯੂਕਰੇਨ ਜੰਗ ਦਾ ਦਾਰੋਮਦਾਰ ਬਹੁ-ਪਸਾਰੀ ਹੈ। ਇਸ ਯੁੱਧ ਵਿੱਚ ਸਿੱਧੇ-ਅਸਿੱਧੇ ਤੌਰ ’ਤੇ ਸ਼ਾਮਲ ਤਾਕਤਾਂ ‘ਚੋਂ ਕਿਸੇ ਇਕ ਧਿਰ ਦੇ ਕੋਣ ਤੋਂ ਖੜ ਕੇ ਦੇਖਣ ਨਾਲ ਜੰਗ ਦੀ ਰਾਜਨੀਤਕ-ਆਰਥਿਕਤਾ ਨੂੰ ਨਹੀਂ ਸਮਝਿਆ ਜਾ ਸਕਦਾ। ਮਸਲਨ, ਜ਼ੇਲੈਂਸਕੀ ਦੇ ਸੰਦਰਭ ਵਿੱਚ ਇਹ ਧਾਰਨਾ ਕਿ ‘ਇੱਕ ਜੋਕਰ ਨੇ ਦੇਸ਼ ਡੋਬ ਦਿੱਤਾ’, ਜੰਗ ਦੇ ਕੁੱਲ ਪਹਿਲੂਆਂ ਦਾ ਸਧਾਰਨੀਕਰਨ ਕਰਨ ਤੇ ਜੰਗ ਵਿੱਚ ਸ਼ਾਮਲ ਵੱਡੀਆਂ ਬਾਹਰੀ ਤਾਕਤਾਂ ਦੀ ਭੂਮਿਕਾ ਨੂੰ ਮੇਸਣ ਜਾਂ ਘੱਟ ਕਰ ਕੇ ਆਂਕਣ ਬਰਾਬਰ ਹੈ। ਇਤਿਹਾਸਕ ਤੌਰ ’ਤੇ ਇਸ ਜੰਗ ਵਿੱਚ ਰੂਸ ਦੀ ਭੂਮਿਕਾ ਅਟੁੱਟ ਤੌਰ ’ਤੇ ਜੁੜੀ ਹੋਈ ਹੈ। ਸੋਵੀਅਤ ਯੂਨੀਅਨ ਦੇ ਢਹਿ-ਢੇਰੀ ਹੋਣ ਬਾਅਦ ਯੂਕਰੇਨ ਸਮੇਤ ਅਨੇਕਾਂ ਕੌਮੀਅਤਾਂ ਵੱਖ ਹੋ ਕੇ ਇੱਕ ਸੁਤੰਤਰ ਦੇਸ਼ ਵਜੋਂ ਹੋਂਦ ‘ਚ ਆਈਆਂ ਸਨ। ਸਮਾਜਵਾਦੀ ਸੋਵੀਅਤ ਯੂਨੀਅਨ ਦੇ ਪਤਨ ਬਾਅਦ ਰੂਸ ਨੇ ਸਾਮਰਾਜੀ ਪਦਚਿੰਨ੍ਹਾਂ ’ਤੇ ਚੱਲਦਿਆਂ ਆਪਣੇ ਪਸਾਰਵਾਦੀ ਹਿੱਤਾਂ ਤਹਿਤ ਆਪਣੇ ਖੁੱਸੇ ਹੋਏ ਖੇਤਰ ਨੂੰ ਮੁੜ ਹਾਸਲ ਕਰਨ ਦੀ ਹਿਰਸ ਪਾਲੀ ਹੋਈ ਹੈ। ਜਿਸ ਤਹਿਤ ਰੂਸ ਨੇ ਸਾਲ 2003 ‘ਚ ਯੂਕਰੇਨ ਦੇ ਤੁਜ਼ਲਾ ਟਾਪੂ ਉੱਤੇ ਡੈਮ ਬਣਾਕੇ ਜਬਰੀ ਘੁਸਪੈਠ ਕੀਤੀ। ਅਮਰੀਕਾ ਨੇ ਯੂਕਰੇਨ ਦੇ ਰੂਸ ਪੱਖੀ ਰਾਸ਼ਟਰਪਤੀ ਵਿਕਟਰ ਯਾਨਕੋਵਿਚ ਨਾਲ ਕਈ ਊਰਜਾ ਸਮਝੌਤੇ ਕਰਕੇ ਯੂਕਰੇਨ ਦੇ ਬੇਸ਼ਕੀਮਤੀ ਖੇਤਰਾਂ ਵਿੱਚ ਆਪਣੀ ਦਖਲਅੰਦਾਜ਼ੀ ਵਿੱਚ ਵਾਧਾ ਕੀਤਾ। ਯਾਨਕੋਵਿਚ ਨੇ ਰੂਸ ਦੇ ਪ੍ਰਭਾਵ ਹੇਠ ਆ ਕੇ ਯੂਰਪੀਅਨ ਯੂਨੀਅਨ ਨਾਲ ਮੁਕਤ ਵਪਾਰ ਸਮਝੌਤੇ ਰੱਦ ਕੀਤੇ ਅਤੇ ਸਾਲ 2014 ਵਿੱਚ ਰੂਸ ਨੇ ਕ੍ਰੀਮੀਆ ਤੇ ਸੇਵਾਸਤੋਪੋਲ ਦੀ ਬੰਦਰਗਾਹ ਉੱਤੇ ਕਬਜ਼ਾ ਕੀਤਾ। ਰੂਸ ਨੇ 2014 ਤੋਂ ਬਾਅਦ ਜੰਗਬੰਦੀ ਲਈ ਹੋਏ ‘ਮਿੰਸਕ ਸਮਝੌਤੇ’ ਦੀ ਉਲੰਘਣਾ ਕਰਕੇ ਲਗਾਤਾਰ ਪੂਰਬੀ ਡੋਨਬਾਸ ਵਿੱਚ ਰੂਸੀ ਵੱਖਵਾਦੀਆਂ ਰਾਹੀਂ ਘੁਸਪੈਠ ਜਾਰੀ ਰੱਖੀ। ਇਸੇ ਦੌਰਾਨ ਯੂਕਰੇਨ ਨੇ ਆਪਣੇ ਪੱਛਮੀ ਖੇਤਰ ਵਿੱਚ ਰੂਸੀ ਘੁਸਪੈਠ ਦੇ ਖਤਰੇ ਤੋਂ ਬਚਾਅ ਲਈ ਨਾਟੋ ਦਾ ਆਸਰਾ ਤੱਕਣਾ ਸ਼ੁਰੂ ਕਰ ਦਿੱਤਾ। ਉਧਰ ਅਮਰੀਕਾ ਤੇ ਉਸਦੇ ਪੱਛਮੀ ਭਾਈਵਾਲ ਜੋ ਲਗਾਤਾਰ ਰੂਸ ਦੇ ਗੁਆਂਢੀ ਮੁਲਕਾਂ ‘ਚ ਨਾਟੋ ਦਾ ਵਿਸਤਾਰ ਕਰਦੇ ਆ ਰਹੇ ਸਨ, ਲਈ ਇਹ ਸੁਨਹਿਰੀ ਮੌਕਾ ਵਰਦਾਨ ਬਣਕੇ ਬਹੁੜਿਆ।

ਇਸ ਜੰਗ ਵਿੱਚ ਜ਼ੇਲੈਂਸਕੀ ਦੀ ਇਤਿਹਾਸਕ ਤੇ ਬੱਜਰ ਗਲਤੀ ਇਹ ਸੀ ਕਿ ਉਸਨੂੰ ਸਾਮਰਾਜੀ ਤਾਕਤਾਂ ਦੇ ਵਿਸਤਾਰਵਾਦੀ ਚਰਿਤਰ ਦਾ ਇਲਮ ਨਹੀ ਸੀ। ਉਸਨੇ ਰੂਸੀ ਸਾਮਰਾਜ ਦੀ ਥਾਂ ਵੱਧ ਖੂੰਖਾਰ ਅਮਰੀਕੀ ਸਾਮਰਾਜ ਦੀ ਸ਼ਰਨ ਲੈ ਕੇ ਵੱਡੀ ਭੁੱਲ ਕੀਤੀ। ਇਸ ਯੁੱਧ ਵਿੱਚ ਸਭ ਤੋਂ ਵੱਧ ਵਿੱਤੀ ਤੇ ਫੌਜੀ ਸਹਾਇਤਾ ਅਮਰੀਕਾ ਨੇ ਪ੍ਰਦਾਨ ਕੀਤੀ ਹੈ। ਅਮਰੀਕਾ ਨੇ ਰੂਸ ਖ਼ਿਲਾਫ਼ ਯੂਕਰੇਨ ਦੀ ਧਰਤੀ ’ਤੇ ਲੁਕਵੀਂ ਜੰਗ (ਪ੍ਰੌਕਸੀ) ਲੜਨ ਲਈ ਜੰਗ ਦੇ ਕੁੱਲ ਫੌਜੀ ਹਾਰਡਵੇਅਰ ਦਾ 20% ਅਤੇ 180 ਅਰਬ ਅਮਰੀਕੀ ਡਾਲਰ (ਪੈਂਟਾਗਨ ਮੁਤਾਬਕ) ਤੋਂ ਵੱਧ ਦੀ ਵਿੱਤੀ ਸਹਇਤਾ ਪ੍ਰਦਾਨ ਕੀਤੀ ਹੈ। ਯੂਕਰੇਨ ਜੰਗ ਵਿੱਚ ਐਨਾ ਅੱਗੇ ਨਿਕਲ ਆਇਆ ਕਿ ਹੁਣ ਉਸਨੂੰ ਜੰਗ ਵਿੱਚੋਂ ਨਿਕਲਣ ਲਈ ਸਾਮਰਾਜੀ ਤਾਕਤਾਂ ਦੇ ਇੱਕ ਜਾਂ ਦੂਸਰੇ ਧੜੇ ਦੀ ਢੋਈ ਲੈਣੀ ਪੈ ਰਹੀ ਹੈ। ਰੂਸ ਨਾਲ ਸਨਮਾਨਜਨਕ ਸਮਝੌਤੇ ਉੱਤੇ ਪਹੁੰਚਣ ਲਈ ਉਸ ਨੂੰ ਰੂਸ ਉੱਤੇ ਜੰਗੀ ਦਬਾਅ ਲਈ ਅਮਰੀਕੀ ਹਵਾਈ ਰੱਖਿਆ, ਬੈਲਿਸਟਿਕ ਮਿਜ਼ਾਈਲਾਂ, ਸੈਟੇਲਾਈਟ ਸੰਚਾਰ (ਸਟਾਰਲਿੰਕ), ਫੌਜੀ ਤੇ ਵਿੱਤੀ ਸਹਾਇਤਾ ਦੀ ਜ਼ਰੂਰਤ ਵੀ ਹੈ ਅਤੇ ਜੰਗ ਦੁਆਲੇ ਸਾਮਰਾਜੀ ਤਾਕਤਾਂ ਤੇ ਕੂਟਨੀਤਕ ਦਬਾਅ ਬਣਾਉਣ ਅਤੇ ਵਿੱਤੀ ਸਹਾਇਤਾ ਲਈ ਯੂਰੋਪੀ ਸ਼ਕਤੀਆਂ ਦੀ ਵੀ ਲੋੜ ਹੈ।

ਯੂਕਰੇਨ ਜੰਗ ਦੁਆਲੇ ਪੈਦਾ ਹੋਏ ਨਵੇਂ ਹਾਲਾਤਾਂ ਵਿੱਚੋਂ ਜਿੱਥੇ ਰੂਸ ਦੀ ਸਥਿਤੀ ਹੋਰ ਮਜ਼ਬੂਤ ਹੋਈ ਹੈ, ਉੱਥੇ ਦੂਜੇ ਪਾਸੇ ਚੀਨ ਜੰਗਾਂ ਤੋਂ ਲਾਂਭੇ ਰਹਿਕੇ ਆਪਣੇ ਵਪਾਰਕ ਹਿੱਤਾਂ ਲਈ ਸੰਸਾਰ ਮੰਡੀ ਵਿੱਚ ਲਗਾਤਾਰ ਮਜ਼ਬੂਤੀ ਨਾਲ ਪੈਰ ਪਸਾਰ ਰਿਹਾ ਹੈ। ਟਰੰਪ ਪ੍ਰਸ਼ਾਸ਼ਨ ਦੀ ਯੂਕਰੇਨ ਜੰਗ ਨੂੰ ਲੈ ਕੇ ਬਦਲੀ ਨੀਤੀ ਨਾਲ ਯੂਰੋਪ ਅੰਦਰ ਅਮਰੀਕੀ ਸਾਖ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ ਹੈ। ਅਮਰੀਕਾ ਵੱਲੋਂ ਨਾਟੋ ‘ਚੋਂ ਬਾਹਰ ਆਉਣ, ਯੂਐੱਸ ਏਡ ਬੰਦ ਕਰਨ ਅਤੇ ਨਾਟੋ ਭਾਈਵਾਲਾਂ ਉੱਤੇ ਫੌਜੀ ਖਰਚ ਲਈ ਬਜਟ ਹੋਰ ਵਧਾਉਣ ਦਾ ਦਬਾਅ ਅਤੇ ਟੈਰਿਫ ਨੂੰ ਲੈ ਕੇ ਯੂਰੋਪ, ਕੈਨੇਡਾ, ਮੈਕਸੀਕੋ, ਭਾਰਤ ਆਦਿ ਭਾਈਵਾਲਾਂ ਨਾਲ ਸ਼ੁਰੂ ਹੋਈ ਵਪਾਰਕ ਜੰਗ ਕਾਰਨ ਇਹਨਾਂ ਮੁਲਕਾਂ ਨੇ ਅਮਰੀਕਾ ਉੱਤੇ ਨਿਰਭਰਤਾ ਘਟਾਉਣ ਤੇ ਆਪਸੀ ਦੁਵੱਲੇ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਯਤਨ ਤੇਜ਼ ਕਰ ਦਿੱਤੇ ਹਨ। ਇਸ ਨਾਲ ਯੂਰੋ ਜ਼ੋਨ ਅਤੇ ਬ੍ਰਿਕਸ ਦੇਸ਼ਾਂ ਵਿਚਕਾਰ ਆਪਸੀ ਤਾਲਮੇਲ ਵਧ ਰਿਹਾ ਹੈ। ਚੀਨ, ਰੂਸ, ਯੂਰੋਪੀਅਨ ਯੂਨੀਅਨ, ਬ੍ਰਿਕਸ ਤੇ ਅਮਰੀਕੀ ਸਾਮਰਾਜ ਵਿਰੋਧੀ ਲਾਤੀਨੀ ਮੁਲਕਾਂ ਦੀ ਅਮਰੀਕਾ ਖਿਲਾਫ ਵਧਦੀ ਬੇਭਰੋਸਗੀ ਅਮਰੀਕੀ ਸਾਮਰਾਜ ਲਈ ਖਤਰੇ ਦੀ ਘੰਟੀ ਹੈ।

ਸ਼ਾਂਤੀ ਸਮਝੌਤੇ ਦੇ ਅੱਧ-ਵਿਚਾਲੇ ਲਟਕਣ ਨਾਲ ਰੂਸ ਦੇ ਹੌਸਲੇ ਹੋਰ ਮਜ਼ਬੂਤ ਹੋਏ ਹਨ। ਰੂਸ ਨੇ ਜੰਗ ਦੀ ਤੀਜੀ ਵਰ੍ਹੇਗੰਢ ਮੌਕੇ ਯੂਕਰੇਨ ਉੱਤੇ ਹਮਲੇ ਤੇਜ਼ ਕਰਕੇ ਸੰਕੇਤ ਦੇ ਦਿੱਤੇ ਹਨ ਕਿ ਉਹ ਯੂਕਰੇਨੀ ਸ਼ਰਤਾਂ ਤਹਿਤ ਸਮਝੌਤੇ ਲਈ ਰਾਜ਼ੀ ਨਹੀਂ ਹੈ। ਨੇੜ ਭਵਿੱਖ ਵਿੱਚ ਇਸ ਜੰਗ ਦਾ ਹਾਂ-ਪੱਖੀ ਨਿਬੇੜਾ ਨਜ਼ਰ ਨਹੀਂ ਆ ਰਿਹਾ। ਇਹ ਜੰਗ ਵਿਸ਼ਵ ਦੀਆਂ ਬਹੁਕੌਮੀ ਹਥਿਆਰ ਕਾਰਪੋਰੇਸ਼ਨਾਂ ਦੇ ਜੰਗੀ ਵਪਾਰ ਦੀ ਸ਼ਾਹਰਗ ਬਣ ਗਈ ਹੈ। ਅਮਰੀਕਾ ਦੇ ਪਿੱਛੇ ਹਟਣ ਤੋਂ ਬਾਅਦ ਵੀ ਪਹਿਲਾਂ ਤੋਂ ਹੀ ਲਮਕਦੀ ਆ ਰਹੀ ਯੂਕਰੇਨ ਜੰਗ ਸੰਭਾਵੀ ਤੌਰ ’ਤੇ ਅੱਗੇ ਵੀ ਜਾਰੀ ਰਹੇਗੀ ਅਤੇ ਗਲੋਬਲ ਸਪਲਾਈ ਚੇਨ ਪ੍ਰਭਾਵਿਤ ਹੋਣ ਨਾਲ ਤੇਲ, ਗੈਸ, ਭੋਜਨ ਪਦਾਰਥਾਂ ਦੀਆਂ ਕੀਮਤਾਂ ਵਿੱਚ ਵਾਧਾ ਜਾਰੀ ਰਹੇਗਾ। ਰੂਸ-ਯੂਕਰੇਨ ਸਮੇਤ ਸੰਸਾਰ ਭਰ ਦੇ ਲੋਕਾਂ ਨੂੰ ਸਾਮਰਾਜੀ ਜੰਗਾਂ ਦੀ ਕੀਮਤ ਤਾਰਨੀ ਪਵੇਗੀ। ਮੌਜੂਦਾ ਸਾਮਰਾਜੀ ਜੰਗਾਂ ਮਨੁੱਖਤਾ ਦੀ ਬੰਦਖਲਾਸੀ ਲਈ ਨਹੀਂ ਬਲਕਿ ਪਿਛਾਂਹ-ਖਿਚੂ ਜਮਾਤਾਂ ਦੀ ਅਦਲਾ-ਬਦਲੀ ਤੇ ਸਾਮਰਾਜੀ ਮੰਡੀ ਦੇ ਵਿਸਤਾਰ ਲਈ ਲੜੀਆਂ ਜਾ ਰਹੀਆਂ ਹਨ। ਉਹਨਾਂ ਨੂੰ ਸਾਮਰਾਜੀ-ਸਰਮਾਏਦਾਰ ਜੰਗਬਾਜ਼ਾਂ ਤੋਂ ਨਿਜਾਤ ਪਾਉਣ ਲਈ ਜੰਗ ਵਿੱਚ ਸ਼ਾਮਲ ਸਾਰੀਆਂ ਤਾਕਤਾਂ ਦਾ ਵਿਰੋਧ ਕਰਨਾ ਚਾਹੀਦਾ ਹੈ।

ਟਰੱਕ ਡਰਾਇਵਰਾਂ ਦੀ ਲੋੜ
8 ਤੋਂ 10 ਹਜ਼ਾਰ ਡਾਲਰ ਕਮਾਓ
TLX ਟਰਾਂਸਪੋਰਟ ਲਿਮਟਿਡ, ਟਰੱਕ ਕੰਪਨੀ ਨੂੰ ਵੈਨਕੂਵਰ ਤੋਂ ਪ੍ਰਿੰਸ ਜਾਰਜ ਰੂਟ ‘ਤੇ ਚੱਲਣ ਲਈ ਤਜਰਬੇਕਾਰ ਡਰਾਇਵਰਾਂ ਦੀ ਲੋੜ ਹੈ। ਚਾਹਵਾਨ 2 ਸਾਲ ਤੋਂ ਵੱਧ ਦਾ ਤਜਰਬਾ ਰੱਖਦਾ ਹੋਵੇ ਅਤੇ ਉਸ ਦਾ ਡਰਾਈਵਰਵਿੰਗ ਰਿਕਾਰਡ ਸਾਫ਼ ਹੋਣਾ ਚਾਹੀਦਾ ਹੈ। 8000 ਤੋਂ 10000 ਡਾਲਰ ਪ੍ਰਤੀ ਮਹੀਨਾ ਤਨਖਾਹ ਸਮੇਤ ਮੈਡੀਕਲ ਲਾਭ ਵੀ ਦਿੱਤੇ ਜਾਣਗੇ।
ਵਧੇਰੇ ਜਾਣਕਾਰੀ ਲਈ
778-982-3900 ਜਾਂ 604-751-1408
ਫੋਨ ‘ਤੇ ਸੰਪਰਕ ਕੀਤਾ ਜਾ ਸਕਦਾ ਹੈ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

# ਕੈਲੰਡਰ ਦੀ ਵਿਥਿਆ

## ਸਮੂਹ ਸੰਗਤਾਂ ਨੂੰ ਨਵੇਂ ਸਾਲ (1 ਚੇਤ /14 ਮਾਰਚ) ਦੀਆ ਲੱਖ-ਲੱਖ ਵਧਾਈਆਂ

ਲੇਖਕ : ਸਰਵਜੀਤ ਸਿੰਘ







ਸਿੱਖ ਰਹਿਤ ਮਰਯਾਦਾ ਤੋਂ ਪਿਛੋਂ ਸ਼ਾਇਦ ਇਹ ਪਹਿਲਾ ਮੌਕਾ ਸੀ ਜਦੋਂ ਸਿੱਖ ਕੌਮ ਦੇ ਵਿਦਵਾਨਾਂ ਨੇ ਇਕ ਦਹਾਕੇ ਤੋਂ ਵੀ ਵੱਧ ਦੀ(1992-2003) ਸੋਚ-ਵਿਚਾਰ ਪਿਛੋਂ ਨਾਨਕਸ਼ਾਹੀ ਕੈਲੰਡਰ ਸਬੰਧੀ ਫੈਸਲਾ ਕੀਤਾ ਸੀ। 2003 ਵਿੱਚ ਲਾਗੂ ਕੀਤੇ ਅਤੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਵੱਲੋਂ ਪ੍ਰਵਾਨੇ ਗਏ ਨਾਨਕਸ਼ਾਹੀ ਕੈਲੰਡਰ ਸਬੰਧੀ ਅਚਾਨਕ 17 ਅਕਤੂਬਰ 2009 ਨੂੰ ਇਹ ਖ਼ਬਰ ਆਈ ਕਿ ਨਾਨਕਸ਼ਾਹੀ ਕੈਲੰਡਰ ਚ ਸੋਧ ਕੀਤੀ ਜਾ ਰਹੀ ਹੈ। ਚਾਹੀਦਾ ਤਾਂ ਇਹ ਸੀ ਕਿ 2003 ਵਿੱਚ ਲਾਗੂ ਕਰਨ ਵੇਲੇ, ਜੋ ਤਿੰਨ ਦਿਹਾੜੇ, ਹੋਲਾ ਮਹੱਲਾ (ਚੇਤ ਵਦੀ 1), ਬੰਦੀ ਛੋੜ ਦਿਵਸ (ਕੱਤਕ ਦੀ ਮੱਸਿਆ) ਅਤੇ ਗੁਰੂ ਨਾਨਕ ਜੀ ਦਾ ਪ੍ਰਕਾਸ਼ ਦਿਵਸ (ਕੱਤਕ ਦੀ ਪੁੰਨਿਆ) ਜਿਨ੍ਹਾਂ ਦੀਆਂ ਤਾਰੀਖਾਂ ਦਾ ਫੈਸਲਾ ਨਾ ਹੋਣ ਕਾਰਨ, ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਕ ਹੀ ਰੱਖ ਲਏ ਗਏ ਸਨ, ਉਨ੍ਹਾਂ ਦਿਹਾੜਿਆਂ ਬਾਰੇ ਕੋਈ ਠੋਸ ਫੈਸਲਾ ਕੀਤਾ ਜਾਂਦਾ ਪਰ ਹੋਇਆ ਇਸ ਦੇ ਉਲਟ। ਚਾਰ ਦਿਹਾੜੇ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ-ਜੇਠ ਸੁਦੀ 4, ਪ੍ਰਕਾਸ਼ ਦਿਵਸ ਗੁਰੂ ਗੋਬਿੰਦ ਸਿੰਘ ਜੀ-ਪੋਹ ਸੁਦੀ 7, ਗੁਰਗੱਦੀ ਦਿਵਸ ਗੁਰੂ ਗ੍ਰੰਥ ਸਾਹਿਬ ਜੀ-ਕੱਤਕ ਸੁਦੀ 2, ਅਤੇ ਜੋਤੀ ਜੋਤ ਦਿਵਸ ਗੁਰੂ ਗੋਬਿੰਦ ਸਿੰਘ ਜੀ-ਕੱਤਕ ਸੁਦੀ 5, ਜਿਨ੍ਹਾਂ ਦੀਆਂ ਤਾਰੀਖਾਂ ਨਾਨਕਸ਼ਾਹੀ ਕੈਲੰਡਰ ਚ ਪੱਕੀਆਂ ਸਨ, ਨੂੰ ਬਦਲ ਕੇ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਕ ਕਰ ਦਿੱਤਾ ਗਿਆ।

**ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ:-** ਚੰਦ ਧਰਤੀ ਦੇ ਦੁਵਾਲੇ ਘੁੰਮਦਾ ਹੈ ਇਹ ਚੱਕਰ 29.53 ਦਿਨ ਵਿਚ ਪੂਰਾ ਕਰਦਾ ਹੈ। ਇਸ ਨੂੰ ਚੰਦ ਦਾ ਇਕ ਮਹੀਨਾ ਕਿਹਾ ਜਾਂਦਾ ਹੈ। ਚੰਦ ਦੇ ਸਾਲ ਚ 12 ਮਹੀਨੇ ਅਤੇ 354.37 ਦਿਨ (354 ਦਿਨ, 8 ਘੰਟੇ, 52 ਮਿੰਟ ਅਤੇ 48 ਸੈਕਿੰਡ) ਹੁੰਦੇ ਹਨ। ਧਰਤੀ ਸੂਰਜ ਦੇ ਦੁਵਾਲੇ ਘੁੰਮਦੀ ਹੈ ਇਸ ਦਾ ਇਕ ਚੱਕਰ 365.242196 ਦਿਨ (365 ਦਿਨ 5 ਘੰਟੇ 48 ਮਿੰਟ 45 ਸੈਕਿੰਡ) ਵਿਚ ਪੂਰਾ ਹੁੰਦਾ ਹੈ ਇਸ ਨੂੰ ਮੌਸਮੀ ਸਾਲ ਕਹਿੰਦੇ ਹਨ। ਇਸ ਤੋਂ ਸਪੱਸ਼ਟ ਹੈ ਕੇ ਚੰਦ ਦਾ ਸਾਲ ਸੂਰਜੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਹੁਣ ਜਦੋਂ ਇਕ ਸਾਲ ਵਿਚ 11 ਦਿਨ, ਦੋ ਸਾਲਾ ਵਿਚ 22 ਦਿਨ ਜਾਂ ਤਿੰਨ ਸਾਲਾਂ ਚ 33 ਦਿਨ, ਚੰਦ ਦਾ ਸਾਲ ਸੂਰਜੀ ਸਾਲ ਤੋਂ ਪਿਛੇ ਰਹਿ ਜਾਂਦਾ ਹੈ ਤਾਂ ਚੰਦ ਦੇ ਸਾਲ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ ਇਸ ਵਿਚ ਇਕ ਵਾਧੂ ਮਹੀਨਾ ਜੋੜ ਦਿੱਤਾ ਜਾਂਦਾ ਹੈ ਉਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਅਤੇ 383/384 ਦਿਨ ਹੁੰਦੇ ਹਨ। ਅਜੇਹਾ 19 ਸਾਲ ਵਿਚ 7 ਵਾਰੀ ਹੁੰਦਾ ਹੈ। ਯਾਦ ਰਹੇ ਪਿਛਲੇ ਸਾਲ (2069 ਸੰਮਤ/2012-2013 ਈ:) ਭਾਦੋਂ ਦੇ ਦੋ ਮਹੀਨੇ ਸਨ ਅਤੇ 2072 ਸੰਮਤ (2015-2016 ਈ:) ਹਾੜ ਦੇ ਦੋ ਮਹੀਨੇ ਹੋਣਗੇ। ਤੇਰਵੇਂ ਮਹੀਨੇ ਨੂੰ ਮਲ ਮਾਸ ਕਿਹਾ ਜਾਂਦਾ ਹੈ। ਇਸ ਚ ਕੋਈ ਸ਼ੁਭ ਕੰਮ ਨਹੀ ਕੀਤਾ ਜਾਂਦਾ। ਇਸ ਮਹੀਨੇ ਜਾਂ ਇਸ ਤੋਂ ਪਿਛੋਂ ਆਉਣ ਵਾਲੇ ਦਿਹਾੜੇ 18/19 ਦਿਨ ਪਛੜ ਕੇ ਮਨਾਏ ਜਾਂਦੇ ਹਨ। ਇਸ ਕੈਲੰਡਰ ਚ ਇਕ ਦਿਨ ਵਿਚ ਦੋ ਤਾਰੀਖਾਂ ਜਾਂ ਦੋ ਦਿਨਾਂ ਚ ਇਕ ਤਾਰੀਖ ਅਕਸਰ ਹੀ ਆਉਂਦੀਆਂ ਰਹਿੰਦੀਆਂ ਹਨ। ਅਜੇਹਾ ਹਰ ਮਹੀਨੇ ਦੋ-ਤਿੰਨ ਵਾਰੀ ਹੁੰਦਾ ਹੈ। ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਕ ਦਿਨ ਦਾ ਅਰੰਭ ਸਵੇਰੇ ਸੂਰਜ ਚੜਨ ਵੇਲੇ ਹੁੰਦਾ ਹੈ

ਸੂਰਜੀ ਬਿਕ੍ਰਮੀ ਕੈਲੰਡਰ:- ਗੁਰੂ ਕਾਲ ਵੇਲੇ ਇਹ ਕੈਲੰਡਰ ਪ੍ਰਚੱਲਤ ਸੀ। ਇਸ ਕੈਲੰਡਰ ਦੇ ਸਾਲ ਦੀ ਲੰਬਾਈ 365.2587 ਦਿਨ ਸੀ। ਇਸ ਨੂੰ ਸੂਰਜੀ ਸਿਧਾਂਤ ਕਿਹਾ ਜਾਂਦਾ ਸੀ। ਲੰਬਾਈ ਮੌਸਮੀ ਸਾਲ ਦੀ ਲੰਬਾਈ (365.24216 ਦਿਨ) ਤੋਂ ਲੱਗ ਭੱਗ 24 ਮਿੰਟ ਵੱਧ ਹੋਣ ਕਾਰਨ ਇਹ 60 ਸਾਲ ਪਿਛੋਂ ਇਕ ਦਿਨ ਅੱਗੇ ਹੋ ਜਾਂਦਾ ਸੀ। ਨਵੰਬਰ 1964 ਚ ਅੰਮ੍ਰਿਤਸਰ ਵਿਖੇ ਵਿਦਵਾਨਾਂ ਦੀ ਇਕੱਤਰਤਾ ਚ ਇਸ ਕੈਲੰਡਰ ਚ ਸੋਧ ਕੀਤੀ ਗਈ। ਸਾਲ ਦੀ ਲੰਬਾਈ 365.25875 ਤੋਂ ਘਟਾ ਕੇ 365.25636 ਕਰ ਦਿੱਤੀ ਗਈ । ਹੁਣ ਇਸ ਨੂੰ ਦ੍ਰਿਕ ਗਿਣਤ ਸਿਧਾਂਤ ਕਿਹਾ ਜਾਂਦਾ ਹੈ। ਇਹ ਲੰਬਾਈ ਵੀ ਮੌਸਮੀ ਸਾਲ ਤੋਂ ਲੱਗ ਭੱਗ 20 ਮਿੰਟ ਵੱਧ ਹੈ। ਹੁਣ ਇਹ 72 ਸਾਲ ਪਿਛੋਂ ਮੌਸਮੀ ਸਾਲ ਤੋਂ ਇਕ ਦਿਨ ਅੱਗੇ ਹੋ ਜਾਂਦਾ ਹੈ। ਇਸ ਸਾਲ ਦੇ ਮਹੀਨੇ ਦਾ ਅਰੰਭ ਸੰਗਰਾਂਦ ਵਾਲੇ ਦਿਨ, ਭਾਵ ਉਸ ਦਿਨ ਹੁੰਦਾ ਹੈ ਜਦੋਂ ਸੂਰਜ ਇਕ ਰਾਸ਼ੀ ਤੋਂ ਦੂਜੀ ਰਾਸ਼ੀ ਵਿੱਚ ਪ੍ਰਵੇਸ਼ ਕਰਦਾ ਹੈ। ਸੂਰਜ ਦਾ ਰਾਸ਼ੀ ਪ੍ਰਵੇਸ਼ ਹਰ ਸਾਲ ਬਦਲਾ ਰਹਿੰਦਾ ਹੈ ਜਿਸ ਕਾਰਨ ਇਸ ਕੈਲੰਡਰ ਦੀਆ ਸੰਗਰਾਦਾਂ ਵੀ ਹਰ ਸਾਲ ਬਦਲਦੀਆਂ ਰਹਿੰਦੀਆਂ ਹਨ। ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਕ ਦਿਨ ਦਾ ਅਰੰਭ ਸਵੇਰੇ ਸੂਰਜ ਚੜਨ ਵੇਲੇ ਹੁੰਦਾ ਹੈ

**ਗਰੈਗੋਰੀਅਨ (ਸੀ: ਈ:) ਕੈਲੰਡਰ:-** ਜੂਲੀਅਨ ਕੈਲੰਡਰ ਵੀ ਸੂਰਜੀ ਕੈਲੰਡਰ ਸੀ ਜਿਸ ਦੇ ਸਾਲ ਦੀ ਲੰਬਾਈ 365.25 ਦਿਨ ਸੀ। ਇਹ ਸਾਲ ਮੌਸਮੀ ਸਾਲ ਤੋਂ ਲੱਗ-ਭੱਗ 128 ਸਾਲ ਪਿਛੋਂ ਇਕ ਦਿਨ ਅੱਗੇ ਹੋ ਜਾਂਦਾ ਸੀ। ਅਕਤੂਬਰ 1582 ਵਿਚ ਇਸ ਚ ਸੋਧ ਕੀਤੀ ਗਈ ਸੀ। ਇਸ ਸੋਧ ਕਾਰਨ 4 ਅਕਤੂਬਰ ਪਿਛੋਂ ਸਿੱਧਾ ਹੀ 15 ਅਕਤੂਬਰ ਕਰ ਦਿੱਤਾ ਗਿਆ ਸੀ। ਭਾਵ 10 ਦਿਨ ਖਤਮ ਕਰ ਦਿੱਤੇ ਗਏ ਸਨ। ਇੰਗਲੈਂਡ ਨੇ ਇਹ ਸੋਧ ਸਤੰਬਰ 1752 ਵਿਚ ਲਾਗੂ ਕੀਤੀ ਸੀ। ਉਦੋਂ 2 ਸਤੰਬਰ ਪਿਛੋਂ 14 ਸਤੰਬਰ ਕਰ ਦਿੱਤੀ ਗਈ ਸੀ ਭਾਵ 11 ਦਿਨ ਖਤਮ ਕਰ ਦਿੱਤੇ ਗਏ ਸਨ। ਹੁਣ ਇਸ ਨੂੰ ਗਰੈਗੋਰੀਅਨ ਕੈਲੰਡਰ ਜਾਂ ਸੀ: ਈ: ਕਹਿੰਦੇ ਹਨ। ਇਸ ਦੇ ਸਾਲ ਦੀ ਲੰਬਾਈ 365.2425 ਦਿਨ ਹੈ। ਇਸ ਕੈਲੰਡਰ ਮੁਤਾਬਕ ਦਿਨ ਦਾ ਅਰੰਭ ਰਾਤ ਦੇ 12 ਵਜੇ ਤੋਂ ਹੁੰਦਾ ਹੈ।

**ਨਾਨਕਸ਼ਾਹੀ ਕੈਲੰਡਰ:-** ਇਹ ਸੂਰਜੀ ਕੈਲੰਡਰ ਹੈ। ਇਸ ਦੇ ਸਾਲ ਦੀ ਲੰਬਾਈ 365.2425 ਦਿਨ ਹੈ। ਜੋ ਮੌਸਮੀ ਸਾਲ (365.242196 ਦਿਨ) ਦੇ ਬਹੁਤ ਹੀ ਨੇੜੇ ਹੈ। ਹੁਣ ਇਹ ਮੌਸਮੀ ਸਾਲ ਤੋਂ ਲੱਗ-ਭੱਗ 3300 ਸਾਲ ਪਿਛੋਂ ਇਕ ਦਿਨ ਅੱਗੇ ਹੋਵੇਗਾ। ਇਸ ਦੇ ਮਹੀਨੇ ਦੇ ਅਰੰਭ ਦੀ ਤਾਰੀਖਾਂ ਸਦਾ ਵਾਸਤੇ ਹੀ ਪੱਕੀਆਂ ਹਨ ਜਿਨ੍ਹਾਂ ਦਾ ਸੂਰਜ ਦੇ ਰਾਸ਼ੀ ਪ੍ਰਵੇਸ਼ ਨਾਲ ਕੋਈ ਸਬੰਧ ਨਹੀਂ ਹੈ। ਜਿਵੇ ਚੇਤ 14 ਮਾਰਚ, ਵੈਸਾਖ 14 ਅਪ੍ਰੈਲ, ਜੇਠ 15 ਮਈ, ਹਾੜ 15 ਜੂਨ, ਸਾਵਣ 16 ਜੁਲਾਈ, ਭਾਦੋਂ 16 ਅਗਸਤ, ਅੱਸੂ 15 ਸਤੰਬਰ, ਕੱਤਕ 15 ਅਕਤੂਬਰ, ਮੱਘਰ 14 ਨਵੰਬਰ, ਪੋਹ 14 ਦਸੰਬਰ, ਮਾਘ 13 ਜਨਵਰੀ ਅਤੇ ਫੱਗਣ 12 ਫਰਵਰੀ। ਨਾਨਕ ਸ਼ਾਹੀ ਕੈਲੰਡਰ ਦੇ ਦਿਨ ਦਾ ਅਰੰਭ ਰਾਤ 12 ਵਜੇ ਤੋਂ ਹੁੰਦਾ ਹੈ ਜਦੋਂ ਕਿ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਅਤੇ ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਕ ਦਿਨ ਦਾ ਅਰੰਭ ਸੂਰਜ ਦੇ ਚੜਨ ਵੇਲੇ ਹੁੰਦਾ ਹੈ ਭਾਵ ਹਰ ਦਿਨ ਦਾ ਅਰੰਭ, ਹਰ ਰੋਜ ਵੱਖ-ਵੱਖ ਅਸਥਾਨਾਂ ਤੇ ਵੱਖ-ਵੱਖ ਸਮੇ ਹੁੰਦਾ ਹੈ। ਨਾਨਕਸ਼ਾਹੀ ਕੈਲੰਡਰ, ਕਨੇਡਾ ਨਿਵਾਸੀ ਸਿੱਖ ਵਿਦਵਾਨ ਸ. ਪਾਲ ਸਿੰਘ ਪੁਰੇਵਾਲ ਜੀ ਨੇ ਬਹੁਤ ਹੀ ਮਿਹਨਤ ਨਾਲ ਬਣਾਇਆ ਸੀ ਅਤੇ ਲੱਗ-ਭੱਗ 10 ਸਾਲ ਦੀ ਸੋਚ ਵਿਚਾਰ ਤੋਂ ਪਿਛੋਂ ਸ਼੍ਰੋਮਣੀ ਕਮੇਟੀ ਨੇ 2003 ਚ ਇਹ ਕੈਲੰਡਰ ਲਾਗੂ ਕੀਤਾ ਗਿਆ ਸੀ। ਦੇਸ-ਵਿਦੇਸ਼ ਦੀਆਂ ਸੰਗਤਾਂ ਨੇ ਇਸ ਨੂੰ ਖੁਸ਼ੀ-ਖੁਸ਼ੀ ਪ੍ਰਵਾਨ ਕਰ ਲਿਆ ਸੀ।

ਧੁਮੱਕੜਸ਼ਾਹੀ ਕੈਲੰਡਰ:- ਸ਼੍ਰੋਮਣੀ ਕਮੇਟੀ ਵੱਲੋਂ 2003 ਵਿੱਚ ਜਾਰੀ ਕੀਤੇ ਗਏ ਨਾਨਕਸ਼ਾਹੀ ਕੈਲੰਡਰ ਸਬੰਧੀ ਅਚਾਨਕ ਹੀ 17 ਅਕਤੂਬਰ 2009 ਨੂੰ ਇਹ ਖ਼ਬਰ ਆ ਗਈ ਕਿ ਇਸ ਕੈਲੰਡਰ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' (ਸੰਤਾਂ ਦੀ ਯੂਨੀਅਨ) ਦੇ ਕਹਿਣ ਤੇ ਵਿਚ ਸੋਧ ਕੀਤੀ ਜਾ ਰਹੀ ਹੈ। ਇਸ ਸੋਧ ਲਈ ਸੁਝਾਓ ਦੇਣ ਵਾਸਤੇ ਦੋ ਮੈਂਬਰੀ ਕਮੇਟੀ ਬਣਾ ਗਈ ਜਿਸ ਚ ਹਰਨਾਮ ਸਿੰਘ ਧੁੰਮਾ ਅਤੇ ਅਵਤਾਰ ਸਿੰਘ ਮੱਕੜ ਸ਼ਾਮਲ ਸਨ। ਇਸ ਦੋ ਮੈਂਬਰੀ ਕਮੇਟੀ ਨੇ ਚਾਰ ਦਿਹਾੜੇ, ਸ਼ਹੀਦੀ ਗੁਰੂ ਅਰਜਨ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ, ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ ਜੋਤ ਦਿਹਾੜਾ ਅਤੇ ਗੁਰੂ ਗ੍ਰੰਥ ਸਾਹਿਬ ਦਾ ਗੁਰ ਗੱਦੀ ਦਿਵਸ, ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਭਾਵ ਵਦੀ-ਸੁਦੀ ਮੁਤਾਬਕ ਮਨਾਉਣ ਅਤੇ ਮਹੀਨੇ ਦਾ ਅਰੰਭ ਦੀ ਤਾਰੀਖ (ਸੰਗਰਾਦ) ਨੂੰ ਸੂਰਜ ਦੇ ਇਕ ਰਾਸ਼ੀ ਤੋਂ ਦੂਜੀ ਰਾਸ਼ੀ ਚ ਪ੍ਰਵੇਸ਼ ਕਰਨ ਦੀ ਤਾਰੀਖ ਨਾਲ ਨੱਥੀ ਕਰਨ ਦੀ ਸਿਫ਼ਾਰਿਸ਼ ਕਰ ਦਿੱਤੀ। ਸ਼੍ਰੋਮਣੀ ਕਮੇਟੀ ਵੱਲੋਂ 14 ਮਾਰਚ 2010 ਤੋਂ ਇਹ ਕੈਲੰਡਰ ਲਾਗੂ ਕਰ ਦਿੱਤਾ ਗਿਆ।

ਇਸ ਕੈਲੰਡਰ ਦਾ ਨਾਮ ਨਾਨਕਸ਼ਾਹੀ, ਸਾਲ ਦੀ ਲੰਬਾਈ 365.25636 ਦਿਨ, ਜਿਸ ਮੁਤਾਬਕ ਹੁਣ ਇਹ ਸਾਲ ਮੌਸਮੀ ਸਾਲ ਤੋਂ 72 ਸਾਲ ਪਿਛੋਂ ਇਕ ਦਿਨ ਅੱਗੇ ਹੋ ਜਾਵੇਗਾ। ਮਹੀਨੇ ਦਾ ਅਰੰਭ ਸੂਰਜ ਦੇ ਨਵੀਂ ਰਾਸ਼ੀ ਚ ਪ੍ਰਵੇਸ਼ ਨਾਲ, ਜਿਸ ਕਾਰਨ ਹਰ ਸਾਲ ਤਿੰਨ-ਚਾਰ ਤਾਰੀਖਾਂ ਬਦਲ ਜਾਦੀਆਂ ਹਨ, ਕੁਝ ਦਿਹਾੜੇ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਕ, ਕੁਝ ਦਿਹਾੜੇ ਸੀ ਈ ਕੈਲੰਡਰ ਮੁਤਾਬਕ ਅਤੇ ਬਹੁਤੇ ਦਿਹਾੜਿਆਂ ਦੀਆਂ ਤਾਰੀਖਾਂ ਤਾਂ ਨਾਨਕਸ਼ਾਹੀ ਕੈਲੰਡਰ ਵਾਲੀਆ ਹੀ ਰੱਖ ਲਈਆਂ ਹਨ ਪਰ ਮਹੀਨੇ ਦਾ ਅਰੰਭ ਸੂਰਜ ਦੇ ਨਵੀ ਰਾਸ਼ੀ ਚ ਪ੍ਰਵੇਸ਼ ਕਰਨ ਨਾਲ ਨੱਥੀ ਹੋਣ ਕਾਰਨ ਇਤਿਹਾਸਿਕ ਦਿਹਾੜਿਆਂ ਦੀਆਂ ਤਾਰੀਖਾਂ ਹਰ ਸਾਲ ਇਕ ਦਿਨ ਅੱਗੜ-ਪਿੱਛੜ ਹੋ ਜਾਦੀਆਂ ਹਨ। ਜਿਵੇ ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਕੀਤੇ 2013-14 ਦੇ ਕੈਲੰਡਰ ਚ, ਜੋਤੀ ਜੋਤ ਗੁਰੂ ਨਾਨਕ ਦੇਵ ਜੀ 22 ਸਤੰਬਰ ਦਾ ਦਰਜ ਹੈ ਜਿਸ ਮੁਤਾਬਕ ਇਹ ਸੱਤ ਅੱਸੂ ਬਣਦਾ ਹੈ ਜਦੋਂ ਕਿ ਇਤਿਹਾਸਕ ਤੌਰ ਤੇ ਇਹ ਤਾਰੀਖ ਅੱਠ ਅੱਸੂ ਹੈ। ਅਗਲੇ ਸਾਲ ਨੂੰ ਇਹ ਦਿਹਾੜਾ 6 ਅੱਸੂ ਨੂੰ ਆਵੇਗਾ। ਦੂਜੇ ਸ਼ਬਦਾਂ ਚ ਇਹ ਕਿਹਾ ਜਾ ਸਕਦਾ ਹੈ ਅੱਜ ਸਾਡੇ ਸਾਹਮਣੇ ਸ਼੍ਰੋਮਣੀ ਕਮੇਟੀ ਵੱਲੋਂ ਸਾਡੇ ਇਤਹਾਸ ਨੂੰ ਵਿਗਾੜਨ ਦਾ ਕੋਝਾ ਯਤਨ ਕੀਤਾ ਜਾ ਰਿਹਾ ਹੈ। ਤਰਮੀਮ ਤੋਂ ਪਿਛੋਂ ਇਸ ਕੈਲੰਡਰ ਨੂੰ ਨਾਨਕਸ਼ਾਹੀ ਕੈਲੰਡਰ ਕਹਿਣਾ ਹੀ ਗਲਤ ਹੈ। ਇਸ ਕੈਲੰਡਰ ਦਾ ਨਾਮ ਦੋ ਮੈਂਬਰੀ ਕੈਲੰਡਰ ਵਿਗਾੜੂ ਕਮੇਟੀ (ਧੁਮਾ ਅਤੇ ਮੱਕੜ) ਦੇ ਨਾਮ ਤੇ ਧੁਮੱਕੜਸ਼ਾਹੀ ਕੈਲੰਡਰ ਜਿਆਦਾ ਢੁੱਕਵਾਂ ਹੈ।

ਸ਼੍ਰੋਮਣੀ ਕਮੇਟੀ ਵੱਲੋਂ 8 ਫਰਵਰੀ 2013 ਨਾਨਕਸ਼ਾਹੀ ਦਾ ਵਿਗਾੜਿਆ ਹੋਇਆ ਰੂਪ ਜਾਰੀ ਕਰ ਦਿੱਤਾ ਗਿਆ ਹੈ। ਜਿਸ ਦੀਆਂ ਖਾਸ ਵਿਸ਼ੇਸ਼ਤਾਈਆਂ ਹੇਠ ਲਿਖੇ ਅਨੁਸਾਰ ਹਨ।

**ਇਕ ਦਿਨ ਇਕ ਤੋਂ ਵੱਧ ਗੁਰਪੁਰਬ:**

16 ਅਪ੍ਰੈਲ, ਵੈਸਾਖ 4 ਦਿਨ ਮੰਗਲਵਾਰ।

(1) ਜੋਤੀ ਜੋਤ ਸ੍ਰੀ ਗੁਰੂ ਅੰਗਦ ਦੇਵ ਜੀ।

(2) ਗੁਰਗੱਦੀ ਸ੍ਰੀ ਗੁਰੂ ਅਮਰ ਦਾਸ ਜੀ

(3) ਜੋਤੀ-ਜੋਤ ਸ੍ਰੀ ਹਰ ਕ੍ਰਿਸ਼ਨ ਜੀ

(4) ਗੁਰਗੱਦੀ ਸ੍ਰੀ ਗੁਰੂ ਤੇਗ ਬਹਾਦਰ ਜੀ

16 ਸਤੰਬਰ, ਅੱਸੂ 1 ਦਿਨ ਸੋਮਵਾਰ।

(1) ਗੁਰਗੱਦੀ ਸ੍ਰੀ ਗੁਰੂ ਰਾਮਦਾਸ ਜੀ।

(2) ਜੋਤੀ-ਜੋਤ ਸ੍ਰੀ ਗੁਰੂ ਅਮਰਦਾਸ ਜੀ।

(3) ਗੁਰਗੱਦੀ ਸ੍ਰੀ ਗੁਰੂ ਅਰਜਨ ਦੇਵ ਜੀ।

(4) ਜੋਤੀ-ਜੋਤ ਸ੍ਰੀ ਗੁਰੂ ਰਾਮਦਾਸ ਜੀ।

ਖਾਲਸਾ ਜੀ ਸੋਚੋ! ਜਿਹੜੇ ਬਾਬਿਆਂ ਅਤੇ ਸੰਸਥਾਵਾਂ ਨੇ 2003 ਤੋਂ ਹੀ ਟਿੰਡ ਵਿਚ ਕਾਨਾ ਪਾਇਆ ਹੋਇਆ ਸੀ ਕਿ ਇਕ ਦਿਨ ਵਿਚ ਹੀ ਦੋ-ਦੋ, ਤਿੰਨ-ਤਿੰਨ ਗੁਰਪੁਰਬ ਇਕੱਠੇ ਹੀ ਆਉਂਦੇ ਹਨ, ਹੁਣ ਇਹ ਬਾਬੇ ਇਕੋ ਸਮੇਂ ਹੀ ਪ੍ਰਕਾਸ਼, ਗੁਰਗੱਦੀ ਅਤੇ ਜੋਤੀ-ਜੋਤ ਦਿਹਾੜਾ ਕਿਵੇਂ ਮਨਾਉਣਗੇ? ਜੇ ਇਨ੍ਹਾਂ ਨੂੰ ਹੁਣ ਇਕ ਦਿਨ ਵਿਚ ਹੀ ਚਾਰ-ਚਾਰ ਗੁਰਪੁਰਬ ਮਨਾਉਣ ਤੇ ਕੋਈ ਦਿੱਕਤ ਨਹੀ ਹੈ ਤਾਂ ਨਾਨਕਸ਼ਾਹੀ ਕੈਲੰਡਰ ਮੁਤਾਬਕ ਇਨ੍ਹਾਂ ਨੂੰ ਤਕਲੀਫ਼ ਕਿਓ ਹੁੰਦੀ ਸੀ? ਸੋ ਸਪੱਸ਼ਟ ਹੈ ਕਿ ਇਨ੍ਹਾਂ ਦੀ ਸਮੱਸਿਆ ਤਾਂ ਸਿਰਫ ਅਤੇ ਸਿਰਫ ਸਿੱਖਾਂ ਕੌਮ ਦੀ ਨਿਆਰੀ ਹੋਂਦ ਦੇ ਪ੍ਰਤੀਕ ਨਾਨਕਸ਼ਾਹੀ ਕੈਲੰਡਰ ਹੀ ਸੀ; ਜਿਸ ਦੀ ਰੂਹ ਦਾ ਕਤਲ ਇਨ੍ਹਾਂ ਨੇ ਬਹੁਤ ਹੀ ਬੇਕਿਰਕੀ ਨਾਲ ਕਰ ਦਿੱਤਾ ਹੈ। ਉਪ੍ਰੋਕਤ ਦਰਜ ਕੀਤੇ ਗਏ ਚਾਰ ਪੁਰਬ ਜੋ ਇਕੋ ਦਿਨ ਹੀ ਮਨਾਏ ਜਾਣਗੇ, ਉਸ ਦਿਨ ਵਿਗਾੜੇ ਗਏ ਕੈਲੰਡਰ ਮੁਤਾਬਕ 4 ਵੈਸਾਖ/16 ਅਪ੍ਰੈਲ ਦਿਨ ਮੰਗਲਵਾਰ, ਚੇਤਰ ਸੁਦੀ 6 ਹੋਵੇਗੀ।

**ਸ਼੍ਰੋਮਣੀ ਕਮੇਟੀ ਦੀ ਵੈਬ ਸਾਈਟ ਮੁਤਾਬਕ :**

(1) ਜੋਤੀ ਜੋਤ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਗੁਰਗੱਦੀ ਅਮਰ ਦਾਸ ਜੀ, 29 ਮਾਰਚ 1552 (ਜੂਲੀਅਨ) 3 ਵੈਸਾਖ , ਚੇਤ ਸੁਦੀ 4, ਮੰਗਲਵਾਰ ਸੰਮਤ 1609 ਬਿਕ੍ਰਮੀ ਸੀ।

4) ਜੋਤੀ-ਜੋਤ ਸ੍ਰੀ ਹਰਿਕ੍ਰਿਸ਼ਨ ਜੀ, 30 ਮਾਰਚ 1664(ਜੂਲੀਅਨ), 3 ਵੈਸਾਖ, ਚੇਤ ਸੁਦੀ 14 ਸੰਮਤ 1721 ਬਿਕ੍ਰਮੀ।

ਇਸ ਸਾਲ ਇਹ ਦਿਹਾੜੇ ਬਿਕ੍ਰਮੀ ਕੈਲੰਡਰ ਮੁਤਾਬਕ 4 ਵੈਸਾਖ ਨੂੰ ਮਨਾਏ ਜਾਣਗੇ ਜਦੋਂ ਕਿ ਸ਼੍ਰੋਮਣੀ ਕਮੇਟੀ ਦੀ ਵੈਬ ਸਾਈਟ ਮੁਤਾਬਕ ਇਹ ਦਿਹਾੜੇ 3 ਵੈਸਾਖ ਨੂੰ ਆਉਣੇ ਚਾਹੀਦੇ ਹਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੈਲੰਡਰ ਸੋਧਕ ਕਮੇਟੀ ਦੇ ਦੋ ਮੈਂਬਰਾਂ, ਭਾਈ ਹਰਨਾਮ ਸਿੰਘ ਧੁੰਮਾ ਅਤੇ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਇਹ ਦਿਹਾੜੇ ਵਦੀਆਂ-ਸੁਦੀਆਂ ਮੁਤਾਬਕ (ਚੇਤ ਸੁਦੀ 4 ਅਤੇ ਚੇਤ ਸੁਦੀ 14) ਕਿਉ ਨਹੀ ਰੱਖੇ? ਇਹ ਕੀ ਤਰੀਕਾ ਹੋਇਆ ਕਿ ਆਪਣੀ ਮਰਜ਼ੀ ਨਾਲ ਹੀ ਕੋਈ ਦਿਹਾੜਾ ਚੰਦਰ-ਸੂਰਜੀ ਬਿਕ੍ਰਮੀ ਮੁਤਾਬਕ ਅਤੇ ਕੋਈ ਸੀ: ਈ: ਮੁਤਾਬਕ ਰੱਖ ਲਿਆ ਗਿਆ ਹੈ।

ਧੁਮੱਕੜਸ਼ਾਹੀ ਕੈਲੰਡਰ ਵਿਚ ਹੁਣ ਮਹੀਨੇ ਦਾ ਅਰੰਭ ਉਸੇ ਦਿਨ ਹੁੰਦਾ ਹੈ ਜਦੋਂ ਸੂਰਜ ਇਕ ਰਾਸ਼ੀ ਨੂੰ ਛੱਡ ਕਿ ਦੂਜੀ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ। ਸੂਰਜ ਇਕ ਰਾਸ਼ੀ 'ਚ ਦੂਜੀ ਰਾਸ਼ੀ ਵਿਚ ਕਦੋਂ ਪ੍ਰਵੇਸ਼ ਕਰੇਗਾ ਜਾਂ ਗੋਲਕ ਦਾ ਢਿੱਡ ਭਰਨ ਲਈ ਸੰਗਰਾਦ ਕਿਸ ਦਿਨ ਮਨਾਈ ਜਾਵੇਗੀ, ਗੁਰਦੁਆਰਾ ਕਮੇਟੀਆਂ ਨੂੰ ਇਹ ਸਵਾਲ ਕੁਰਾਲੀ ਦੇ ਪੰਡਤਾਂ ਤੋਂ ਪੁੱਛਣਾ ਪਿਆ ਕਰੇਗਾ। ਸਾਧ ਬਾਬਿਆਂ ਵਲੋ ਨਾਨਕਸ਼ਾਹੀ ਕੈਲੰਡਰ ਦੇ ਵਿਰੋਧ ਕਰਨ ਦਾ ਕਾਰਨ ਹੁਣ ਵਿਗਾੜੇ ਗਏ ਕੈਲੰਡਰ ਤੋਂ ਸਪੱਸ਼ਟ ਹੋ ਗਿਆ ਹੈ। ਇਸ ਵਿਰੋਧ ਦਾ ਕਾਰਨ ਸਿਰਫ ਇਹ ਸੀ ਕਿ ਨਾਨਕਸ਼ਾਹੀ ਕੈਲੰਡਰ ਚ ਮਹੀਨੇ ਦਾ ਅਰੰਭ ਇਕ ਖਾਸ ਤਾਰੀਖ ਨੂੰ ਹੁੰਦਾ ਹੈ ਜਿਸ ਦਾ ਸੂਰਜ ਦੇ ਰਾਸ਼ੀ ਪ੍ਰਵੇਸ਼ ਨਾਲ ਕੋਈ ਸਬੰਧ ਨਹੀ ਹੈ।

ਖਾਲਸਾ ਜੀ, ਕਰੋ ਦਰਸ਼ਨ ! ਜੋ ਸ਼੍ਰੋਮਣੀ ਕਮੇਟੀ ਵੱਲੋਂ ਨਾਨਕ ਸ਼ਾਹੀ ਸੰਮਤ ੫੪੫ (2013-14 ਸੀ: ਈ:) ਦੇ ਨਾਮ ਹੇਠ ਸਿੱਖ ਸੰਗਤ ਨੂੰ ਪਰੋਸਿਆ ਗਿਆ ਹੈ।

19 ਅਪ੍ਰੈਲ- ਸ੍ਰੀ ਰਾਮ ਨੌਮੀ, 24 ਅਪ੍ਰੈਲ-ਮਹਾਂਵੀਰ ਜਯੰਤੀ। 12 ਮਈ, ਪਰਸ਼ੂਰਾਮ ਜਯੰਤੀ। 25 ਮਈ, ਮਹਾਤਮਾ ਬੁੱਧ ਜਯੰਤੀ। 20 ਸਤੰਬਰ, ਸ੍ਰੀ ਕਿਸ਼ਨ ਜਨਮ-ਅਸ਼ਟਮੀ। 9 ਅਗਸਤ, ਈਦ-ਉਲ-ਫਿਤਰ। 28 ਅਗਸਤ, ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ। 14 ਸਤੰਬਰ, ਜਨਮ ਬਾਬਾ ਸ੍ਰੀ ਚੰਦ। 2 ਅਕਤੂਬਰ, ਜਨਮ ਮਹਾਤਮਾ ਗਾਂਧੀ। 5 ਅਕਤੂਬਰ, ਅਗਰ ਸੈਨ ਜਯੰਤੀ। 12 ਅਕਤੂਬਰ, ਸ੍ਰੀ ਦੁਰਗਾ ਅਸ਼ਟਮੀ। 18 ਅਕਤੂਬਰ, ਜਨਮ ਰਿਸੀ ਬਾਲਮੀਕ ਜੀ। 4 ਨਵੰਬਰ, ਵਿਸ਼ਵਕਰਮਾ ਦਿਵਸ। 14 ਨਵੰਬਰ, ਮੁਹੱਰਮ (ਤਾਜ਼ੀਏ), 25 ਦਸੰਬਰ ਕ੍ਰਿਸਮਿਸ-ਡੇ ਅਤੇ 27 ਮਾਰਚ ਸ੍ਰੀ ਮਹਾਂ ਸ਼ਿਵਰਾਤਰੀ।

ਕੀ ਹੁਣ ਆਪਣੇ ਆਪ ਨੂੰ ਸਿੱਖਾਂ ਦੀ ਸ਼੍ਰੋਮਣੀ ਅਖਵਾਉਣ ਵਾਲੀ ਕਮੇਟੀ, ਉਪ੍ਰੋਕਤ ਦਿਨ-ਤਿਉਹਾਰ ਵੀ ਮਨਾਇਆ ਕਰੇਗੀ? ਜੇ ਨਹੀ ਤਾਂ ਸਵਾਲ ਪੈਂਦਾ ਹੁੰਦਾ ਹੈ ਕਿ ਸਿੱਖਾਂ ਦੇ ਧਾਰਮਿਕ ਕੈਲੰਡਰ ਵਿਚ ਇਨ੍ਹਾਂ ਦਾ ਵੇਰਵਾ ਦਰਜ ਕਰਨ ਦੀ ਲੋੜ ਕਿਓ ਪਈ? ਇਹ ਸਿੱਖਾਂ ਦਾ ਧਾਰਮਿਕ ਕੈਲੰਡਰ ਹੈ ਨਾ ਕਿ ਪੰਜਾਬ ਸਰਕਾਰ ਦਾ ਕੈਲੰਡਰ। ਇਹ ਸਾਰੇ ਦਿਹਾੜੇ ਤਾਂ ਸ਼ਾਇਦ ਸਰਕਾਰੀ ਕੈਲੰਡਰ ਵਿਚ ਵੀ ਦਰਜ ਨਾਂ ਹੋਣ। ਨਾਨਕਸ਼ਾਹੀ ਕੈਲੰਡਰ ਵਿਚ, ਕਿਉਂਕਿ ਮਹੀਨੇ ਦੇ ਅਰੰਭ ਦੀ ਤਾਰੀਖ ਵੀ ਪੱਕੀ ਕਰ ਦਿੱਤੀ ਗਈ ਸੀ ਇਸ ਕਰਕੇ ਸਾਰੇ ਹੀ ਦਿਹਾੜੇ ਹਰ ਸਾਲ ਇਕ ਪੱਕੀ ਤਾਰੀਖ ਨੂੰ ਹੀ ਆਉਂਦੇ ਹਨ। ਵਿਗਾੜੇ ਗਏ ਕੈਲੰਡਰ ਵਿਚ ਸੰਗਰਾਂਦ ਸੂਰਜ ਦੇ ਰਾਸ਼ੀ ਪ੍ਰਵੇਸ਼ ਮੁਤਾਬਕ ਆਵੇਗੀ। ਹੁਣ ਕੋਈ ਵੀ ਪੁਰਬ ਪੱਕੀ ਤਾਰੀਖ ਨੂੰ ਨਹੀ ਆਵੇਗਾ ਭਾਵੇ ਕਿ ਸਿਰਫ ਚਾਰ ਗੁਰਪੁਰਬਾਂ ਦੀਆਂ ਤਰੀਖਾਂ ਹੀ ਚੰਦਰ-ਸੂਰਜੀ ਬਿਕ੍ਰਮੀ ਅਨੁਸਾਰ ਬਦਲੀਆਂ ਗਈਆਂ ਹਨ।

ਧੁਮੱਕੜਸ਼ਾਹੀ ਕੈਲੰਡਰ ਚ ਗੁਰੂ ਨਾਨਕ ਜੀ ਦਾ ਪ੍ਰਕਾਸ਼ ਦਿਹਾੜਾ ਤਾ ਚੰਦਰ-ਸੂਰਜੀ ਮੁਤਾਬਕ ਹੈ ਪਰ ਜੋਤੀ ਜੋਤ ਦਿਹਾੜਾ 8 ਅੱਸੂ ਸੂਰਜੀ ਬਿਕ੍ਰਮੀ ਮੁਤਾਬਕ ਹੈ। 8 ਅੱਸੂ/22 ਸਤੰਬਰ ਤਾਂ ਨਾਨਕਸ਼ਾਹੀ ਵਾਲੀ ਹੈ ਪਰ ਮਹੀਨੇ ਦਾ ਅਰੰਭ (ਸੰਗਰਾਦ) ਸੂਰਜੀ ਬਿਕ੍ਰਮੀ ਦ੍ਰਿਕਗਿਣਤ ਮੁਤਾਬਕ ਹੋਣ ਕਰਕੇ ਇਸ ਸਾਲ ਇਹ ਦਿਹਾੜਾ 22 ਸਤੰਬਰ /7 ਅੱਸੂ ਨੂੰ ਆਵੇਗਾ ਅਤੇ ਅਗਲੇ ਸਾਲ 22 ਸਤੰਬਰ 6 ਅੱਸੂ ਨੂੰ ਹੋਵੇਗਾ। ਜਦੋਂ ਕਿ ਇਤਿਹਾਸਿਕ ਤੌਰ ਦੇ ਇਹ ਦਿਹਾੜਾ 8 ਅੱਸੂ ਦਾ ਹੈ। ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਅਤੇ ਗੁਰਗੱਦੀ ਦਿਹਾੜੇ ਦੀ ਤਾਰੀਖ ਨਾਨਕ ਸ਼ਾਹੀ ਵਾਲੀ ਪਰ ਸ਼ਹੀਦੀ ਦਿਹਾੜਾ ਚੰਦਰ-ਸੂਰਜੀ ਬਿਕ੍ਰਮੀ ਮੁਤਾਬਕ। ਗੁਰੂ ਅਰਜਨ ਦੇਵ ਜੀ ਸ਼ਹੀਦੀ ਦਿਹਾੜਾ ਜੇਠ ਸੁਦੀ 4 ਮੁਤਾਬਕ 2013 ਵਿਚ 12 ਜੂਨ, 2014 ਵਿੱਚ 1 ਜੂਨ, 2015 ਵਿੱਚ 22 ਮਈ, ਅਤੇ 2016 ਵਿੱਚ 8 ਜੂਨ, 2017 ਵਿੱਚ 29 ਮਈ ਨੂੰ ਆਵੇਗਾ। ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਗੱਦੀ ਦਿਵਸ ਹਰ ਸਾਲ 11 ਜੂਨ ਨੂੰ ਆਵੇਗਾ। 2012 ਵਿੱਚ ਜੇਠ ਸੁਦੀ 4 ਮੁਤਾਬਕ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਤਾਂ 24 ਮਈ ਨੂੰ ਸੀ ਪਰ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਗੱਦੀ ਦਿਵਸ 11 ਜੂਨ ਨੂੰ ਮਨਾਇਆ ਗਿਆ ਸੀ ਤਾਂ ਸਵਾਲ ਪੈਦਾ ਹੋਇਆ ਸੀ ਕਿ ਗੁਰੂ ਅਰਜਨ ਦੇਵ ਜੀ 24 ਮਈ ਨੂੰ ਸ਼ਹੀਦ ਹੋ ਗਏ ਸਨ, 11 ਜੂਨ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਗੱਦੀ ਕਿਸ ਨੇ ਦਿੱਤੀ ਸੀ? ਅਤੇ 24 ਮਈ ਤੋਂ 11 ਜੂਨ ਦੇ ਦਰਮਿਆਨ ਗੁਰਗੱਦੀ ਤੇ ਕੌਣ ਵਿਰਾਜ ਮਾਨ ਸੀ? ਇਸ ਸਵਾਲ ਦਾ ਜਵਾਬ ਅੱਜ ਤਾਈ ਨਹੀਂ ਆਇਆ। ਅਜੇਹੀ ਸਥਿਤੀ ਹੀ 2014,15,16 ਅਤੇ 17 ਵਿੱਚ ਵੀ ਹੋਵੇਗੀ।

ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਅਤੇ ਜੋਤੀ ਜੋਤ ਦਿਹਾੜਾ ਚੰਦਰ-ਸੂਰਜੀ ਬਿਕ੍ਰਮੀ ਮੁਤਾਬਕ ਅਤੇ ਗੁਰਗੱਦੀ ਦਿਵਸ 11 ਮੱਘਰ/24 ਨਵੰਬਰ, ਇਹ ਤਾਰੀਖ ਨਾਨਕਸ਼ਾਹੀ ਕੈਲੰਡਰ ਦੀ ਹੈ।

# ਸੂਚਨਾ ਦੀ ਬੰਬਾਰੀ ਵਿੱਚ ਗਾਇਬ ਹੁੰਦਾ ਸੱਚ

ਲੇਖਕ : ਸੁੱਚਾ ਸਿੰਘ ਗਿੱਲ
ਸੰਪਰਕ: 98550-82857



ਸਮਾਜ ਜਿਸ ਦੌਰ ਵਿੱਚੋਂ ਲੰਘ ਰਿਹਾ ਹੈ, ਉਸ ਵਿੱਚ ਬਹੁਤ ਸਾਰੀ ਸੂਚਨਾ ਅਤੇ ਅੰਕੜੇ ਇਕੱਠੇ ਕੀਤੇ ਜਾ ਰਹੇ ਹਨ। ਇਨ੍ਹਾਂ ਵਿੱਚੋਂ ਕੁਝ ਅੰਕੜਿਆਂ ਨਾਲ ਲੋਕਾਂ 'ਤੇ ਵੱਖ-ਵੱਖ ਤਰੀਕਿਆਂ ਨਾਲ ਸੂਚਨਾ ਦੀ ਬੰਬਾਰੀ ਹੋ ਰਹੀ ਹੈ। ਇਹ ਬੰਬਾਰੀ ਕਈ ਪਾਸਿਆਂ ਤੋਂ ਹੋ ਰਹੀ ਹੈ। ਇਸ ਵਿੱਚ ਸਰਕਾਰ ਅਤੇ ਮੀਡੀਆ ਤੋਂ ਇਲਾਵਾ ਹੋਰ ਤੱਤ ਵੀ ਸ਼ਾਮਲ ਹਨ। ਨਵੀਂ ਤਕਨਾਲੋਜੀ ਆਉਣ ਨਾਲ ਨਵੇਂ ਤਰੀਕੇ ਵੀ ਆ ਗਏ ਹਨ ਅਤੇ ਨਵੀਆਂ ਆਰਥਿਕ ਸਮਾਜਿਕ ਤਬਦੀਲੀਆਂ ਨੇ ਇਸ ਵਾਸਤੇ ਮਾਹੌਲ ਵੀ ਪੈਦਾ ਕੀਤਾ ਹੈ। ਲੋਕਾਂ ਨੂੰ ਸੂਚਨਾ ਦੇ ਹੜ੍ਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਸਮਿਆਂ ਵਿੱਚ ਇਹ ਸਮਝਣਾ ਅਤੇ ਫ਼ੈਸਲਾ ਕਰਨਾ ਮੁਸ਼ਕਿਲ ਹੋ ਗਿਆ ਹੈ ਕਿ ਅਸਲੀਅਤ ਕੀ ਹੈ ਅਤੇ ਅਫਵਾਹ ਕੀ ਹੈ? ਮਸਲਿਆਂ ਦੀ ਤਹਿ ਤੱਕ ਪਹੁੰਚਣ ਲਈ ਬਣੀਆਂ ਸੰਸਥਾਵਾਂ ਜਾਂ ਤਾਂ ਕੰਮ ਨਹੀਂ ਕਰ ਰਹੀਆਂ ਜਾਂ ਕਮਜ਼ੋਰ ਕਰ ਦਿੱਤੀਆਂ ਗਈਆਂ ਹਨ। ਇਸ ਕਰ ਕੇ ਲੋਕਾਂ ਤੋਂ ਸੱਚ ਛੁਪਾਇਆ ਜਾ ਰਿਹਾ ਜਾਂ ਗ਼ਾਇਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਕੁਝ ਦਹਾਕੇ ਪਹਿਲਾਂ ਲੋਕਾਂ ਕੋਲ ਸੂਚਨਾ ਅਖ਼ਬਾਰਾਂ ਰਸਾਲਿਆਂ ਜਾਂ ਸਰਕਾਰੀ ਰੇਡੀਓ ਤੇ ਟੈਲੀਵਿਜ਼ਨ ਰਾਹੀਂ ਪਹੁੰਚਦੀ ਸੀ। ਇਨ੍ਹਾਂ ਦੇ ਐਡੀਟਰ ਅਤੇ ਪੱਤਰਕਾਰ ਸੂਚਨਾ ਲੋਕਾਂ ਤੱਕ ਪਹੁੰਚਾਉਂਦੇ ਸਨ ਜਿਸ ਦੇ ਸਹੀ ਜਾਂ ਸੱਚੇ ਹੋਣ ਬਾਰੇ ਉਨ੍ਹਾਂ ਨੂੰ ਯਕੀਨ ਹੁੰਦਾ ਸੀ। ਮਿਆਰੀ ਅਖ਼ਬਾਰ ਅਤੇ ਰਸਾਲੇ ਸੂਚਨਾ ਦੇ ਠੀਕ ਹੋਣ ਬਾਰੇ ਤਸਦੀਕ ਕਰਨ ਦਾ ਯਤਨ ਕਰਦੇ ਸਨ। ਸੱਚ ਉਜਾਗਰ ਕਰਨ ਵਾਸਤੇ ਖੋਜੀ ਪੱਤਰਕਾਰੀ ਹੋਂਦ ਵਿੱਚ ਆਈ ਜਿਸ ਨਾਲ ਲੋਕਾਂ ਦਾ ਵਿਸ਼ਵਾਸ ਅਖ਼ਬਾਰਾਂ ਦੀਆਂ ਖ਼ਬਰਾਂ ਦੇ ਠੀਕ ਹੋਣ ਵਿੱਚ ਕਾਫੀ ਵਧ ਗਿਆ ਸੀ। ਜਿਨ੍ਹਾਂ ਅਖ਼ਬਾਰਾਂ ਜਾਂ ਰਸਾਲਿਆਂ ਵਿੱਚ ਖਬਰਾਂ ਦੀ ਅਸਲੀਅਤ ਵੱਲ ਧਿਆਨ ਨਹੀਂ ਸੀ ਦਿੱਤਾ ਜਾਂਦਾ, ਉਨ੍ਹਾਂ ਦੀ ਪਾਠਕਾਂ ਵਿੱਚ ਮਕਬੂਲੀਅਤ ਨਾ ਹੋਣ ਕਾਰਨ ਬਹੁਤ ਘੱਟ ਗਿਣਤੀ ਵਿੱਚ ਪੜ੍ਹੇ ਜਾਂਦੇ ਸਨ। ਅਕਾਦਮਿਕ ਖੋਜ ਵਿਸ਼ੇਸ਼ ਰਸਾਲਿਆਂ ਵਿੱਚ ਖੋਜ ਪੱਤਰ ਜਾਂ ਖੋਜ ਆਧਾਰਿਤ ਕਿਤਾਬਾਂ ਦੇ ਰੂਪ ਵਿੱਚ ਛਾਪੀ ਜਾਂਦੀ ਸੀ। ਇਨ੍ਹਾਂ ਦੇ ਛਾਪਣ ਤੋਂ ਪਹਿਲਾਂ ਕਿਸੇ ਮਾਹਿਰ ਤੋਂ ਖੋਜ ਪੱਤਰ ਜਾਂ ਕਿਤਾਬ ਦੇ ਛਪਣਯੋਗ ਹੋਣ ਬਾਰੇ ਰਾਇ ਲੈਣਾ ਵੀ ਲਾਜ਼ਮੀ ਕੀਤਾ ਜਾਂਦਾ ਸੀ। ਇਉਂ ਖੋਜ ਤੋਂ ਉਜਾਗਰ ਤੱਥਾਂ ਦੀ ਪੇਸ਼ਕਾਰੀ ਤੋਂ ਪਹਿਲਾਂ ਸਾਰੀਆਂ ਸਾਵਧਾਨੀਆਂ ਲਈਆਂ ਜਾਂਦੀਆਂ ਸਨ ਤਾਂ ਕਿ ਤੱਥਾਂ ਦੀ ਸਚਾਈ ਬਾਰੇ ਕੋਈ ਭੁਲੇਖਾ ਨਾ ਰਹੇ।

ਅਜੋਕੇ ਸਮੇਂ ਵਿੱਚ ਇਹ ਸਭ ਕੁਝ ਬਦਲ ਗਿਆ ਹੈ। ਵੱਡੇ ਅਖ਼ਬਾਰਾਂ ਦੇ ਮਾਲਕ ਅਖ਼ਬਾਰਾਂ ਦੇ ਕਈ ਸਫ਼ੇ ਜਾਂ ਕਾਲਮ ਇਸ਼ਤਿਹਾਰਾਂ ਦੇ ਰੂਪ ਵਿੱਚ ਮਹਿੰਗੀਆਂ ਵਸਤੂਆਂ ਦੀ ਵਿਕਰੀ ਉਤਸ਼ਾਹਿਤ ਕਰਨ ਵਾਸਤੇ ਛਾਪਦੇ ਹਨ। ਹੌਲੀ-ਹੌਲੀ ਕੁਝ ਕਾਲਮ ਖਬਰਾਂ ਦੇ ਰੂਪ ਵਿੱਚ ਵੇਚੇ ਜਾਣ ਲੱਗ ਪਏ। ਇਸ ਨੂੰ ਮੁੱਲ ਦੀ ਖ਼ਬਰ (ਪਅਦਿ ਨਣੱਸ) ਵੀ ਕਿਹਾ ਜਾਂਦਾ ਹੈ। ਸਾਧਾਰਨ ਪਾਠਕ ਇਸ ਨੂੰ ਠੀਕ ਜਾਂ ਸੱਚੀ ਖ਼ਬਰ ਸਮਝਦੇ ਹੋਏ ਵਿਸ਼ਵਾਸ ਕਰ ਲੈਂਦੇ ਹਨ। ਥੋੜ੍ਹੇ ਜਿਹੇ ਮਿਆਰੀ ਅਖ਼ਬਾਰਾਂ ਨੂੰ ਛੱਡ ਕੇ ਬਹੁਤੇ ਅਖ਼ਬਾਰ ਕਾਰਪੋਰੇਟ ਘਰਾਣੇ ਚਲਾ ਰਹੇ ਹਨ। ਕਾਰਪੋਰੇਟ ਅਖ਼ਬਾਰਾਂ ਦੇ ਮਾਲਕ ਹਾਕਮ ਪਾਰਟੀਆਂ ਨਾਲ ਮਿਲ ਕੇ ਚਲਦੇ ਹਨ। ਇਹ ਅਖਬਾਰ ਉਹ ਖ਼ਬਰ/ਲੇਖ ਪ੍ਰਕਾਸ਼ਿਤ ਨਹੀਂ ਕਰਦੇ ਜਿਹੜੇ ਸਚਾਈ ਤਾਂ ਆਧਾਰਿਤ ਹੁੰਦੇ ਹਨ ਪਰ ਸਰਕਾਰਾਂ ਨੂੰ ਮਾਫ਼ਕ ਨਹੀਂ ਆਉਂਦੇ। ਸਰਕਾਰੀ ਟੈਲੀਵਿਜ਼ਨ ਚੈਨਲਾਂ ਤੋਂ ਇਲਾਵਾ ਕਾਰਪੋਰੇਟ ਘਰਾਣਿਆਂ ਨੇ ਆਪਣੇ ਟੈਲੀਵਿਜ਼ਨ ਚੈਨਲ ਖੋਲ੍ਹੇ ਹੋਏ ਹਨ ਪਰ ਉਨ੍ਹਾਂ ਦਾ ਕਿਰਦਾਰ ਸਰਕਾਰੀ ਨੀਤੀਆਂ ਪ੍ਰਚਾਰਨ ਵਾਲਾ ਬਣ ਗਿਆ ਹੈ। ਅਜਿਹੇ ਅਖ਼ਬਾਰਾਂ ਅਤੇ ਟੈਲੀਵਿਜ਼ਨ ਚੈਨਲਾਂ ਨੂੰ ਦਰਬਾਰੀ ਜਾਂ ਗੋਦੀ ਮੀਡੀਆ ਕਿਹਾ ਜਾਂਦਾ ਹੈ। ਜੇ ਕੋਈ ਚੈਨਲ ਆਪਣੀ ਰਾਇ ਬੇਬਾਕੀ ਨਾਲ ਪੇਸ਼ ਕਰਦਾ ਹੈ ਤਾਂ ਉਸ ਨੂੰ ਕਾਰਪੋਰੇਟ ਘਰਾਣੇ ਖ਼ਰੀਦ ਲੈਂਦੇ ਹਨ ਜਾਂ ਸਰਕਾਰੀ ਏਜੰਸੀਆਂ ਦੇ ਦਖ਼ਲ ਨਾਲ ਬੰਦ ਕਰਵਾ ਦਿੱਤਾ ਜਾਂਦਾ ਹੈ। ਆਜ਼ਾਦ ਅਤੇ ਨਿਰਪੱਖ ਮੀਡੀਆ ਹੁਣ ਦੁਰਲੱਭ ਚੀਜ਼ ਹੈ। ਕੁਝ ਸਾਲਾਂ ਤੋਂ ਸਾਡੇ ਦੇਸ਼ ਅਤੇ ਵਿਦੇਸ਼ਾਂ ਵਿੱਚ ਸੋਸ਼ਲ ਮੀਡੀਆ ਬਹੁਤ ਅਹਿਮ ਬਣ ਗਿਆ ਹੈ। ਇਸ ਦੀ ਮਹੱਤਤਾ ਨੂੰ ਦੇਖਦਿਆਂ ਸਾਰੀਆਂ ਸਿਆਸੀ ਪਾਰਟੀਆਂ ਨੇ ਆਪੋ-ਆਪਣੇ ਆਈਟੀ ਸੈੱਲ ਕਾਇਮ ਕਰ ਲਏ ਹਨ। ਇਹ ਸੈੱਲ ਪਾਰਟੀ ਦਾ ਪ੍ਰਚਾਰ ਅਤੇ ਵਿਰੋਧੀ ਪਾਰਟੀਆਂ ਖਿਲਾਫ ਭੰਡੀ ਪ੍ਰਚਾਰ ਕਰਦੇ ਹਨ। ਹੁਣ ਖੋਜੀ ਪੱਤਰਕਾਰੀ ਲਗਭਗ ਖ਼ਤਮ ਹੈ। ਇਸੇ ਕਾਰਨ ਮੀਡੀਆ ਆਪਣੀ ਖ਼ੁਦਮੁਖ਼ਤਾਰੀ ਗੁਆ ਚੁੱਕਿਆ ਹੈ। ਇਹ ਹੁਣ ਜਮਹੂਰੀਅਤ ਦਾ ਚੌਥਾ ਥੰਮ੍ਹ ਨਹੀਂ ਰਿਹਾ। ਇਹ ਸੱਚ ਸਾਹਮਣੇ ਲਿਆਉਣ ਦੀ ਬਜਾਇ ਸੱਚ ਛੁਪਾਉਣ ਦਾ ਜ਼ਰੀਆ ਬਣ ਰਿਹਾ ਹੈ। ਗੰਭੀਰ ਮਸਲਿਆਂ ਅਤੇ ਸਮੱਸਿਆਵਾਂ ਸਮਝਣ ਅਤੇ ਉਨ੍ਹਾਂ ਦੇ ਵਾਜਿਬ ਹੱਲ ਡੂੰਘੀ ਖੋਜ ਅਤੇ ਅਧਿਐਨ ਦੀ ਮੰਗ ਕਰਦੇ ਹਨ। ਇਸ ਕਾਰਜ ਵਾਸਤੇ ਵਿਸ਼ਵ ਦੇ ਸਾਰੇ ਦੇਸ਼ਾਂ ਨੇ ਯੂਨੀਵਰਸਿਟੀਆਂ ਅਤੇ ਕਾਲਜਾਂ ਬਣਾਏ ਹਨ। ਉੱਚ ਵਿੱਦਿਆ ਦੀ ਕਾਮਯਾਬੀ ਵਾਸਤੇ ਸਰਕਾਰੀ ਸਕੂਲ ਖੋਲ੍ਹੇ ਹਨ; ਮਿਆਰੀ ਸਿੱਖਿਆ ਦਾ ਇੰਤਜ਼ਾਮ ਕੀਤਾ ਹੈ। ਜਿਹੜੇ ਵਿਸ਼ਿਆਂ ਨੂੰ ਹੋਰ ਗੰਭੀਰ ਅਧਿਐਨ ਦੀ ਜ਼ਰੂਰਤ ਹੁੰਦੀ ਹੈ, ਉਨ੍ਹਾਂ ਵਾਸਤੇ ਵਿਸ਼ੇਸ਼ ਖੋਜ ਸੰਸਥਾਵਾਂ ਕਾਇਮ ਕੀਤੀਆਂ ਹਨ। ਇਹ ਸੰਸਥਾਵਾਂ ਸਾਹਿਤ, ਵਿਗਿਆਨ, ਸਮਾਜ ਵਿਗਿਆਨ, ਕਾਨੂੰਨ, ਇੰਜਨੀਅਰਿੰਗ ਅਤੇ ਤਕਨਾਲੋਜੀ ਦੇ ਵਿਸ਼ਿਆਂ ਵਿੱਚ ਮੁਹਾਰਤ ਵਾਸਤੇ ਬਣਾਈਆਂ ਹਨ। ਸਾਡੇ ਦੇਸ਼ ਵਿੱਚ ਇਹ ਕਾਰਜ ਦੇਸ਼ ਦੀ ਆਜ਼ਾਦੀ ਤੋਂ ਬਾਅਦ ਵਿੱਢਿਆ ਗਿਆ ਸੀ। ਇਨ੍ਹਾਂ ਵਿਸ਼ਿਆਂ ਵਿੱਚ ਕੌਮੀ ਪੱਧਰ 'ਤੇ ਮਾਹਿਰ ਵੀ ਉੱਭਰਨ ਲੱਗ ਪਏ ਸਨ ਪਰ ਪਿਛਲੇ ਤਿੰਨ ਦਹਾਕਿਆਂ ਤੋਂ ਇਸ ਵਿੱਦਿਆ ਸਿਸਟਮ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਇਸ ਨਾਲ ਗੰਭੀਰ ਅਧਿਐਨ ਅਤੇ ਖੋਜ ਕਾਰਜਾਂ ਨੂੰ ਢਾਹ ਲੱਗੀ ਹੈ। ਪਹਿਲਾਂ ਸਕੂਲ ਸਿਸਟਮ ਕਮਜ਼ੋਰ ਕੀਤਾ, ਫਿਰ ਉੱਚ ਵਿੱਦਿਆ ਨੂੰ ਕਾਫੀ ਹੱਦ ਤੱਕ ਕਮਜ਼ੋਰ ਕਰ ਦਿੱਤਾ ਗਿਆ। ਸਿੱਖਿਆ ਦੇ ਡਿਗਦੇ ਮਿਆਰ ਵਿੱਚ ਹੋਰ ਕਾਰਨਾਂ ਤੋਂ ਇਲਾਵਾ ਸਕੂਲਾਂ ਤੋਂ ਲੈ ਕੇ ਯੂਨੀਵਰਸਿਟੀਆਂ ਤੱਕ ਨਿੱਜੀਕਰਨ ਦੀ ਨੀਤੀ ਨੇ ਵੱਡੀ ਭੂਮਿਕਾ ਨਿਭਾਈ ਹੈ। ਸਰਕਾਰੀ ਖੇਤਰ ਦੇ ਅਦਾਰਿਆਂ ਦੀਆਂ ਗ੍ਰਾਂਟਾਂ ਵਿੱਚ ਭਾਰੀ ਕਟੌਤੀ ਕੀਤੀ ਗਈ ਹੈ। ਇਸ ਨਾਲ ਅਧਿਆਪਨ ਅਤੇ ਖੋਜ ਕਾਰਜਾਂ ਵਿੱਚ ਗਿਰਾਵਟ ਆਈ ਹੈ। ਪ੍ਰਾਈਵੇਟ ਯੂਨੀਵਰਸਿਟੀਆਂ ਵਿੱਚ ਭਾਰੀ ਫੀਸਾਂ ਲੈ ਕੇ ਮੁੱਖ ਤੌਰ 'ਤੇ ਅਧਿਆਪਨ ਕਾਰਜ ਹੀ ਕੀਤਾ ਜਾਂਦਾ ਹੈ; ਖੋਜ ਕਾਰਜ ਤਰਜੀਹ ਦਾ ਹਿੱਸਾ ਹੀ ਨਹੀਂ। ਸਰਕਾਰ ਦੀ ਨੁਕਤਾਚੀਨੀ ਵਾਲੇ ਲੇਖ ਅਖ਼ਬਾਰ ਵਿੱਚ ਛਾਪਣ ਕਾਰਨ ਵਾਈਸ ਚਾਂਸਲਰ ਜਾਂ ਪ੍ਰੋਫੈਸਰ ਨੂੰ ਨੌਕਰੀ ਤੋਂ ਹੱਥ ਧੋਣੇ ਪੈ ਰਹੇ ਹਨ। ਅੰਧਵਿਸ਼ਵਾਸ ਪ੍ਰਚਾਰਨ ਵਾਲਿਆਂ ਨੂੰ ਇਨ੍ਹਾਂ ਅਦਾਰਿਆਂ ਦੇ ਮੁਖੀ ਲਾਇਆ ਜਾ ਰਿਹਾ ਹੈ। ਸਰਕਾਰੀ ਯੂਨੀਵਰਸਿਟੀਆਂ ਅਤੇ ਕਾਲਜਾਂ ਦੀਆਂ ਗ੍ਰਾਂਟਾਂ ਵਿੱਚ ਭਾਰੀ ਕਟੌਤੀ ਕਾਰਨ ਬਹੁਤ ਸਾਰੇ ਅਦਾਰੇ ਆਪਣੇ ਲੋੜੀਂਦੇ ਕਾਰਜ, ਸਿੱਖਿਆ ਅਤੇ ਖੋਜ ਕਰਨ ਤੋਂ ਅਸਮਰਥ ਹੋ ਗਏ ਹਨ। ਖੋਜ ਸੰਸਥਾਵਾਂ ਦਾ ਹਾਲ ਵੀ ਠੀਕ ਨਹੀਂ। ਇਸ ਦਾ ਪ੍ਰਮਾਣ ਕੌਮਾਂਤਰੀ ਪੱਧਰ 'ਤੇ ਭਾਰਤ ਦੇ ਵਿਦਵਾਨਾਂ ਦੇ ਲੇਖਾਂ ਦੀ ਘਟਦੀ ਗਿਣਤੀ ਅਤੇ ਅਨੁਪਾਤ ਤੋਂ ਸਪੱਸ਼ਟ ਹੁੰਦਾ ਹੈ। ਵਿਸ਼ਵ ਦੀਆਂ ਪਹਿਲੀਆਂ 100 ਯੂਨੀਵਰਸਿਟੀਆਂ ਦੀ ਦਰਜਾਬੰਦੀ ਵਿੱਚ ਭਾਰਤ ਦੀ ਕਿਸੇ ਵੀ ਯੂਨੀਵਰਸਿਟੀ ਜਾਂ ਖੋਜ ਸੰਸਥਾ ਦਾ ਨਾਮ ਸ਼ਾਮਲ ਨਹੀਂ। ਆਨਲਾਈਨ ਖੋਜ ਪੱਤਰ ਅਤੇ ਕਿਤਾਬਾਂ ਲਿਖਣ ਤੇ ਛਾਪਣ ਦੇ ਘੁਟਾਲੇ ਹੋ ਰਹੇ ਹਨ। ਵਿਦਿਅਕ ਸੰਸਥਾਵਾਂ ਨਿਘਾਰ ਵੱਲ ਜਾ ਰਹੀਆਂ ਹੋਣ ਤਾਂ ਦੇਸ਼/ਇਲਾਕੇ ਦੇ ਬੌਧਿਕ ਵਿਕਾਸ 'ਤੇ ਮਾੜਾ ਅਸਰ ਪੈਂਦਾ ਹੈ। ਬੌਧਿਕ ਕੰਗਾਲੀ ਕਾਰਨ ਬਾਹਰੀ ਤਾਕਤਾਂ ਫਾਇਦਾ ਉਠਾ ਲੈਂਦੀਆਂ ਹਨ ਅਤੇ ਅਸਥਿਰਤਾ ਪੈਦਾ ਕਰ ਸਕਦੀਆਂ ਹਨ।

ਆਮ ਲੋਕਾਂ 'ਤੇ ਕਈ ਪਾਸਿਆਂ ਤੋਂ ਸੂਚਨਾ ਬੰਬਾਰੀ ਕਾਰਨ ਸਮਝਣਾ ਮੁਸ਼ਕਿਲ ਹੋ ਜਾਂਦਾ ਹੈ ਕਿ ਹਕੀਕਤ ਕੀ ਹੈ। ਕੁਝ ਸੱਚ ਤਾਂ ਸਰਕਾਰਾਂ ਛੁਪਾਉਂਦੀਆਂ ਹਨ। ਇਸ ਦਾ ਅੰਦਾਜ਼ਾ ਕੇਂਦਰ ਸਰਕਾਰ ਵੱਲੋਂ ਸੂਚਨਾਵਾਂ ਜਨਤਕ ਕਰਨ ਦੀ ਮਨਾਹੀ ਤੋਂ ਲਾਇਆ ਜਾ ਸਕਦਾ ਹੈ। ਇਸ ਵਿੱਚ ਪ੍ਰਧਾਨ ਮੰਤਰੀ ਕੇਅਰ ਫੰਡ (ਫੰ ਛਅਰਏ_ਂਨਦ), ਪ੍ਰਧਾਨ ਮੰਤਰੀ ਦੀ ਡਿਗਰੀ ਦਾ ਸਰਟੀਫਿਕੇਟ, ਇਕ ਖ਼ਾਸ ਗਰੁੱਪ ਦੀਆਂ ਸ਼ੇਅਰ ਮਾਰਕਿਟ ਵਿੱਚ ਬੇਨਿਯਮੀਆਂ ਅਤੇ ਸੂਬਾ ਸਰਕਾਰਾਂ ਦੇ ਪ੍ਰਸ਼ਾਸਕਾਂ ਨੂੰ ਰਿਸ਼ਵਤ ਬਾਰੇ ਸੂਚਨਾ ਦੇਣ ਤੋਂ ਇਨਕਾਰੀ ਹੋਣਾ ਮੁੱਖ ਉਦਾਹਰਨਾਂ ਹਨ। ਕੌਮੀ ਸੁਰੱਖਿਆ ਦੇ ਨਾਂ 'ਤੇ ਸੁਰੱਖਿਆ ਬਲਾਂ ਦੀਆਂ ਕਾਰਵਾਈਆਂ ਜਨਤਕ ਨਹੀਂ ਕੀਤੀਆਂ ਜਾਂਦੀਆਂ (ਜਿਵੇਂ ਜੰਮੂ ਕਸ਼ਮੀਰ, ਮਨੀਪੁਰ, ਛਤੀਸਗੜ੍ਹ ਆਦਿ)। ਇਸ ਤੋਂ ਇਲਾਵਾ ਖ਼ੁਫ਼ੀਆ ਤੰਤਰ ਮਾੜੀਆਂ ਕਾਰਵਾਈਆਂ ਜਨਤਕ ਨਹੀਂ ਕਰਦਾ। 1980ਵਿਆਂ ਵਿੱਚ ਪੰਜਾਬ ਦੇ ਹਾਲਾਤ ਖਰਾਬ ਕਰਨ ਵਿੱਚ ਖੁਫੀਆ ਤੰਤਰ ਦੀ ਵੱਡੀ ਭੂਮਿਕਾ ਰਹੀ ਹੈ। ਇਸ ਬਾਰੇ ਕੁਝ ਸਾਬਕਾ ਉੱਚ ਅਫਸਰਾਂ ਨੇ ਆਪਣੀਆਂ ਕਿਤਾਬਾਂ ਵਿੱਚ ਜ਼ਿਕਰ ਵੀ ਕੀਤਾ ਹੈ। ਇਵੇਂ ਹੀ ਸੂਬਾਂ ਸਰਕਾਰਾਂ ਲੋਕਾਂ ਤੋਂ ਸੱਚ/ਸਹੀ ਸੂਚਨਾ ਲੁਕਾ ਲੈਂਦੀਆਂ ਹਨ। ਹਰਿਆਣਾ ਸਰਕਾਰ ਨੇ ਕੌਮੀ ਸ਼ਾਹਰਾਹ ਰੋਕ ਕੇ ਪੰਜਾਬ ਦੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਿਆ ਪਰ ਸੜਕਾਂ ਰੋਕਣ ਦਾ ਦੋਸ਼ ਕਿਸਾਨਾਂ ਸਿਰ ਮੜ੍ਹਿਆ। ਪੰਜਾਬ ਸਰਕਾਰ ਨੇ ਚੰਡੀਗੜ੍ਹ ਵਿੱਚ ਕਿਸਾਨਾਂ ਦੀ ਰੈਲੀ ਰੋਕਣ ਵਾਸਤੇ ਇਲਜ਼ਾਮ ਕਿਸਾਨਾਂ ਸਿਰ ਹੀ ਮੜ੍ਹ ਦਿੱਤਾ ਹੈ ਕਿ ਉਹ ਸੜਕਾਂ ਰੋਕ ਕੇ ਲੋਕਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ; ਸਚਾਈ ਇਹ ਹੈ ਕਿ ਕਿਸਾਨਾਂ ਨੂੰ ਚੰਡੀਗੜ੍ਹ ਪਹੁੰਚਣ ਤੋਂ ਰੋਕਣ ਲਈ ਸੜਕਾਂ 'ਤੇ ਰੁਕਾਵਟਾਂ ਪੰਜਾਬ ਪੁਲੀਸ ਨੇ ਲਾਈਆਂ। ਰੈਲੀਆਂ ਮੁਜ਼ਾਹਰੇ ਰੋਕਣ ਲਈ ਸੂਬਾ ਸਰਕਾਰਾਂ ਅਕਸਰ ਦਫ਼ਾ 144 ਦੀ ਵਰਤੋਂ ਕਰਦੀਆਂ ਹਨ। ਇਸ ਸਬੰਧੀ ਸਰਕਾਰਾਂ ਮੀਡੀਆ ਵਿੱਚ ਇਸ਼ਤਿਹਾਰ ਛਪਵਾਉਂਦੀਆਂ ਹਨ। ਪਿਛਲੇ ਸਮਿਆਂ ਨਾਲੋਂ ਫਰਕ ਇਹ ਪਿਆ ਹੈ ਕਿ ਮੀਡੀਆ ਦਾ ਵੱਡਾ ਹਿੱਸਾ ਸਰਕਾਰਾਂ ਦੇ ਗੁਮਰਾਹ ਕਰਨ ਵਾਲੇ ਬਿਆਨਾਂ ਦਾ ਸਮਰਥਨ ਕਰਨ ਲੱਗ ਪਿਆ ਹੈ। ਇਸ ਕਰ ਕੇ ਆਮ ਲੋਕਾਂ ਨੂੰ ਬਹੁਤੀ ਵਾਰੀ ਅਸਲ ਗੱਲ ਦਾ ਪਤਾ ਨਹੀਂ ਲੱਗਦਾ। ਗ਼ਲਤ ਬਿਰਤਾਂਤ ਉਸਾਰਿਆ ਜਾ ਰਿਹਾ ਹੈ ਕਿ ਲੋਕ ਲਹਿਰਾਂ ਵਿਕਾਸ ਦੇ ਰਾਹ ਵਿੱਚ ਰੋੜਾ ਹਨ। ਅਸਲ ਵਿੱਚ ਲੋਕ ਲਹਿਰਾਂ ਜਮਹੂਰੀਅਤ ਦਾ ਅਨਿੱਖੜਵਾਂ ਅੰਗ ਹਨ ਅਤੇ ਵਿਕਾਸ ਦੀ ਦਿਸ਼ਾ ਨੂੰ ਦਰੁਸਤ ਰੱਖਣ ਵਾਸਤੇ ਕਾਰਗਰ ਹੁੰਦੀਆਂ ਹਨ।

ਜਦੋਂ ਸਰਕਾਰਾਂ ਸਚਾਈ ਲੁਕਾਉਣ ਲੱਗੀਆਂ ਹੋਣ, ਕਾਰਪੋਰੇਟ ਮੀਡੀਆ ਸਚਾਈ ਉਜਾਗਰ ਕਰਨ ਵਿੱਚ ਦਿਲਚਸਪੀ ਗੁਆ ਚੁੱਕਿਆ ਹੋਵੇ, ਸਿਆਸੀ ਪਾਰਟੀਆਂ ਦੇ ਆਈਟੀ ਸੈੱਲ ਪੱਖਪਾਤੀ ਹੋ ਜਾਣ ਅਤੇ ਉੱਚ ਵਿਦਿਅਕ ਅਦਾਰਿਆਂ ਨੂੰ ਨਿਰਪੱਖ ਖੋਜ ਤੋਂ ਅਸਮਰੱਥ ਕਰ ਦਿੱਤਾ ਜਾਵੇ ਤਾਂ ਸੱਚ ਲੱਭਣ ਦਾ ਕਾਰਜ ਔਖਾ, ਗੁੰਝਲਦਾਰ ਅਤੇ ਖ਼ਤਰਨਾਕ ਬਣ ਜਾਂਦਾ ਹੈ ਪਰ ਸਚਾਈ ਲੱਭਣਾ ਅਤੇ ਸਮਾਜਿਕ, ਆਰਥਿਕ ਤੇ ਸਿਆਸੀ ਵਰਤਾਰੇ ਨੂੰ ਲੋਕ ਪੱਖੀ ਬਣਾਉਣ ਲਈ ਇਹ ਕਾਰਜ ਜ਼ਰੂਰੀ ਹੈ। ਇਹ ਕਾਰਜ ਹੁਣ ਲੋਕਾਂ ਦੀ ਸਮਾਜਿਕ ਲਹਿਰ ਨੂੰ ਆਪਣੇ ਜ਼ਿੰਮੇ ਲੈਣਾ ਪਵੇਗਾ। ਇਸ ਵਾਸਤੇ ਸਮਾਜਿਕ ਲਹਿਰ ਦੇ ਪੂਰਕ ਦੇ ਤੌਰ 'ਤੇ ਸਿਆਣੇ, ਗੰਭੀਰ ਅਤੇ ਸਰਗਰਮ ਗਰੁੱਪ ਕਾਇਮ ਕਰਨੇ ਪੈਣਗੇ। ਇਹ ਗਰੁੱਪ ਲਗਾਤਾਰ ਆਪਣੀਆਂ ਤੱਥ-ਖੋਜ ਰਿਪੋਰਟਾਂ ਅਤੇ ਮਾਹਿਰਾਂ ਦੇ ਖੋਜ ਆਧਾਰਿਤ ਲੇਖ/ਕਿਤਾਬਾਂ ਦੇ ਨਤੀਜੇ ਲੋਕਾਂ ਸਾਹਮਣੇ ਪੇਸ਼ ਕਰਨ। ਇਨ੍ਹਾਂ ਰਿਪੋਰਟਾਂ ਨਾਲ ਲੈਸ ਹੋ ਕੇ ਗੋਸ਼ਟੀਆਂ/ਬਹਿਸਾਂ ਕਰ ਕੇ ਤੱਥ ਵਿਚਾਰੇ ਜਾਣ। ਇਸ ਮੌਕੇ ਸੰਵਾਦ ਦੀ ਬਹੁਤ ਜ਼ਰੂਰਤ ਹੈ। ਲੋਕਾਂ ਤੱਕ ਸਚਾਈ ਲੋਕ ਪੱਖੀ ਅਖ਼ਬਾਰਾਂ ਅਤੇ ਸੋਸ਼ਲ ਮੀਡੀਆ ਰਾਹੀਂ ਵੀ ਪਹੁੰਚਾਈ ਜਾ ਸਕਦੀ ਹੈ। ਸਚਾਈ ਦੀ ਭਾਲ ਨੂੰ ਟਿਕਾਊ ਬਣਾਉਣ ਲਈ ਜ਼ਰੂਰੀ ਹੈ ਕਿ ਸਿੱਖਿਆ ਦਾ ਨਿੱਜੀਕਰਨ ਤੇ ਵਪਾਰੀਕਰਨ ਰੋਕਿਆ ਜਾਵੇ ਅਤੇ ਹਰ ਪੱਧਰ ਦੀ ਸਿੱਖਿਆ ਦਾ ਇੰਤਜ਼ਾਮ ਸਰਕਾਰ ਕਰੇ। ਵਿਦਿਅਕ ਸੰਸਥਾਵਾਂ ਦੀ ਖ਼ੁਦਮੁਖ਼ਤਾਰੀ ਨੂੰ ਹਾਕਮ ਪਾਰਟੀਆਂ ਦੀ ਸਿਆਸਤ ਤੋਂ ਬਚਾਇਆ ਜਾਵੇ। ਕਿਸਾਨ, ਮਜ਼ਦੂਰ, ਮੁਲਾਜ਼ਮ, ਅਧਿਆਪਕ ਅਤੇ ਵਿਦਿਆਰਥੀ ਲਹਿਰ ਨੂੰ ਸਰਕਾਰੀ ਵਿਦਿਅਕ ਸੰਸਥਾਵਾਂ ਦੀਆਂ ਗ੍ਰਾਂਟਾਂ ਦੀ ਬਹਾਲੀ, ਖ਼ੁਦਮੁਖ਼ਤਾਰੀ ਅਤੇ ਸਿੱਖਿਆ ਦੇ ਮਿਆਰ ਨੂੰ ਆਪਣੇ ਏਜੰਡੇ ਦਾ ਹਿੱਸਾ ਬਣਾਉਣ ਤੋਂ ਬਗੈਰ ਕਾਰਪੋਰੇਟ ਮੀਡੀਆ ਨਾਲ ਵਿਚਾਰਧਾਰਕ ਲੋਹਾ ਨਹੀਂ ਲਿਆ ਜਾ ਸਕਦਾ।

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ
ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ
ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012

ਦਲਜੀਤ ਸਿੰਘ ਰਾਏ

FAST COMPUTER REPAIR
New Web Designing
& Hosting Services

Onsite Service Available
Computer Repair & Upgrade
Spyware & Virus Removal
Same Day Service

Your Personal Tech, A Phone Call Away...
HARMEET SINGH
www.fastcomputerrepair.ca E-mail : harmeet@fastcomputerrepair.ca
778-928-4444

ਲੇਖਕ : ਕੁਲਦੀਪ ਕੌਰ

# ਇਤਿਹਾਸ ਦੇ ਅੰਤ ਤੋਂ ਮਨੁੱਖਤਾ ਦੇ ਅੰਤ ਦੀ ਪੇਸ਼ੀਨਗੋਈ ਤੱਕ



ਸੰਨ 1989 'ਚ ਗਰਮੀ ਦੀ ਰੁੱਤ ਵਿਚ ਅਮਰੀਕਾ ਦੇ ਪ੍ਰਸਿੱਧ ਰਸਾਲੇ 'ਦਿ ਨੈਸ਼ਨਲ ਇੰਟਰਸਟ' ਨੇ ਇੱਕ ਅਹਿਮ ਲੇਖ ਛਾਪ ਕੇ ਸਿਆਸੀ ਚਿੰਤਨ ਦੇ ਖੇਮਿਆਂ ਵਿਚ ਹਲਚਲ ਮਚਾ ਦਿੱਤੀ। ਇਸ ਲੇਖ ਦਾ ਸਿਰਲੇਖ 'ਦਿ ਐ''ਡ ਆਫ ਹਿਸਟਰੀ' (ਇਤਿਹਾਸ ਦਾ ਅੰਤ) ਸੀ, ਜੋ ਆਪਣੀਆਂ ਤਿੱਖੀਆਂ ਵਿਚਾਰਧਾਰਕ ਦਲੀਲਾਂ ਅਤੇ ਤਤਕਾਲੀ ਹਾਲਾਤ 'ਤੇ ਟਿੱਪਣੀਆਂ ਕਾਰਨ ਇਕਦਮ ਚਰਚਾ ਦਾ ਵਿਸ਼ਾ ਬਣ ਗਿਆ।

ਇਸ ਲੇਖ ਦੇ ਲੇਖਕ ਫਰਾਂਸਿਸ ਫੁਕੂਯਾਮਾ ਮੁਤਾਬਿਕ ਕਮਿਊਨਿਜ਼ਮ ਅਤੇ ਫਾਸ਼ੀਵਾਦ ਦੋਵੇਂ ਵਿਚਾਰਧਾਰਾਵਾਂ ਦੁਨੀਆ ਭਰ ਵਿਚ ਅਸਫਲਤਾ ਦਾ ਸ਼ਿਕਾਰ ਹੋ ਚੁੱਕੀਆਂ ਹਨ, ਹੁਣ ਸਿਰਫ਼ ਉਦਾਰਵਾਦੀ ਜਮਹੂਰੀਅਤ ਅਤੇ ਮੰਡੀ ਆਧਾਰਿਤ ਆਰਥਿਕਤਾ ਹੀ ਇੱਕੋ-ਇੱਕ ਉਮੀਦ ਰਹਿ ਗਈ ਹੈ। ਸਾਲ 1992 ਵਿਚ ਛਪੀ ਆਪਣੀ ਕਿਤਾਬ 'ਦਿ ਐ''ਡ ਆਫ ਹਿਸਟਰੀ ਐਂਡ ਦਿ ਲਾਸਟ ਮੈਨ' ਵਿਚ ਉਹ ਆਪਣੇ ਵਿਚਾਰਾਂ ਦੇ ਹੱਕ ਵਿਚ ਬਹੁਤ ਸਾਰੀਆਂ ਦਲੀਲਾਂ ਦਿੰਦਾ ਹੈ। ਉਸ ਅਨੁਸਾਰ ਹੁਣ ਵਿਚਾਰਧਾਰਕ ਜੰਗਾਂ ਦਾ ਸਮਾਂ ਬੀਤ ਚੁੱਕਿਆ ਹੈ ਅਤੇ ਨਵੇਂ ਸੰਸਾਰ ਵਿਚ ਇਤਿਹਾਸਕ ਸਚਾਈਆਂ ਦੀ ਕੋਈ ਅਹਿਮੀਅਤ ਨਹੀਂ ਰਹੀ। ਉਸ ਅਨੁਸਾਰ ਵਿਚਾਰਾਂ ਦੇ ਇਰਦ-ਗਿਰਦ ਬੁਣੇ ਸਿਆਸੀ-ਆਰਥਿਕ ਢਾਂਚੇ ਹੁਣ ਵੇਲਾ ਵਿਹਾਅ ਚੁੱਕੇ ਹਨ ਅਤੇ ਉਦਾਰਵਾਦੀ ਜਮਹੂਰੀਅਤ ਮਨੁੱਖੀ ਸੱਭਿਅਤਾ ਨੂੰ ਦਰਪੇਸ਼ ਹਰ ਆਲਮੀ ਤੇ ਨਿੱਜੀ ਮਸਲੇ ਦਾ ਹੱਲ ਕਰਨ ਦੇ ਸਮਰੱਥ ਹੈ। ਇਸ ਦੇ ਨਾਲ ਹੀ ਉਸ ਨੇ ਸਪੱਸ਼ਟ ਕਰ ਦਿੱਤਾ ਕਿ ਹੁਣ ਕੌਮਾਂਤਰੀ ਹਿੰਸਾਤਮਕ ਟਕਰਾਅ ਵੀ ਖ਼ਤਮ ਹੋ ਜਾਣਗੇ ਕਿਉਂਕਿ ਵੱਖ-ਵੱਖ ਮੁਲਕ ਹੁਣ ਸਿਰਫ਼ ਆਰਥਿਕ ਮਸਲਿਆਂ 'ਤੇ ਗੱਲਬਾਤ ਕਰਨਗੇ ਤੇ ਉਨ੍ਹਾਂ ਕੋਲ ਸਿਆਸੀ ਟਕਰਾਅ ਦੇ ਕੋਈ ਕਾਰਨ ਨਹੀਂ ਹੋਣਗੇ ਜਿਸ ਕਾਰਨ ਹਿੰਸਾ ਦਾ ਸਵਾਲ ਹੀ ਪੈਦਾ ਨਹੀਂ ਹੋਵੇਗਾ। ਆਪਣੀ ਕਿਤਾਬ ਦੀਆਂ ਅੰਤਿਮ ਸਤਰਾਂ ਵਿਚ ਉਹ ਲਿਖਦਾ ਹੈ ਕਿ 'ਇਤਿਹਾਸ ਦਾ ਅੰਤ' ਹੋਣ ਨਾਲ ਦੁਨੀਆ ਬੇਫ਼ਿਕਰ ਹੋ ਸਕਦੀ ਹੈ।

ਬਹਰਹਾਲ, ਉਸ ਦੀ 'ਇਤਿਹਾਸ ਦੇ ਅੰਤ' ਦੇ ਸਿਧਾਂਤ ਵਿਚ ਪਹਿਲਾ ਧਮਾਕਾ ਸਾਲ 2001 ਵਿਚ ਗਿਆਰਾਂ ਸਤੰਬਰ ਨੂੰ ਅਮਰੀਕਾ ਦੇ ਜੌੜੇ ਟਾਵਰਾਂ ਦੇ ਨੇਸਤੋ-ਨਾਬੂਦ ਹੋਣ ਨਾਲ ਹੋਇਆ। ਇਸ ਤੋਂ ਬਾਅਦ ਸਾਲ 2008 ਵਿਚ ਸਾਰੇ ਵਿਸ਼ਵ ਵਿਚ ਮੰਦਵਾੜੇ ਕਾਰਨ ਬੈਂਕਾਂ ਦੀਆਂ ਨਿਲਾਮੀਆਂ ਹੋਣ ਲੱਗੀਆਂ ਤਾਂ ਇਹ ਸਾਬਿਤ ਹੋ ਗਿਆ ਕਿ ਆਰਥਿਕ ਅਸਥਰਿਤਾ ਆਲਮੀ ਸਿਆਸਤ ਅਤੇ ਵਿਚਾਰਕ ਆਦਾਨ-ਪ੍ਰਦਾਨ ਨਾਲ ਬਹੁਤ ਗਹਿਰੀ ਜੁੜੀ ਹੁੰਦੀ ਹੈ। ਉਸ ਤੋਂ ਬਾਅਦ 'ਔਕਿਊਪਾਈ ਵਾਲ ਸਟਰੀਟ' ਅਤੇ 'ਅਰਬ ਸਪਰਿੰਗ' ਅੰਦੋਲਨਾਂ ਨੇ ਸਥਾਨਕ ਸੱਭਿਆਚਾਰਕ ਪਛਾਣਾਂ ਅਤੇ ਹੋਂਦਾਂ ਦੀ ਸ਼ਾਨਦਾਰ ਵਿਰਾਸਤ ਅਤੇ ਪੂੰਜੀ ਦੇ ਬੇਮੁਹਾਰੇਪਣ ਨੂੰ ਨੱਥ ਪਾਉਣ ਲਈ ਲੋਕ-ਪੱਖੀ ਸਿਆਸਤ ਦੀ ਰਵਾਇਤ ਦੇ ਸੁਰਜੀਤ ਹੋਣ ਦਾ ਐਲਾਨ ਕਰ ਦਿੱਤਾ। ਇਸ ਸਥਿਤੀ 'ਤੇ ਅਹਿਮ ਟਿੱਪਣੀ ਕਰਦਿਆਂ ਪ੍ਰਸਿੱਧ ਦਾਰਸ਼ਨਿਕ ਆਲਾਂ ਬਾਦਿਊ ਆਪਣੇ ਸ਼ਾਨਦਾਰ ਲੇਖ 'ਦਿ ਰੀਬਰਥ ਆਫ ਹਿਸਟਰੀ' ਵਿਚ ਲਿਖਦਾ ਹੈ, 'ਆਖ਼ਰ ਇਹ ਹੋ ਕੀ ਰਿਹਾ ਹੈ? ਉਹੀ ਪੁਰਾਣੀ ਲੁੱਟੀ-ਪੁੱਟੀ ਦੁਨੀਆ ਜਿਹੜੀ ਹਰ ਹੀਲੇ ਸਾਰੇ ਹਾਲਾਤ ਦੇ ਬਾਵਜੂਦ ਲਗਾਤਾਰ ਫੈਲ ਰਹੀ ਹੈ? ਇਹ ਦੁਨੀਆ ਦਾ ਅੰਤ ਹੈ ਜਾਂ ਫਿਰ ਇੱਕ ਨਵੀਂ ਦੁਨੀਆ ਦਾ ਮੁਹਾਂਦਰਾ ਘੜਿਆ ਜਾ ਰਿਹਾ ਹੈ?'' ਇਸੇ ਦਾਰਸ਼ਨਿਕ ਦਾ ਇੱਕ ਸਮਕਾਲੀ ਆਪਣੀ ਕਿਤਾਬ ਵਿਚ ਕੁਝ ਉਦਾਹਰਨਾਂ ਦੇ ਕੇ ਉਪਰੋਕਤ ਟਿੱਪਣੀ ਦੀ ਵਿਆਖਿਆ ਕਰਦਾ ਹੈ। ਉਸ ਅਨੁਸਾਰ ਅਮਰੀਕਾ ਦੀ ਉਦਾਰਵਾਦੀ ਸਿਆਸਤ ਇਰਾਕ, ਸੀਰੀਆ ਅਤੇ ਅਫ਼ਗਾਨਿਸਤਾਨ ਵਿਚ ਬੁਰੀ ਤਰ੍ਹਾਂ ਅਸਫ਼ਲ ਕਿਉਂ ਰਹੀ ਹੈ?

ਇਸ ਦੇ ਨਾਲ ਹੀ ਫਰਾਂਸਿਸ ਫੁਕੂਯਾਮਾ ਦੇ ਅਧਿਆਪਕ ਰਹੇ ਸੈਮੁਅਲ ਹਟਿੰਗਟਨ ਦਾ ਸਿਧਾਂਤ 'ਸੱਭਿਅਤਾਵਾਂ ਦਾ ਭੇੜ' ਵੀ ਚਰਚਾ ਵਿਚ ਆ ਗਿਆ। ਸੈਮੁਅਲ ਹਟਿੰਗਟਨ ਦਾ ਸਿਧਾਂਤ 'ਸੱਭਿਅਤਾਵਾਂ ਦਾ ਭੇੜ' ਉਸ ਦੀ 1996 ਵਿਚ ਛਪੀ ਕਿਤਾਬ 'ਦਿ ਕਲੈਸ਼ ਆਫ ਸਿਵਿਲਾਈਜ਼ੇਸ਼ਨਜ਼ ਐਂਡ ਦੀ ਰੀਮੇਕਿੰਗ ਆਫ ਵਰਲਡ ਆਰਡਰ' ਰੂਸ ਤੇ ਅਮਰੀਕਾ ਵਿਚਲੀ ਠੰਢੀ ਜੰਗ ਤੋਂ ਬਾਅਦ ਦੀ ਦੁਨੀਆ 'ਤੇ ਕੀਤੀ ਗਈ ਨੀਤੀਗਤ ਅਤੇ ਅਮਰੀਕੀ ਫ਼ੌਜ ਦੇ ਹਿੱਤ 'ਚ ਭੁਗਤਦੀ ਟਿੱਪਣੀ ਸੀ। ਉਸ ਅਨੁਸਾਰ, ਠੰਢੀ ਜੰਗ ਦਾ ਦੌਰ ਖ਼ਤਮ ਹੋ ਗਿਆ ਹੈ, ਆਉਣ ਵਾਲੇ ਸਾਲਾਂ ਵਿਚ ਧਾਰਮਿਕ, ਕਬੀਲਾਈ ਅਤੇ ਸੱਭਿਆਚਾਰਕ ਕਾਰਕ ਵੱਡੇ ਪੱਧਰ 'ਤੇ ਆਲਮੀ ਖਾਨਾਜੰਗੀਆਂ ਦਾ ਕਾਰਨ ਬਣਨਗੇ। ਪਹਿਲੀ ਨਜ਼ਰੇ ਇਹ ਫ਼ਿਕਰਮੰਦੀ ਜਾਇਜ਼ ਭਾਸਦੀ ਹੈ, ਪਰ ਅਸਲ ਵਿਚ ਇਹ ਇੱਕੋ ਸੱਟੇ ਇਤਿਹਾਸਕ ਵਰਤਾਰਿਆਂ ਅਤੇ ਵਿਚਾਰਧਾਰਾਵਾਂ ਖ਼ਾਸ ਤੌਰ 'ਤੇ ਸਮਾਜਵਾਦੀ ਅਤੇ ਜਮਹੂਰੀਅਤ ਨੂੰ ਰੱਦ ਕਰਨ ਦੀ ਸਿਆਸਤ ਹੈ। ਉਸ ਦੀਆਂ ਇਨ੍ਹਾਂ ਦਲੀਲਾਂ ਦਾ ਢੁਕਵਾਂ ਜਵਾਬ ਦਿੰਦਿਆਂ ਪ੍ਰਸਿੱਧ ਚਿੰਤਕ ਐਡਵਰਡ ਸਈਦ 2001 ਵਿਚ ਆਪਣੇ ਇੱਕ ਲੇਖ ਵਿਚ ਲਿਖਦਾ ਹੈ ਕਿ 'ਕਲੈਸ਼' ਦਾ ਸਿਧਾਂਤ ਸੱਭਿਅਕ ਹੋਣ ਦੇ ਵਰਤਾਰੇ ਨੂੰ ਪੁੱਠਾ ਗੇੜਾ ਦਿੰਦਿਆਂ ਇੱਕ ਮਨਚਾਹੀ 'ਸੱਭਿਅਤਾ' ਦਾ ਲਕਬ ਘੜਦਾ ਹੈ। ਸਈਦ ਅਨੁਸਾਰ ਸੱਭਿਅਤਾ ਦਾ ਵਿਕਾਸ ਸੱਭਿਆਚਾਰਕ ਤੇ ਸਮਾਜਿਕ ਆਦਾਨ-ਪ੍ਰਦਾਨ ਵਿਚੋਂ ਹੁੰਦਾ ਹੈ। ਉਸ ਅਨੁਸਾਰ ਇਹ ਸਿਧਾਂਤ 'ਖਾਲਸ ਨਸਲਵਾਦ ਦਾ ਬੁਰਾ ਪ੍ਰਗਟਾਵਾ ਹੈ, ਇੱਕ ਹਿਟਲਰਵਾਦੀ ਜੁਗਤ ਜੋ ਮੌਜੂਦਾ ਦੌਰ 'ਚ ਅਰਬਾਂ ਤੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਦੀ ਕਵਾਇਦ ਹੈ।' ਇਸੇ ਤਰਜ਼ 'ਤੇ ਭਾਸ਼ਾ ਵਿਗਿਆਨੀ ਅਤੇ ਸਿਆਸੀ ਚਿੰਤਕ ਨੋਮ ਚੌਮਸਕੀ ਇਸ ਸਿਧਾਂਤ ਦੀ ਨਬਜ਼ ਪਛਾਣਦਿਆਂ ਲਿਖਦਾ ਹੈ:

'ਇਹ ਅਮਰੀਕਾ ਦੇ ਪਾਪ ਧੋਣ ਦਾ ਯਤਨ ਹੈ। ਉਸ ਦੇ ਜ਼ੁਲਮਾਂ 'ਤੇ ਕਾਲੀ ਸਿਆਹੀ ਫੇਰਨ ਦਾ ਢੰਗ ਹੈ, ਕਿਉਂਕਿ ਹੁਣ ਸੋਵੀਅਤ ਯੂਨੀਅਨ ਨਹੀਂ ਰਿਹਾ, ਠੰਢੀ ਜੰਗ ਦੇ ਜਬਰ ਨੂੰ ਭੁਲਾਉਣ ਦੀ ਕੋਸ਼ਿਸ਼ ਇਸ ਸਿਧਾਂਤ ਰਾਹੀਂ ਕੀਤੀ ਜਾ ਰਹੀ ਹੈ।'

ਉਪਰੋਕਤ ਦੋਵਾਂ ਸਿਧਾਂਤਾਂ ਦਾ ਅਜੋਕੇ ਦੌਰ ਦੀ ਆਲਮੀ ਸਿਆਸਤ ਨਾਲ ਕੀ ਸਬੰਧ ਹੈ? ਇਸ ਸੰਦਰਭ ਵਿਚ ਸਭ ਤੋਂ ਮਹੱਤਵਪੂਰਨ ਤੱਥ ਇਹ ਹੈ ਕਿ ਇਹ ਦੋਵੇਂ ਸਿਧਾਂਤ ਉਦਾਰਵਾਦੀ ਗ਼ੈਰ-ਸਿਆਸਤੀ ਜਮਹੂਰੀ ਪ੍ਰਬੰਧਨ ਨੂੰ ਆਲਮੀ ਵਰਤਾਰਿਆਂ, ਘਟਨਾਵਾਂ ਅਤੇ ਹਾਲਾਤ ਦਾ ਅੰਤਿਮ ਆਦਰਸ਼ ਚਿੱਤਰ ਮੰਨ ਰਹੇ ਸਨ, ਜੋ ਬਿਲਕੁਲ ਗ਼ਲਤ ਸਾਬਿਤ ਹੋ ਚੁੱਕਿਆ ਹੈ। ਫੁਕੂਯਾਮਾ ਦੀ ਉਦਾਰਵਾਦੀ ਵਿਸ਼ਵ-ਵਿਵਸਥਾ ਦੀ ਪਰਿਕਲਪਨਾ ਅਤੇ ਖੁੱਲ੍ਹੀਆਂ ਮੰਡੀਆਂ ਦਾ ਅਰਬਾਂ-ਖਰਬਾਂ ਦਾ ਕਾਰੋਬਾਰ ਵੀ ਨਾ ਤਾਂ ਆਲਮੀ ਪੱਧਰ 'ਤੇ ਫੈਲੀ ਮਾਰੂ ਭੁੱਖਮਰੀ ਨੂੰ ਠੱਲ੍ਹ ਪਾ ਸਕਿਆ ਹੈ ਅਤੇ ਨਾ ਹੀ ਲੱਖਾਂ ਦੀ ਗਿਣਤੀ ਵਿਚ ਬੇਰੁਜ਼ਗਾਰ ਫਿਰਦੀ ਲੋਕਾਈ ਦੇ ਸੁਪਨਿਆਂ ਨੂੰ ਤਿੜਕਣ ਤੋਂ ਬਚਾ ਸਕਿਆ ਹੈ। ਉਹ 'ਸਮੂਹਿਕ ਇਤਿਹਾਸ' ਨੂੰ ਤਿਲਾਂਜਲੀ ਦੇਣ ਦਾ ਤਰਕ ਦਿੰਦਿਆਂ ਮਨੁੱਖਤਾ ਨੂੰ ਇੱਕ ਅਜਿਹੇ ਸਫ਼ਰ 'ਤੇ ਤੁਰਨ ਦੀ ਨਸੀਹਤ ਦਿੰਦਾ ਹੈ ਜਿਹੜਾ ਅੱਜ ਨਵ-ਫਾਸ਼ੀਵਾਦ, ਨਵ-ਬਸਤੀਵਾਦ, ਡਿਜ਼ੀਟਲ ਬਸਤੀਵਾਦ ਅਤੇ ਕਾਰਪੋਰੇਸ਼ਨਾਂ-ਕਾਰਪੋਰੇਟਾਂ ਦੇ ਮੁਨਾਫ਼ਾ ਆਧਾਰਿਤ ਈਕੋ-ਚੈਂਬਰਾਂ ਦੀ ਇੱਕ ਲੰਮੀ ਸੁਰੰਗ ਤੋਂ ਬਿਨਾਂ ਕੁਝ ਵੀ ਨਹੀਂ।

ਪਿਛਲੇ ਸਾਲ ਆਲਮੀ ਪੱਧਰ 'ਤੇ ਸਭ ਤੋਂ ਵੱਧ ਵਿਕਣ ਵਾਲੀ ਲੇਖਕ ਯੁਵਾਲ ਨੋਹ ਹਰਾਰੀ ਦੀ ਨਵੀਂ ਕਿਤਾਬ 'ਨੈਕਸਜ਼: ਏ ਬਰੀਫ ਹਿਸਟਰੀ ਔਫ ਇਨਫਰਮੇਸ਼ਨ ਨੈੱਟਵਰਕਜ਼ ਫਰੌਮ ਦਿ ਸਟੋਨ ਏਜ ਟੂ ਏਆਈ' ਕੁੱਲ ਮਿਲਾ ਕੇ 'ਦਿਨਾਂ ਦੇ ਅੰਤ' ਜਾਂ 'ਮਨੁੱਖੀ ਬੁੱਧੀਮਤਾ ਦੇ ਮਸ਼ੀਨਾਂ ਦੁਆਰਾ ਅੰਤ' ਦੀ ਭਵਿੱਖਬਾਣੀ ਕਰਦੀ ਹੈ। ਇਸ ਕਿਤਾਬ ਅਨੁਸਾਰ ਅਗਲੇ ਸਾਲਾਂ ਵਿਚ ਮਸਨੂਈ ਬੁੱਧੀ ਨਾਲ ਲੈਸ ਮਸ਼ੀਨਾਂ ਹਰ ਉਹ ਕਾਰਜ ਕਰਨ ਦੇ ਸਮਰੱਥ ਹੋ ਜਾਣਗੀਆਂ ਜਿਹੜੇ ਮਨੁੱਖ ਕਰ ਸਕਦੇ ਹਨ। ਅਗਲੇ ਸਾਲਾਂ ਵਿਚ ਇਨ੍ਹਾਂ ਮਸ਼ੀਨਾਂ 'ਤੇ ਕੰਟਰੋਲ ਅਤੇ ਇਨ੍ਹਾਂ ਮਸ਼ੀਨਾਂ ਦੁਆਰਾ ਕੰਟਰੋਲ ਹੋਈ ਮਨੁੱਖੀ ਸੱਭਿਅਤਾ ਆਪਣੀ ਆਜ਼ਾਦੀ (ਸੋਚਣ, ਸਮਝਣ, ਲਿਖਣ, ਬੋਲਣ ਅਤੇ ਫ਼ੈਸਲੇ ਲੈਣ) ਦਾ ਬਹੁਤ ਸਾਰਾ ਹਿੱਸਾ ਗੁਆ ਲਵੇਗੀ। ਇਸ ਸਬੰਧ ਵਿਚ ਉਹ ਵੱਖ-ਵੱਖ ਮੁੱਦਿਆਂ 'ਤੇ ਸੋਸ਼ਲ ਮੀਡੀਆ ਅਤੇ ਡਿਜੀਟਲ ਮੀਡੀਆ ਦੁਆਰਾ ਬਣਾਏ ਅਤੇ ਵੱਡੇ ਪੱਧਰ 'ਤੇ ਫੈਲਾਏ ਜਾਂਦੇ ਬਿਰਤਾਂਤਾਂ, ਖ਼ਬਰਾਂ, ਸੂਚਨਾਵਾਂ ਅਤੇ ਗ਼ਲਤ ਜਾਣਕਾਰੀ ਦੇ ਹਵਾਲੇ ਦਿੰਦਾ ਹੈ।

ਹਰਾਰੀ ਦੀਆਂ ਕਿਤਾਬਾਂ ਦੇ ਵਿਰੋਧ ਵਿਚ ਬਹੁਤ ਸਾਰੀਆਂ ਇਤਿਹਾਸਕ ਵਿਸੰਗਤੀਆਂ ਅਤੇ ਸਿਆਸੀ ਦਲੀਲਾਂ ਹਨ। ਜੇਕਰ ਮਾਰਕਸਵਾਦੀ ਫਲਸਫ਼ੇ ਅਤੇ ਸਿਆਸਤ ਦੇ ਸੰਦਰਭ ਵਿਚ ਸਮਝਿਆ ਜਾਵੇ ਤਾਂ ਇਹ ਪਿਛਲੀ ਸਦੀ ਵਿਚ ਹੀ ਸਪੱਸ਼ਟ ਹੋ ਚੁੱਕਿਆ ਹੈ ਕਿ ਸਿਆਸੀ ਅਤੇ ਸਮਾਜਿਕ ਤੌਰ 'ਤੇ ਵਿਕਸਤ ਜਮਹੂਰੀ ਸਮਾਜਾਂ ਵਿਚ ਤਕਨੀਕ ਆਰਥਿਕ ਵਿਕਾਸ ਅਤੇ ਮਨੁੱਖੀ ਤਰੱਕੀ ਦਾ ਰਾਹ ਘੜਨ ਦਾ ਸੰਦ ਹੈ, ਜਦੋਂਕਿ ਨਾਬਰਾਬਰ ਤੇ ਗ਼ੈਰ-ਜਮਹੂਰੀ ਸਮਾਜਾਂ ਵਿਚ ਇਹ ਲੋਕਾਂ ਨੂੰ ਕਾਬੂ ਕਰਨ ਅਤੇ ਨਵੇਂ ਵਿਤਕਰੇ ਪੈਦਾ ਕਰਨ ਦਾ ਢੰਗ ਹੈ। ਹਰਾਰੀ ਤੋਂ ਬਹੁਤ ਸਾਲ ਪਹਿਲਾਂ ਮਾਰਕਸਵਾਦੀ ਚਿੰਤਕ ਅੰਤੋਨੀ'' ਗ੍ਰਾਮਸ਼ੀ ਆਪਣੇ ਵਡਮੁੱਲੇ ਕਾਰਜ 'ਪ੍ਰਿਜ਼ਨ ਨੋਟਬੁੱਕਸ' ਵਿਚ ਲਿਖ ਚੁੱਕਿਆ ਹੈ ਕਿ ਕਿਵੇਂ ਤਕਨੀਕ ਅਤੇ ਸੱਭਿਆਚਾਰਕ ਉਤਪਾਦ ਸੱਤਾ ਨੂੰ ਨਿਰਧਾਰਤ ਕਰਨ ਵਿਚ ਅਹਿਮ ਭੂਮਿਕਾ ਅਦਾ ਕਰਦੇ ਹਨ। ਹੁਣ ਆਲਮੀ ਤੌਰ 'ਤੇ ਸਟੇਟ ਦੀ ਧਾਰਨਾ ਕਮਜ਼ੋਰ ਹੋ ਰਹੀ ਹੈ। ਇਹ ਸਮਾਂ ਤਾਨਾਸ਼ਾਹਾਂ ਦੇ ਉਭਾਰ, ਸੱਜੇ-ਪੱਖੀ ਸਿਆਸਤ ਦੇ ਉਥਾਨ ਅਤੇ ਗ਼ੈਰ-ਸਿਆਸੀ ਵਰਤਾਰਿਆਂ ਤੇ ਵਿਚਾਰਾਂ ਦਾ ਦੌਰ ਹੈ। ਫੁਕੂਯਾਮਾ ਅਤੇ ਹਰਾਰੀ ਇਨ੍ਹਾਂ ਸਮਿਆਂ ਦਾ ਵਧੀਆ ਵਿਸ਼ਲੇਸ਼ਣ ਜ਼ਰੂਰ ਕਰਦੇ ਹਨ, ਪਰ ਜੇਕਰ ਇਮਾਨਦਾਰੀ ਨਾਲ ਦੇਖਿਆ ਜਾਵੇ ਤਾਂ ਕਾਰਲ ਮਾਰਕਸ ਦੇ ਸ਼ਬਦਾਂ ਵਿਚ ਅਸਲ ਸਵਾਲ ਤਾਂ 'ਇਨ੍ਹਾਂ ਸਮੀਕਰਣਾਂ ਨੂੰ ਬਦਲਣ ਦਾ ਹੈ।'

ਇਸ ਤੋਂ ਬਿਨਾਂ ਕੁਝ ਅਹਿਮ ਸਵਾਲ ਲਗਾਤਾਰ ਸੱਭਿਅਤਾ ਦਾ ਦਰਵਾਜ਼ਾ ਖੜਕਾ ਰਹੇ ਹਨ। ਪਹਿਲਾ ਸਵਾਲ ਇਹ ਹੈ ਕਿ ਕੀ ਵਾਪਰ ਰਹੀਆਂ ਘਟਨਾਵਾਂ ਜਾਂ ਵਰਤਾਰਿਆਂ 'ਤੇ ਮਨੁੱਖਤਾ ਦਾ ਕਿਸੇ ਕਿਸਮ ਦਾ ਕੰਟਰੋਲ ਬਾਕੀ ਰਹਿ ਗਿਆ ਹੈ ਜਾਂ ਸੱਭਿਅਤਾ ਲਈ ਇਨ੍ਹਾਂ ਵਰਤਾਰਿਆਂ ਦੀ 'ਕਿਵੇਂ' ਤੇ 'ਕਿਉਂ' ਦੀ ਸਪੇਸ ਵਿਚ ਦਖ਼ਲਅੰਦਾਜ਼ੀ ਕਰਨ ਦਾ ਕੋਈ ਰਾਹ ਹੀ ਬਾਕੀ ਨਹੀਂ ਬਚਿਆ? ਹਰਾਰੀ ਦੀਆਂ ਕਿਤਾਬਾਂ ਉਨ੍ਹਾਂ ਪਾਠਕਾਂ ਲਈ ਕਿਸੇ ਸਦਮੇ ਤੋਂ ਘੱਟ ਨਹੀਂ ਜੋ ਇਤਿਹਾਸ ਨੂੰ ਦਵੰਦਵਾਦੀ ਨਜ਼ਰੀਏ ਤੋਂ ਪੜ੍ਹਨ ਅਤੇ ਇਤਿਹਾਸਕ ਹਾਲਾਤ ਦੇ ਦਵੰਦਾਂ ਤੇ ਵਿਰੋਧਾਂ ਨੂੰ ਵਿਗਿਆਨਕ ਤਰੀਕਿਆਂ ਨਾਲ ਸਮਝਣ ਦੇ ਆਦੀ ਹਨ।

ਉਹ ਲਿਖਦਾ ਹੈ, 'ਕੋਈ ਵੀ ਵੱਡੇ ਪੱਧਰ ਦੀ ਮਨੁੱਖੀ ਕਾਰਪੋਰੇਸ਼ਨ, ਆਧੁਨਿਕ ਸਟੇਟ, ਮੱਧਯੁਗੀ ਚਰਚ, ਕੋਈ ਪੁਰਾਣਾ ਸ਼ਹਿਰ ਜਾਂ ਇੱਕ ਆਧੁਨਿਕ ਕਬੀਲਾ ਅਜਿਹੀਆਂ ਮਿੱਥਾਂ ਦੇ ਬਣੇ ਹੋਏ ਹਨ ਜਿਹੜੀਆਂ ਮਨੁੱਖਾਂ ਦੀ ਸਾਂਝੀ ਕਲਪਨਾ ਵਿਚ ਹੀ ਬੁਣੀਆਂ ਹੁੰਦੀਆਂ ਹਨ। ਚਰਚ ਆਮ ਧਾਰਮਿਕ ਮਿੱਥਾਂ ਦੇ ਬਣੇ ਹੁੰਦੇ ਹਨ, ਰਾਸ਼ਟਰ ਜਾਂ ਸਟੇਟ ਰਾਸ਼ਟਰੀ ਮਿੱਥਾਂ ਵਿਚੋਂ ਘੜੇ ਜਾਂਦੇ ਹਨ, ਕਾਨੂੰਨੀ-ਪ੍ਰਬੰਧ ਆਮ ਕਾਨੂੰਨੀ ਮਿੱਥਾਂ ਦੁਆਰਾ ਬਣਾਏ ਜਾਂਦੇ ਹਨ। ਇਨ੍ਹਾਂ 'ਚੋਂ ਕਿਸੇ ਦੀ ਵੀ ਮਨੁੱਖਾਂ ਦੁਆਰਾ ਕਲਪਿਤ ਤੌਰ 'ਤੇ ਈਜਾਦ ਕੀਤੀਆਂ ਅਤੇ ਇੱਕ-ਦੂਜੇ ਨੂੰ ਸੁਣਾਈਆਂ ਕਹਾਣੀਆਂ ਤੋਂ ਬਾਹਰ ਕੋਈ ਹੋਂਦ ਨਹੀਂ। ਬ੍ਰਹਿਮੰਡ ਵਿਚ ਕੋਈ ਦੇਵਤੇ ਨਹੀਂ, ਕੋਈ ਰਾਸ਼ਟਰ ਨਹੀਂ, ਪੈਸਾ ਨਹੀਂ, ਕੋਈ ਮਨੁੱਖੀ ਅਧਿਕਾਰ ਨਹੀਂ, ਕੋਈ ਕਾਨੂੰਨ ਨਹੀਂ ਅਤੇ ਕੋਈ ਇਨਸਾਫ਼ ਨਹੀਂ- ਸਭ ਮਨੁੱਖਾਂ ਦੀ ਕਲਪਨਾ ਮਾਤਰ ਹੈ।' (ਹੋਮੋ ਸੇਪੀਅਨਜ਼)

ਇਸ ਇੱਕ ਪੈਰੇ ਵਿਚ ਹੀ ਹਰਾਰੀ ਦੀ ਸਿਧਾਂਤਕ ਨਾਸਮਝੀ ਤੇ ਵਿਚਾਰਧਾਰਕ ਸੱਖਣਾਪਣ ਪਿਆ ਹੈ। ਕੀ ਸਟੇਟ ਸਿਰਫ਼ ਇੱਕ ਮਿੱਥ ਜਾਂ ਕਲਪਨਾ ਹੈ? ਕੀ ਸ਼ਹਿਰਾਂ ਤੇ ਮੁਲਕਾਂ ਦੀ ਸੰਰਚਨਾ ਇਤਿਹਾਸਕ ਤੇ ਦਵੰਦਵਾਦੀ ਸਥਿਤੀਆਂ ਦੀ ਥਾਂ, ਮਨੁੱਖੀ ਕਲਪਨਾ ਦੇ ਆਧਾਰ 'ਤੇ ਹੋਈ ਹੈ? ਕੀ ਚਰਚ ਦੀ ਧਾਰਮਿਕਤਾ ਜਾਂ ਮਰਿਆਦਾ ਮਨੁੱਖੀ ਕਹਾਣੀਆਂ ਦੇ ਸਿਰ 'ਤੇ ਸਦੀਆਂ ਤੱਕ ਬਰਕਰਾਰ ਰੱਖੀ ਗਈ ਹੈ? ਕੀ ਮਨੁੱਖੀ ਸਮਾਜ ਦਾ ਧਰਾਤਲੀ ਯਥਾਰਥ, ਉਸ ਦੇ ਸੰਘਰਸ਼, ਵਿਰੋਧ, ਆਪਸੀ ਟਕਰਾਅ, ਹਿੰਸਾ ਦੀ ਪ੍ਰਵਿਰਤੀ, ਮਨੁੱਖੀ ਤ੍ਰਾਸਦੀਆਂ ਆਦਿ ਦਾ ਆਧਾਰ ਕਹਾਣੀਆਂ ਜਾਂ ਮਿੱਥਾਂ ਹੋ ਸਕਦੀਆਂ ਹਨ? ਇਸ ਤੋਂ ਅੱਗੇ ਇਹ ਸਵਾਲ ਵੀ ਪੁੱਛਣਾ ਜ਼ਰੂਰੀ ਹੈ ਕਿ ਜੇ ਉਪਰੋਕਤ ਸਾਰੇ ਸੰਗਠਨ ਜਾਂ ਸਮੂਹ ਕਾਲਪਨਿਕ ਮਿੱਥ ਹਨ ਤਾਂ ਕੀ ਇਨ੍ਹਾਂ ਨੂੰ ਕਲਪਨਾ ਦੀ ਸ਼ਕਤੀ ਤੇ ਕਹਾਣੀਆਂ ਦੇ ਜੋੜ-ਤੋੜ ਨਾਲ ਫਿਰ ਪਹਿਲਾਂ ਵਰਗੀ ਸਥਿਤੀ ਵਿਚ ਲਿਆਂਦਾ ਜਾ ਸਕਦਾ ਹੈ? ਇਸ ਗੱਲ ਤੋਂ ਕੌਣ ਇਨਕਾਰ ਕਰ ਸਕਦਾ ਹੈ ਕਿ ਆਪਣੇ ਹੱਕਾਂ ਲਈ ਜੂਝਣ ਵਾਲੀ ਮਨੁੱਖੀ ਸਮਰੱਥਾ ਨੂੰ ਕਿਸੇ ਕਲਪਿਤ ਅਦਿੱਸ-ਅਦਿੱਖ ਸ਼ਕਤੀ ਸਾਹਮਣੇ ਬੇਵੱਸ ਕਰਾਰ ਦੇ ਕੇ ਉਨ੍ਹਾਂ ਨੂੰ ਖਪਤਕਾਰੀ ਪਛਾਣ ਵਿਚ ਧੱਕਣ ਦਾ ਫਲਸਫ਼ਾ ਮੁਨਾਫੇ ਦੀ ਮਸ਼ੀਨਰੀ ਲਈ ਕਿੰਨੇ ਲਾਹੇਵੰਦਾ ਸੌਦਾ ਹੈ? ਕੋਈ ਸ਼ੱਕ ਨਹੀਂ ਕਿ ਇਸੇ ਕਾਰਨ ਹਰਾਰੀ ਨਾ ਸਿਰਫ਼ ਬਰਾਕ ਉਬਾਮਾ ਤੋਂ ਸਿਲੀਕੌਨ ਵੈਲੀ ਤੇ ਆਈ.ਐੱਮ.ਐੱਫ. ਵਰਗੀ ਆਰਥਿਕ ਅਜਾਰੇਦਾਰੀ ਦੀ ਸੰਸਥਾ ਤੋਂ ਲੈ ਕੇ ਫੇਸਬੁੱਕ ਦੇ ਮਾਲਿਕ ਮਾਰਕ ਜ਼ਕਰਬਰਗ ਤੱਕ ਸਭ ਦਾ ਚਹੇਤਾ ਇਤਿਹਾਸਕਾਰ ਤੇ ਦਾਰਸ਼ਨਿਕ ਹੈ।

ਕੀ ਇਹ ਬੌਧਿਕ ਬੇਈਮਾਨੀ ਨਹੀਂ ਕਿ ਤੁਸੀਂ ਸਿਆਸੀ ਅਸਥਿਰਤਾ ਅਤੇ ਬੇਕਾਰੀ ਦੀਆਂ ਜਨਮਦਾਤੀਆਂ ਬਹੁਕੌਮੀ ਡਿਜੀਟਲ ਤੇ ਨਾਨ-ਡਿਜੀਟਲ ਕੰਪਨੀਆਂ ਦੇ ਕੰਟਰੋਲ ਕਰਨ ਦੇ ਅਪਰੇਸ਼ਨਾਂ, ਫੇਸਬੁੱਕ ਵਰਗੀਆਂ ਕੰਪਨੀਆਂ ਦੁਆਰਾ ਸਿਆਸੀ ਲੌਬਿੰਗ ਕਰਨ; ਬੋਲਣ, ਲਿਖਣ ਤੇ ਸੂਚਨਾ ਦੇ ਮਨੁੱਖੀ ਅਧਿਕਾਰਾਂ ਦਾ ਲਗਾਤਾਰ ਘਾਣ ਕਰਨ ਅਤੇ ਵੱਖ-ਵੱਖ ਮੁਲਕਾਂ ਵਿਚ ਆਪਣੀਆਂ ਸਥਾਨਕ ਪਛਾਣਾਂ ਦੇ ਸੰਘਰਸ਼ ਲੜ ਰਹੇ ਬਾਸ਼ਿੰਦਿਆਂ ਦੇ ਫੇਸਬੁੱਕ ਪੇਜਾਂ ਨੂੰ ਬਲੌਕ ਕਰਨ ਖ਼ਿਲਾਫ਼ ਇੱਕ ਵੀ ਲਫ਼ਜ਼ ਨਹੀਂ ਬੋਲਦੇ? ਕੀ ਇਹ ਸੂਚਨਾ ਅਤੇ ਜਾਣਕਾਰੀ ਦੇ ਇਕਤਰਫ਼ਾ ਤੇ ਇੱਕ ਦਿਸ਼ਾਵੀ ਚੱਲਣ ਦੇ ਹੱਕ ਵਿਚ ਭੁਗਤਣਾ ਨਹੀਂ ਜਿੱਥੇ ਬਹੁਕੌਮੀ ਕੰਪਨੀਆਂ ਵਿਚ ਕੰਮ ਕਰ ਰਹੇ ਕਰਮਚਾਰੀਆਂ ਦਾ ਸਮੂਹ ਜਾਂ ਗਰੁੱਪ ਇਹ ਨਿਰਧਾਰਤ ਕਰਨ ਲੱਗਦਾ ਹੈ ਕਿ ਲੋਕ ਕੀ ਸੋਚਣ, ਲਿਖਣ, ਪੜ੍ਹਨ ਜਾਂ ਕਿਵੇਂ ਪ੍ਰਤੀਕਿਰਿਆ ਦੇਣ? ਦਾਰਸ਼ਨਿਕ ਪੱਧਰ 'ਤੇ ਦੇਖਿਆ ਜਾਵੇ ਤਾਂ ਇਹ ਆਲਮੀ ਪੱਧਰ 'ਤੇ ਗਿਆਨ/ਜਾਣਕਾਰੀ/ਸੂਚਨਾ ਦੇ ਸੋਮਿਆਂ 'ਤੇ ਅਜਾਰੇਦਾਰੀ ਜਮਾਉਣ ਦਾ ਫਾਸ਼ੀਵਾਦੀ ਰੁਝਾਨ ਹੈ।

# ਭਾਰਤੀ ਸਿਆਸਤਦਾਨਾਂ ਦੀਆਂ ਭ੍ਰਿਸ਼ਟ ਨੀਤੀਆਂ ਬਾਰੇ ਲੋਕ ਖਾਮੋਸ਼ ਕਿਉਂ ?

ਲੇਖਕ : ਪੂਰਨ ਚੰਦ ਸਰੀਨ




ਹੋਰ ਕਾਰੋਬਾਰਾਂ ਵਾਂਗ ਸਿਆਸਤ ਵੀ ਇਕ ਧੰਦਾ ਹੈ। ਵਪਾਰ, ਰੁਜ਼ਗਾਰ ਜਾਂ ਸਵੈ-ਰੁਜ਼ਗਾਰ ਦਾ ਉਦੇਸ਼ ਨਿੱਜੀ ਜ਼ਰੂਰਤਾਂ ਪੂਰੀਆਂ ਕਰਨਾ, ਪੈਸਾ ਕਮਾਉਣਾ ਅਤੇ ਮਾਣ-ਸਨਮਾਨ ਹਾਸਿਲ ਕਰਨਾ ਹੁੰਦਾ ਹੈ। ਇਸ ਦੇ ਉਲਟ ਸਿਆਸਤ ਨੂੰ ਆਪਣਾ ਜੀਵਨ ਸਮਰਪਿਤ ਕਰਨ ਲਈ ਆਪਣੀਆਂ ਜਿਨ੍ਹਾਂ ਇੱਛਾਵਾਂ ਨੂੰ ਪੂਰਾ ਕਰਨਾ ਹੁੰਦਾ ਹੈ, ਉਨ੍ਹਾਂ ਲਈ ਪਹਿਲੀ ਸ਼ਰਤ ਹੈ ਕਿ ਵਿਅਕਤੀ ਸੰਵੇਦਨਸ਼ੀਲ ਹੋਵੇ, ਆਪਣੇ ਪਰਿਵਾਰ ਤੋਂ ਉੱਪਰ ਉੱਠ ਕੇ ਸਮਾਜ ਪ੍ਰਤੀ ਫਰਜ਼ ਨਿਭਾਉਣ ਦੀ ਸਮਰੱਥਾ ਰੱਖਦਾ ਹੋਵੇ ਅਤੇ ਕਿਸੇ ਵੀ ਮੁਸ਼ਕਿਲ ਸਥਿਤੀ 'ਚ ਆਪਣੀ ਜ਼ਿੰਮੇਵਾਰੀ ਤੋਂ ਪਿੱਛੇ ਨਾ ਹਟੇ, ਚਾਹੇ ਇਸ ਲਈ ਕਿੰਨੀ ਵੀ ਕੁਰਬਾਨੀ ਕਿਉਂ ਨਾ ਦੇਣੀ ਪਵੇ। ਸਿਆਸਤ 'ਚ ਨਿੱਜੀ ਹਿਤਾਂ ਨੂੰ ਪੂਰਾ ਕਰਨ, ਬੇਸ਼ੁਮਾਰ ਧਨ-ਦੌਲਤ ਤੇ ਐਸ਼ੋ-ਆਰਾਮ ਦੇ ਸਾਧਨ ਇਕੱਤਰ ਕਰਨ ਬਾਰੇ ਤਾਂ ਸੋਚਿਆ ਹੀ ਨਹੀਂ ਜਾ ਸਕਦਾ, ਕਿਉਂਕਿ ਅਜਿਹੀ ਜ਼ਿੰਦਗੀ ਇਕ ਸੰਨਿਆਸੀ ਵਾਂਗ ਜਾਂ ਸੰਸਾਰਕ ਚੀਜ਼ਾਂ ਦਾ ਮੋਹ ਨਾ ਹੋਣ ਦਾ ਨਾਂਅ ਹੈ।

ਸਿਆਸਤ ਦੀ ਦੂਜੀ ਸ਼ਰਤ ਇਹ ਹੈ ਕਿ ਇਸ 'ਚ ਸਫਲਤਾ ਦੀ ਕੋਈ ਗਾਰੰਟੀ ਨਹੀਂ ਹੈ, ਤੁਹਾਡੇ ਕੰਮਾਂ ਦੀ ਪ੍ਰਸੰਸਾ ਹੋਵੇਗੀ ਜਾਂ ਰੁਤਬਾ ਵਧੇਗਾ, ਗੁਣਗਾਣ ਹੋਵੇਗਾ ਜਾਂ ਤੁਹਾਨੂੰ ਕੋਈ ਲਾਭ ਜਾਂ ਅਹੁਦਾ ਮਿਲੇਗਾ, ਉਸ ਦੀ ਕੋਈ ਵਿਵਸਥਾ ਨਹੀਂ ਹੈ। ਕਦੇ ਲੱਗੇਗਾ ਕਿ ਜ਼ਮੀਨ ਤੋਂ ਆਸਮਾਨ ਦੀਆਂ ਬੁਲੰਦੀਆਂ ਤੱਕ ਪਹੁੰਚ ਗਏ ਅਤੇ ਦੂਜੇ ਹੀ ਪਲ ਹੇਠਾਂ ਫ਼ਰਸ਼ 'ਤੇ ਵੀ ਸੁੱਟੇ ਜਾ ਸਕਦੇ ਹੋ। ਇਹੀ ਸਿਆਸਤ ਦਾ ਸੱਚ ਹੈ।

ਸਿਆਸਤ 'ਚ ਜਦੋਂ ਵਿਅਕਤੀ ਵਿਦਵਾਨ ਬਣਨ ਲਗਦੇ ਹਨ ਤਾਂ ਹੀ ਉਹ ਸਿਆਸਤਦਾਨ ਬਣਨ ਲਗਦੇ ਹਨ। ਇਨ੍ਹਾਂ ਦੀਆਂ ਦੋ ਸ਼੍ਰੇਣੀਆਂ ਹਨ। ਇਕ ਉਨ੍ਹਾਂ ਲੋਕਾਂ ਦੀ ਜੋ ਆਪਣੇ ਖੇਤਰ, ਸਮਾਜ, ਪ੍ਰਦੇਸ਼ ਅਤੇ ਦੇਸ਼ ਦੇ ਸਾਹਮਣੇ ਜੋ ਚੁਣੌਤੀਆਂ ਹਨ, ਸਮੱਸਿਆਵਾਂ ਹਨ, ਗ਼ਰੀਬੀ, ਬੇਰੁਜ਼ਗਾਰੀ ਜਿਹੇ ਮੂਲ ਮੁੱਦੇ ਹਨ, ਉਨ੍ਹਾਂ 'ਤੇ ਚਰਚਾ ਕਰਦੇ ਹਨ ਅਤੇ ਫ਼ੈਸਲੇ ਲੈਂਦੇ ਹਨ। ਆਪਣੇ ਸਮਰੱਥ, ਵਿਵੇਕ ਨਾਲ ਨੀਤੀਆਂ ਬਣਾਉਂਦੇ ਜਾਂ ਬਣਵਾਉਂਦੇ ਹਨ ਤੇ ਅਮਲ ਕਰਵਾਉਂਦੇ ਹਨ।

ਦੂਜੀ ਸ਼੍ਰੇਣੀ ਉਨ੍ਹਾਂ ਦੀ ਹੈ, ਜੋ ਜਨਤਾ ਦੇ ਵਿਵੇਕ ਨੂੰ ਖ਼ਤਮ ਕਰਨ ਦਾ ਕੰਮ ਕਰਦੇ ਹਨ, ਭਾਵ ਜੋ ਨੇਤਾਜੀ ਕਹਿਣਗੇ, ਉਹੀ ਲੋਕ ਕਰਨਗੇ। ਉਹ ਸਰਕਾਰੀ ਖ਼ਜ਼ਾਨਾ ਜੋ ਟੈਕਸ ਨਾਲ ਬਣਦਾ ਹੈ, ਉਸ 'ਚੋਂ ਉਨ੍ਹਾਂ ਨੂੰ ਮੁਫ਼ਤ ਅਨਾਜ, ਰਾਸ਼ਨ, ਨਕਦ ਪੈਸਾ, ਬਿਨਾਂ ਮਿਹਨਤ ਜਾਂ ਧਨ ਕਮਾਏ ਘਰ ਬੈਠੇ ਸਾਰੀਆਂ ਸਹੂਲਤਾਂ ਦਿਵਾਉਣ 'ਚ ਲਗ ਜਾਂਦੇ ਹਨ। ਜ਼ਿਆਦਾਤਰ ਲੋਕ ਸਿਆਸਤ 'ਚ ਇਸ ਲਈ ਆਉਣ ਲੱਗੇ ਹਨ ਕਿ ਲੋਕ ਉਨ੍ਹਾਂ ਨੂੰ ਰੱਬ ਸਮਝਣ ਲੱਗ ਪੈਣ, ਭਾਵ ਇਹ ਕਿ ਉਨ੍ਹਾਂ ਦੇ ਦਿਲੋਂ-ਦਿਮਾਗ਼ 'ਤੇ ਨੇਤਾ ਦਾ ਕਬਜ਼ਾ ਹੋਵੇ ਅਤੇ ਉਹ ਖ਼ੁਦ ਫ਼ੈਸਲੇ ਲੈਣ ਦੇ ਕਾਬਲ ਨਾ ਰਹਿਣ।

ਚਲੋ ਕੁਝ ਉਦਾਹਰਨਾਂ ਨਾਲ ਗੱਲ ਸਮਝਦੇ ਹਾਂ। ਪੂਰਾ ਦੇਸ਼ ਅੱਜ ਹਵਾ, ਪਾਣੀ ਅਤੇ ਵਾਤਾਵਰਨ ਪ੍ਰਦੂਸ਼ਣ ਨਾਲ ਗ੍ਰਸਤ ਹੁੰਦਾ ਜਾ ਰਿਹਾ ਹੈ। ਸਾਹ ਲੈਣ 'ਚ ਮੁਸ਼ਕਿਲ ਹੈ, ਫ਼ੇਫੜਿਆਂ 'ਚ ਸੰਕਰਮਣ (ਲਾਗ ਜਾਂ ਵਾਇਰਸ) ਫੈਲ ਰਿਹਾ ਹੈ ਅਤੇ ਅਸੀਂ ਸਰਕਾਰ ਅਤੇ ਪ੍ਰਸ਼ਾਸਨ ਤੋਂ ਇਹ ਮੰਗ ਤੱਕ ਨਹੀਂ ਕਰਦੇ ਕਿ ਉਹ ਦੇਸ਼ ਦੀ ਵਿਕਸਿਤ ਤਕਨਾਲੋਜੀ ਦੀ ਵਰਤੋਂ ਕਰਕੇ ਸਾਫ਼ ਹਵਾ ਅਤੇ ਨਿਰਮਲ ਪਾਣੀ ਮਿਲਣਾ ਯਕੀਨੀ ਬਣਾਉਣ। ਸਰਕਾਰ ਦੀ ਨਜ਼ਰ 'ਚ ਤਾਂ ਇਹ ਤਰਜੀਹ ਹੈ ਹੀ ਨਹੀਂ ਅਤੇ ਜਨਤਾ ਕੁਝ ਕਹਿੰਦੀ ਨਹੀਂ, ਇਸ ਲਈ ਗੰਦਗੀ ਤੇ ਕੂੜੇ ਦੇ ਪਹਾੜ ਖੜ੍ਹੇ ਹੋ ਜਾਂਦੇ ਹਨ। ਸੱਤਾਧਾਰੀ ਨੇਤਾ ਅਤੇ ਉਨ੍ਹਾਂ ਦੇ ਚਮਚੇ ਲੋਕਾਂ ਨੂੰ ਦੱਸਦੇ ਹਨ ਕਿ ਮੂੰਹ 'ਤੇ ਮਾਸਕ ਲਗਾ ਲਓ, ਉਬਾਲ ਕੇ ਪਾਣੀ ਪੀਓ ਅਤੇ ਬਾਹਰ ਨਿਕਲ ਕੇ ਦਿਖਾਓ ਕਿ ਪ੍ਰਦੂਸ਼ਣ ਤਾਂ ਵਿਰੋਧੀ ਧਿਰਾਂ ਦਾ ਫੈਲਾਇਆ ਹੋਇਆ ਝੂਠ ਹੈ।

ਦੂਜੀ ਉਦਾਹਰਨ ਦੇਖੋ, ਜਦੋਂ ਦੇਸ਼ 'ਚ ਉਦਯੋਗਾਂ ਅਤੇ ਕਾਰਖਾਨਿਆਂ ਦੀ ਸਥਾਪਨਾ ਹੋ ਰਹੀ ਸੀ, ਉਦੋਂ ਵੱਡੇ ਪੱਧਰ 'ਤੇ ਦਿਹਾਤੀ ਇਲਾਕਿਆਂ ਤੋਂ ਲੈ ਕੇ ਸ਼ਹਿਰਾਂ 'ਚ ਲੋਕ ਨੌਕਰੀ ਕਰਨ ਆ ਰਹੇ ਸਨ। ਉਹ ਰਹਿਣਗੇ ਕਿੱਥੇ ਤਾਂ ਬਜਾਏ ਇਸ ਦੇ ਕਿ ਉਦਯੋਗਪਤੀ ਜਾਂ ਉੱਦਮੀ ਉਨ੍ਹਾਂ ਦੇ ਰਹਿਣ ਦਾ ਬੰਦੋਬਸਤ ਕਰਦੇ (ਭਾਵੇਂ ਕਿ ਇਹ ਗੱਲਾਂ ਸਰਕਾਰ ਤੋਂ ਜ਼ਮੀਨ ਅਤੇ ਦੂਜੀਆਂ ਸਹੂਲਤਾਂ ਲੈਣ ਸਮੇਂ ਉਨ੍ਹਾਂ ਮੰਨੀਆਂ ਵੀ ਸਨ ਕਿ ਉਹ ਮਜ਼ਦੂਰਾਂ, ਕਾਰੀਗਰਾਂ ਅਤੇ ਹੋਰ ਕਰਮਚਾਰੀਆਂ ਦੇ ਰਹਿਣ ਦੀ ਵਿਵਸਥਾ ਕਰਨਗੇ), ਉਨ੍ਹਾਂ ਨੇ ਰਿਸ਼ਵਤ ਅਤੇ ਕਮਿਸ਼ਨ ਦੇ ਕੇ ਅਧਿਕਾਰੀਆਂ ਨੂੰ ਇਸ ਪਾਸੇ ਤੋਂ ਅੱਖਾਂ ਬੰਦ ਕਰ ਲੈਣ ਨੂੰ ਕਿਹਾ ਅਤੇ ਦੂਜੇ ਪਾਸੇ ਝੁੱਗੀ ਮਾਫ਼ੀਆ ਖੜ੍ਹਾ ਕਰ ਕੇ ਇਸ ਕੰਮ 'ਤੇ ਲਗਾ ਦਿੱਤਾ ਕਿ ਉਹ ਖਾਲੀ ਪਈ ਸਰਕਾਰੀ ਜ਼ਮੀਨ 'ਤੇ ਗ਼ੈਰਕਾਨੂੰਨੀ ਢੰਗ ਨਾਲ ਝੁੱਗੀਆਂ-ਬਸਤੀਆਂ ਵਸਾ ਕੇ ਉਨ੍ਹਾਂ ਦੀ ਫੈਕਟਰੀ 'ਚ ਕੰਮ ਕਰਨ ਵਾਲਿਆਂ ਨੂੰ ਵਸਾ ਦੇਣ। ਬਾਅਦ 'ਚ ਇੱਥੇ ਮੁਫ਼ਤ ਬਿਜਲੀ ਲੈਣ ਦੀ ਤਰਕੀਬ ਦੱਸ ਦਿੱਤੀ। ਇਸੇ ਤਰ੍ਹਾਂ ਪਾਣੀ ਅਤੇ ਪਾਖਾਨਿਆਂ ਦਾ ਇੰਤਜ਼ਾਮ ਕੀਤਾ ਗਿਆ, ਕਿਉਂਕਿ ਇਹ ਸਭ ਬਿਨਾਂ ਕਿਸੇ ਮਨਜ਼ੂਰੀ ਅਤੇ ਯੋਜਨਾ ਦੇ ਹੋਇਆ ਸੀ ਤਾਂ ਚਾਰੇ ਪਾਸੇ ਬਦਬੂ ਅਤੇ ਗੰਦਗੀ ਫੈਲਣ ਲੱਗੀ, ਬਿਮਾਰੀਆਂ ਹੋਣ ਲੱਗੀਆਂ ਅਤੇ ਇਕ ਤਰ੍ਹਾਂ ਨਾਲ ਆਲੀਸ਼ਾਨ ਕਾਲੋਨੀਆਂ ਵਿਚਕਾਰ ਨਾਸੂਰ ਬਣ ਕੇ ਇਹ ਸਮੱਸਿਆ ਪੈਦਾ ਹੋ ਗਈ।

ਨੇਤਾਜੀ ਆਉਂਦੇ ਅਤੇ ਕਹਿੰਦੇ ਕਿ ਅਸੀਂ ਉਨ੍ਹਾਂ ਦੀ ਰੱਖਿਆ ਕਰਾਂਗੇ, ਬੱਸ ਉਨ੍ਹਾਂ ਦੀਆਂ ਵੋਟਾਂ ਮਿਲਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਝੁੱਗੀਆਂ-ਝੌਂਪੜੀਆਂ ਅੱਜ ਸਾਡੇ ਹਰ ਵੱਡੇ-ਛੋਟੇ ਸ਼ਹਿਰਾਂ 'ਚ ਆਮ ਵੇਖਣ ਨੂੰ ਮਿਲ ਜਾਂਦੀਆਂ ਹਨ। ਕਹਿੰਦੇ ਹਨ ਕਿ ਦਿੱਲੀ ਵਿਧਾਨ ਸਭਾ ਦੀਆਂ 30 ਸੀਟਾਂ ਇਨ੍ਹਾਂ ਝੁੱਗੀਆਂ ਦੀ ਬਦੌਲਤ ਕਿਸੇ ਵੀ ਪਾਰਟੀ ਦੀ ਸਰਕਾਰ ਬਣਵਾ ਸਕਦੀਆਂ ਹਨ। ਇਸੇ ਤਰ੍ਹਾਂ ਮੁੰਬਈ, ਚੇਨਈ, ਬੈਂਗਲੁਰੂ ਅਤੇ ਕੋਲਕਾਤਾ ਜਿਹੇ ਵੱਡੇ ਮਹਾਂਨਗਰ ਹਨ। ਇਨ੍ਹਾਂ ਬਸਤੀਆਂ ਦੀ ਬਦੌਲਤ ਕਿਸੇ ਵੀ ਨੇਤਾ ਨੂੰ ਲੰਬੇ ਸਮੇਂ ਤੱਕ ਸੱਤਾ 'ਤੇ ਕਾਬਜ਼ ਰਹਿਣ ਦੀ ਇਜਾਜ਼ਤ ਮਿਲ ਸਕਦੀ ਹੈ।

ਸਾਡੇ ਦੇਸ਼ ਦੀਆਂ ਅਦਾਲਤਾਂ 'ਚ 5 ਕਰੋੜ ਤੋਂ ਵੱਧ ਮਾਮਲੇ ਚੱਲ ਰਹੇ ਹਨ ਅਤੇ ਕੋਈ ਨਹੀਂ ਜਾਣਦਾ ਕਿ ਕਿੰਨੇ ਸਮੇਂ 'ਚ ਸੁਣਵਾਈ ਹੋਵੇਗੀ ਅਤੇ ਕਦੋਂ ਫ਼ੈਸਲਾ ਆਏਗਾ। ਇਸੇ ਤਰ੍ਹਾਂ ਸਾਡੀਆਂ ਜੇਲ੍ਹਾਂ 'ਚ ਬੰਦ ਸਿਰਫ਼ ਇਕ-ਚੌਥਾਈ ਕੈਦੀਆਂ ਨੂੰ ਸਜ਼ਾ ਸੁਣਾਈ ਜਾ ਸਕੀ ਹੈ ਅਤੇ ਬਾਕੀ ਸਾਰੇ ਹਾਲੇ ਤੱਕ 'ਅੰਡਰ ਟਰਾਇਲ' ਹਨ ਜਾਂ ਬਿਨਾਂ ਕਿਸੇ ਅਪਰਾਧ ਦੇ ਜੇਲ੍ਹ 'ਚ ਬੰਦ ਹਨ। ਉਨ੍ਹਾਂ ਦੀ ਪੁੱਛ-ਗਿੱਛ ਕਰਨ ਵਾਲਾ ਜਾਂ ਜ਼ਮਾਨਤ ਦੇਣ ਵਾਲਾ ਕੋਈ ਨਹੀਂ ਹੈ ਅਤੇ ਉਹ ਆਪਣੀ ਕਿਸਮਤ ਨੂੰ ਦੋਸ਼ ਦਿੰਦੇ ਰਹਿੰਦੇ ਹਨ। ਮਾਮੂਲੀ ਲੜਾਈ-ਝਗੜੇ ਜਾਂ ਦੁਸ਼ਮਣੀ ਜਾਂ ਕਿਸੇ ਬਦਮਾਸ਼ ਦੀ ਗੱਲ ਨਾ ਮੰਨਣ ਦੇ ਸ਼ਿਕਾਰ ਲੋਕਾਂ ਦੀ ਗਿਣਤੀ ਲੱਖਾਂ 'ਚ ਹੈ।

ਤ੍ਰਾਸਦੀ ਇਹ ਹੈ ਕਿ ਕੁਝ ਨੇਤਾ ਤਾਂ ਗ੍ਰਿਫ਼ਤਾਰ ਹੋਣ ਨੂੰ ਉਤਾਵਲੇ ਰਹਿੰਦੇ ਹਨ ਕਿ ਮੰਨੋ ਅਸਲ 'ਚ ਉਹ ਉਨ੍ਹਾਂ ਦਾ ਸਹੁਰਾ ਘਰ ਹੋਵੇ, ਕਿਉਂਕਿ ਉੱਥੇ ਉਨ੍ਹਾਂ ਦੀ ਖ਼ਾਤਿਰਦਾਰੀ ਹੋਣ ਦੇ ਸਾਰੇ ਪ੍ਰਬੰਧ ਕੀਤੇ ਜਾਂਦੇ ਹਨ। ਕਿਸੇ ਘੁਟਾਲੇ, ਜਿਨਸੀ ਸ਼ੋਸ਼ਣ ਜਾਂ ਕਿਸੇ ਵਿੱਤੀ ਅਪਰਾਧ ਦੀ ਸਜ਼ਾ ਭੁਗਤ ਰਹੇ ਨੇਤਾ ਨੂੰ ਜੇਲ੍ਹ ਦੇ ਦਰਵਾਜ਼ੇ ਤੱਕ ਇਕ ਹਜੂਮ ਛੱਡਣ ਆਉਂਦਾ ਹੈ ਅਤੇ ਜ਼ਮਾਨਤ 'ਤੇ ਰਿਹਾਅ ਹੋਣ 'ਤੇ ਵਾਜੇ ਵਜਾਉਂਦੇ ਹੋਏ ਇਕ ਭੀੜ ਅਜਿਹਾ ਸਵਾਗਤ ਕਰਦੀ ਹੈ ਕਿ ਆਜ਼ਾਦੀ ਅੰਦੋਲਨ ਦੇ ਕ੍ਰਾਂਤੀਕਾਰੀ ਵੀ ਅਫ਼ਸੋਸ 'ਚ ਸਿਰ ਝੁਕਾ ਲੈਣ ਕਿ ਉਨ੍ਹਾਂ ਨੇ ਕਿੰਨਾਂ ਲੋਕਾਂ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ ਸੀ।


ਇਹ ਕਿਹੋ ਜਿਹਾ ਕਾਨੂੰਨ ਹੈ, ਜੋ ਕਿਸੇ ਅੱਤਵਾਦੀ ਅਤੇ ਦੇਸ਼ਧ੍ਰੋਹੀ ਨੂੰ ਜੇਲ੍ਹ 'ਚੋਂ ਚੋਣ ਲੜਨ ਦੀ ਛੋਟ ਦੇ ਸਕਦਾ ਹੈ, ਪਰ ਕਿਸੇ ਬੰਦੀ ਨੂੰ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਰੱਖਦਾ ਹੈ।

ਇਸ ਨੂੰ ਆਪਣੀ ਮਰਜ਼ੀ ਨਾਲ ਜਨਤਾ ਨੂੰ ਹੱਕਣ ਦੀ ਚਲਾਕੀ ਕਹੀਏ ਜਾਂ ਯੋਗਤਾ,ਹਕੀਕਤ ਜਾਣਦੇ ਹੋਏ ਵੀ ਲੋਕ ਚੁੱਪ ਰਹਿੰਦੇ ਹਨ, ਜ਼ਿਆਦਤੀ ਸਹਿੰਦੇ ਹਨ ਅਤੇ ਆਪਣੀ ਜ਼ੁਬਾਨ ਬੰਦ ਰੱਖਣ 'ਚ ਹੀ ਹੁਨਰ ਸਮਝਦੇ ਹਨ। ਪੜ੍ਹੇ-ਲਿਖੇ ਹੋਣ ਜਾਂ ਅਨਪੜ੍ਹ, ਅਮੀਰ ਹੋਣ ਜਾਂ ਗ਼ਰੀਬ, ਨੌਕਰੀਪੇਸ਼ਾ ਹੋਣ ਜਾਂ ਕਾਰੋਬਾਰੀ, ਵਪਾਰੀ ਹੋਣ ਜਾਂ ਉਦਯੋਗਪਤੀ, ਸਭ ਇਹੀ ਸੋਚਦੇ ਰਹਿੰਦੇ ਹਨ ਕਿ ਜਿਵੇਂ ਵੀ ਹੋਵੇ ਆਪਣਾ ਕੰਮ ਨਿਪਟਾਓ ਅਤੇ ਆਪਣੀ ਰਾਹ 'ਤੇ ਇਸ ਤਰ੍ਹਾਂ ਚੱਲੋ ਕਿ ਘਰ ਪਹੁੰਚ ਜਾਓ। ਸਰਕਾਰ ਦੀ ਨੁਕਤਾਚੀਨੀ ਜਾਂ ਕਮੀਆਂ ਕੱਢਣ ਦਾ ਅਰਥ ਨੇਤਾਜੀ ਨਾਲ ਜ਼ਿੰਦਗੀ ਭਰ ਦੀ ਦੁਸ਼ਮਣੀ ਮੁੱਲ ਲੈਣਾ ਹੈ। ਜੇਕਰ ਮੰਨ ਲਓ ਕਿ ਉਨ੍ਹਾਂ ਦੀ ਵੋਟ ਨਾਲ ਭ੍ਰਿਸ਼ਟ ਪਾਰਟੀ ਦੀ ਸਰਕਾਰ ਡਿੱਗ ਵੀ ਜਾਂਦੀ ਹੈ ਤਾਂ ਕੋਈ ਗਾਰੰਟੀ ਨਹੀਂ ਕਿ ਅਗਲੀ ਸਰਕਾਰ ਅਨੈਤਿਕ ਕਾਰਜ ਨਹੀਂ ਕਰੇਗੀ। ਇਹੀ ਹੁੰਦਾ ਹੈ ਨਾਗਰਿਕਾਂ ਦੀ ਸੋਚ 'ਤੇ ਕਬਜ਼ਾ ਕਰਨਾ ਤਾਂ ਕਿ ਉਹ ਕਦੇ ਵਿਰੋਧ ਨਾ ਕਰ ਸਕਣ।

ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਦੇਸ਼ ਦੇ ਕੁਝ ਇਮਾਨਦਾਰ ਨੇਤਾਵਾਂ ਨੇ ਦੇਸ਼ਵਾਸੀਆਂ ਦੀ ਭਲਾਈ ਲਈ ਕੰਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਅਤੇ ਦੇਸ਼ ਦਾ ਮਾਣ-ਸਨਮਾਨ ਵਧਾਇਆ ਅਤੇ ਵਿਸ਼ਵ 'ਚ ਭਾਰਤ ਨੂੰ ਗੌਰਵਸ਼ਾਲੀ ਸਥਾਨ ਦਿਵਾਇਆ, ਪਰ ਉਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ। ਜ਼ਿਆਦਾਤਰ ਨੇ ਆਪਣੀਆਂ ਨਿੱਜੀ ਤੇ ਪਰਿਵਾਰਕ ਸੰਪਤੀਆਂ ਵਧਾਉਣ ਦਾ ਕੰਮ ਕੀਤਾ ਹੈ। ਸਰਕਾਰੀ ਭਾਵ ਜਨਤਾ ਦੇ ਧਨ ਨੂੰ ਆਪਣੀਆਂ ਤਿਜ਼ੌਰੀਆਂ 'ਚ ਭਰਨ ਲਈ ਅਨੇਕਾਂ ਐੱਨ.ਜੀ.ਓ. ਜਾਂ ਫਾਊਂਡੇਸ਼ਨ ਬਣਾ ਲਏ ਹਨ।

ਇਨ੍ਹਾਂ 'ਚ ਕਿੰਨਾ ਅਤੇ ਕਿੱਥੋਂ ਪੈਸਿਆਂ ਦਾ ਲੈਣ-ਦੇਣ ਹੁੰਦਾ ਹੈ, ਕੋਈ ਨਹੀਂ ਜਾਣਦਾ। ਚੋਣਾਂ ਲੜਨ ਲਈ ਪੈਸਾ ਜਨਤਾ ਦੁਆਰਾ ਦਿੱਤਾ ਦੱਸਦੇ ਹਨ, ਪਰ ਅਸਲ 'ਚ ਇਹ ਉਗਰਾਹੀ ਦਾ ਪੈਸਾ ਹੁੰਦਾ ਹੈ, ਜੋ ਚੋਣਾਂ 'ਚ ਬੇਹਿਸਾਬ ਖਰਚ ਹੁੰਦਾ ਹੈ ਅਤੇ ਕਿਉਂਕਿ ਕਿਸੇ ਨੂੰ ਇਸ ਦਾ ਸਰੋਤ ਜਾਣਨ ਦਾ ਅਧਿਕਾਰ ਨਹੀਂ ਹੈ, ਇਸ ਲਈ ਇਹ ਪੈਸਾ ਕਿੱਥੋਂ ਆਇਆ, ਕੋਈ ਨਹੀਂ ਜਾਣ ਪਾਉਂਦਾ। ਕੀ ਇਹੀ ਲੋਕਤੰਤਰ ਹੈ, ਜ਼ਰ੍ਹਾ ।


JARNAIL SINGH



ART CLASSES
604-825-4659
604-724-6922
604-595-5885
#106- 12882-85 Ave. Surrey




# ਸਿੱਖ ਕੌਮ ਦੇ ਜਾਂਬਾਜ਼ ਯੋਧੇ ਅਤੇ ਬੇ.ਗਮ ਸਮਰੂ









ਲੇਖਕ : ਗੁਰਪ੍ਰੀਤ ਸਿੰਘ ਤਲਵੰਡੀ
ਸੰਪਰਕ: 001-778-980-9196

ਸਿੱਖ ਕੌਮ ਦੇ ਜਾਂਬਾਜ਼ ਯੋਧਿਆਂ ਵਿੱਚੋਂ ਜਥੇਦਾਰ ਬਘੇਲ ਸਿੰਘ ਦਾ ਨਾਮ ਪਹਿਲੀ ਕਤਾਰ 'ਚ ਆਉਂਦਾ ਹੈ। ਉਸ ਦਾ ਜਨਮ 1730 ਨੂੰ ਮਾਝੇ ਦੇ ਇਤਿਹਾਸਕ ਕਸਬੇ ਝਬਾਲ (ਅੰਮ੍ਰਿਤਸਰ) ਵਿੱਚ ਹੋਇਆ। ਉਸ ਦੇ ਪਰਿਵਾਰ ਦਾ ਸਬੰਧ ਮਾਝੇ ਦੇ 84 ਪਿੰਡਾਂ ਦੇ ਮਾਲਕ ਚੌਧਰੀ ਲੰਗਾਹ ਢਿੱਲੋਂ ਨਾਲ ਜਾ ਜੁੜਦਾ ਹੈ। ਚੌਧਰੀ ਲੰਗਾਹ ਗੁਰੂ ਅਰਜਨ ਦੇਵ ਜੀ ਦਾ ਸ਼ਰਧਾਲੂ ਸੀ ਅਤੇ ਮੁਕਤਸਰ ਦੀ ਜੰਗ ਵਿੱਚ ਆਪਣੇ ਜੌਹਰ ਦਿਖਾਉਣ ਵਾਲੀ ਸਿੰਘਣੀ ਮਾਈ ਭਾਗੋ ਦੇ ਦਾਦਾ ਭਾਈ ਪੈਰੋ ਸ਼ਾਹ ਢਿੱਲੋਂ ਦਾ ਛੋਟਾ ਭਰਾ ਸੀ, ਪਰ ਇਤਿਹਾਸ ਵਿੱਚ ਲਿਖਿਆ ਮਿਲਦਾ ਹੈ ਕਿ ਬਘੇਲ ਸਿੰਘ ਧਾਲੀਵਾਲ ਦਾ ਅਸਲ ਪਿੰਡ ਮੋਗਾ ਜ਼ਿਲ੍ਹੇ ਵਿੱਚ ਰਾਊਕੇ ਕਲਾਂ ਹੈ।

ਇਤਿਹਾਸਕ ਕਸਬੇ ਝਬਾਲ ਵਿੱਚ ਉਸ ਦੇ ਨਾਨਕੇ ਵੀ ਹੋ ਸਕਦੇ ਹਨ। ਝਬਾਲ ਵਿੱਚ ਜਾ ਕੇ ਖੋਜ ਪੜਤਾਲ ਕੀਤੇ ਤੋਂ ਭਾਵੇਂ ਕੋਈ ਵੀ ਇਤਿਹਾਸਕ ਨਿਸ਼ਾਨੀ ਨਹੀਂ ਮਿਲ ਸਕੀ, ਪਰ 12 ਪੱਤੀਆਂ ਤੇ 7 ਗ੍ਰਾਮ ਪੰਚਾਇਤਾਂ ਵਿੱਚੋਂ ਇੱਕ ਪਿੰਡ ਦਾ ਨਾਮ 'ਝਬਾਲ ਜਥੇਦਾਰ ਬਘੇਲ ਸਿੰਘ' ਹੈ। ਇਸ ਤੋਂ ਬਿਨਾਂ ਪਿੰਡ ਝਬਾਲ ਖੁਰਦ, ਝਬਾਲ ਸਵਰਗਪੁਰੀ, ਝਬਾਲ ਖਾਮ, ਝਬਾਲ ਪੁਖਤਾ, ਝਬਾਲ ਅੱਡਾ, ਝਬਾਲ ਚੌਧਰੀ ਲੰਗਾਹ ਪਿੰਡ ਵਸੇ ਹੋਏ ਹਨ। ਇਨ੍ਹਾਂ ਵਿੱਚੋਂ ਪਿੰਡ ਝਬਾਲ ਖਾਮ ਵਿੱਚ ਜਥੇਦਾਰ ਬਘੇਲ ਸਿੰਘ ਦੇ ਨਾਮ 'ਤੇ ਗੁਰਦੁਆਰਾ ਸਾਹਿਬ ਮੌਜੂਦ ਹੈ। ਇਤਿਹਾਸਕ ਕਸਬੇ ਝਬਾਲ ਵਿੱਚ ਜਥੇਦਾਰ ਬਘੇਲ ਸਿੰਘ ਦੀ ਯਾਦ 'ਚ ਗੁਰਦੁਆਰਾ ਸਾਹਿਬ ਦੀ ਸਥਾਪਨਾ ਉਕਤ ਜਥੇਦਾਰ ਦੇ ਝਬਾਲ ਨਾਲ ਗਹਿਰੇ ਸਬੰਧਾਂ ਨੂੰ ਉਜਾਗਰ ਕਰਨ ਵਾਲੇ ਤੱਥ ਹਨ।

ਜਥੇਦਾਰ ਬਘੇਲ ਸਿੰਘ ਦੇ ਜੀਵਨ ਸਬੰਧੀ ਇਤਿਹਾਸ ਦੇ ਵਰਕੇ ਫਰੋਲੀਏ ਤਾਂ ਇਹ ਪਤਾ ਲੱਗਦਾ ਹੈ ਕਿ 1748 ਈਸਵੀ ਨੂੰ ਜਿਸ ਵਕਤ ਦਲ ਖਾਲਸਾ ਦਾ ਉਭਾਰ ਹੋ ਰਿਹਾ ਸੀ, ਉਸ ਸਮੇਂ ਲਾਹੌਰ ਜ਼ਿਲ੍ਹੇ ਦੇ ਪਿੰਡ ਬਰਕੀ ਵਿੱਚ ਵਿਰਕ ਗੋਤ ਨਾਲ ਸਬੰਧਿਤ ਕਰੋੜਾ ਸਿੰਘ ਪੈਦਾ ਹੋਇਆ ਜੋ ਪਿੱਛੋਂ ਜਾ ਕੇ ਕਰੋੜ ਸਿੰਘੀਆ ਮਿਸਲ ਦਾ ਸਰਦਾਰ ਬਣਿਆ। ਇਤਿਹਾਸ ਦੱਸਦਾ ਹੈ ਕਿ ਬੇਹੱਦ ਜ਼ਾਲਮ ਮੁਗ਼ਲ ਬਾਦਸ਼ਾਹ ਜ਼ਕਰੀਆ ਖਾਨ ਨੇ 20 ਕੁ ਸਾਲ ਦੀ ਉਮਰ ਵਿੱਚ ਕਰੋੜਾ ਸਿੰਘ ਨੂੰ ਜ਼ਬਰੀ ਮੁਸਲਮਾਨ ਬਣਾ ਦਿੱਤਾ, ਪਰ ਉਹ ਬੜੀ ਜਲਦੀ ਹੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸਿੰਘ ਸਜ ਗਿਆ। ਕਰੋੜਾ ਸਿੰਘ ਦੇ ਆਪਣੇ ਕੋਈ ਪੁੱਤਰ ਨਹੀਂ ਸੀ। ਉਸ ਨੇ ਆਪਣੇ ਘਰੇਲੂ ਨੌਕਰ ਬਘੇਲ ਸਿੰਘ ਨੂੰ ਗੋਦ ਲੈ ਰੱਖਿਆ ਸੀ। 1761 ਨੂੰ ਹੋਈ ਤਰਾਈ ਦੀ ਲੜਾਈ ਦੌਰਾਨ ਕਰੋੜਾ ਸਿੰਘ ਮਾਰਿਆ ਗਿਆ। ਉਸ ਤੋਂ ਬਾਅਦ ਬਘੇਲ ਸਿੰਘ ਨੇ ਕਰੋੜ ਸਿੰਘੀਆ ਮਿਸਲ ਦੀ ਵਾਗਡੋਰ ਸੰਭਾਲੀ।

### ਜਥੇਦਾਰ ਬਘੇਲ ਸਿੰਘ

ਜਥੇਦਾਰ ਬਘੇਲ ਸਿੰਘ ਨੇ ਆਪਣੀ ਸੂਝ-ਬੂਝ ਸਦਕਾ ਸਿੱਖ ਮਿਸਲਾਂ ਨੂੰ ਸੰਗਠਿਤ ਕਰਕੇ ਹਿੰਦੁਸਤਾਨ ਦੀ ਰਾਜਧਾਨੀ ਦਿੱਲੀ ਦੇ ਲਾਲ ਕਿਲ੍ਹੇ ਉੱਪਰ ਕੇਸਰੀ ਨਿਸ਼ਾਨ ਸਾਹਿਬ ਲਹਿਰਾ ਕੇ ਹਿੰਦੁਸਤਾਨ ਦੇ ਇਤਿਹਾਸ ਨੂੰ ਇੱਕ ਨਵਾਂ ਮੋੜ ਦਿੱਤਾ। ਜਦੋਂ ਬਘੇਲ ਸਿੰਘ ਨੇ ਕਰੋੜ ਸਿੰਘੀਆ ਮਿਸਲ ਦਾ ਕਾਰਜ ਭਾਰ ਸੰਭਾਲਿਆ ਤਾਂ ਉਸ ਵਕਤ ਦਿੱਲੀ ਦੇ ਤਖ਼ਤ 'ਤੇ ਮੁਗ਼ਲ ਹਾਕਮ ਸ਼ਾਹ ਆਲਮ ਦੂਜਾ ਰਾਜ ਕਰ ਰਿਹਾ ਸੀ। ਬਘੇਲ ਸਿੰਘ ਨੇ ਸਭ ਤੋਂ ਪਹਿਲਾਂ ਹੁਸ਼ਿਆਰਪੁਰ 'ਤੇ ਕਬਜ਼ਾ ਕਰਕੇ ਆਪਣੀ ਜੇਤੂ ਮੁਹਿੰਮ ਦੀ ਸ਼ੁਰੂਆਤ ਕੀਤੀ। ਉਸ ਦੀਆਂ ਤਿੰਨ ਪਤਨੀਆਂ ਸਨ। ਹੁਸ਼ਿਆਰਪੁਰ ਦੇ ਕਸਬਾ ਹਰਿਆਣਾ ਨੂੰ ਆਪਣੀ ਰਾਜਧਾਨੀ ਬਣਾ ਕੇ ਆਪਣੀ ਪਹਿਲੀ ਪਤਨੀ ਰੂਪ ਕੰਵਲ ਨੂੰ ਰਾਜ ਦੇ ਅੰਦਰੂਨੀ ਮਾਮਲਿਆਂ ਦਾ ਪ੍ਰਬੰਧ ਸੌਂਪਿਆ। 1764 ਵਿੱਚ ਸਿੱਖਾਂ ਦੁਆਰਾ ਸਰਹੰਦ ਦੀ ਜਿੱਤ ਅਤੇ ਸਰਹੰਦ ਦੇ ਗਵਰਨਰ ਜ਼ੈਨ ਖਾਨ ਦੀ ਮੌਤ ਪਿੱਛੋਂ ਸਿੱਖ ਸਰਦਾਰਾਂ ਨੇ ਆਪੋ-ਆਪਣੇ ਇਲਾਕੇ ਵੰਡ ਲਏ। ਇਸ ਦੌਰਾਨ ਬਘੇਲ ਸਿੰਘ ਨੇ ਕਰਨਾਲ ਦੇ ਲਾਗੇ ਛਲੌਦੀ, ਜ਼ਮਾਇਤਗੜ੍ਹ, ਖੁਰਦੀਨ, ਕਿਨੌਰੀ ਆਦਿ 'ਤੇ ਕਬਜ਼ਾ ਕਰਕੇ ਛਲੌਦੀ ਨੂੰ ਆਪਣੀ ਦੂਜੀ ਰਾਜਧਾਨੀ ਬਣਾਇਆ। ਇਸ ਦਾ ਸਮੁੱਚਾ ਪ੍ਰਬੰਧ ਆਪਣੀ ਦੂਜੀ ਪਤਨੀ ਰਾਜ ਕੰਵਰ ਨੂੰ ਸੰਭਾਲ ਦਿੱਤਾ। ਤੀਜੀ ਪਤਨੀ ਰਤਨ ਕੌਰ ਨੂੰ ਕਲਾਵਰ ਦਾ ਪ੍ਰਬੰਧ ਸੌਂਪ ਦਿੱਤਾ। ਇਸੇ ਤਰ੍ਹਾਂ 1775 ਨੂੰ ਸਰਦਾਰ ਹਰੀ ਸਿੰਘ ਭੰਗੀ ਨੂੰ ਹਰਾ ਕੇ ਉਸ ਦੇ ਕਬਜ਼ੇ ਵਾਲੇ ਤਿੰਨ ਪਰਗਨੇ ਤਰਨ ਤਾਰਨ, ਸਭਰਾਓਂ ਅਤੇ ਸਰਹਾਲੀ ਨੂੰ ਆਪਣੇ ਕਬਜ਼ੇ ਵਿੱਚ ਕੀਤਾ।

ਸਰਹੰਦ ਜਿੱਤਣ ਤੋਂ ਬਾਅਦ ਨਵਾਬ ਜੱਸਾ ਸਿੰਘ ਆਹਲੂਵਾਲੀਆ ਅਤੇ ਜਥੇਦਾਰ ਬਘੇਲ ਸਿੰਘ ਦੀ ਅਗਵਾਈ ਵਾਲੀਆਂ ਸੰਗਠਿਤ ਫੌਜਾਂ ਨੇ 20 ਫਰਵਰੀ 1764 ਨੂੰ ਸਹਾਰਨਪੁਰ, ਮੁਜ਼ੱਫਰਨਗਰ ਅਤੇ ਮੇਰਠ ਜਿੱਤ ਕੇ ਨਜੀਬਾਬਾਦ, ਮੁਰਾਦਾਬਾਦ ਅਤੇ ਅਨੂਪ ਸ਼ਹਿਰ 'ਤੇ ਜਿੱਤ ਹਾਸਲ ਕੀਤੀ। 22 ਅਪਰੈਲ 1775 ਨੂੰ ਕੁੰਜਪੁਰਾ ਨੇੜਿਓਂ ਯਮੁਨਾ ਨਦੀ ਪਾਰ ਕਰਕੇ 15 ਜੁਲਾਈ 1775 ਨੂੰ ਦਿੱਲੀ ਦੇ ਹੀ ਪਹਾੜਗੰਜ ਅਤੇ ਜੈ ਸਿੰਘਪੁਰਾ ਨੂੰ ਜਿੱਤਿਆ। 1778 ਵਿੱਚ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੂਜਾ ਨੇ ਸਿੱਖਾਂ ਨੂੰ ਸਬਕ ਸਿਖਾਉਣ ਦੇ ਇਰਾਦੇ ਨਾਲ 1 ਲੱਖ ਸਿਪਾਹੀਆਂ ਦੀ ਫੌਜ ਭੇਜੀ। ਮੁਗ਼ਲ ਫੌਜਾਂ ਦੀ ਅਗਵਾਈ ਵਜ਼ੀਰ ਨਵਾਬ ਮਾਜਦ ਉਦ ਦੌਲਾ ਕਰ ਰਿਹਾ ਸੀ, ਦੂਸਰੇ ਪਾਸੇ ਬਘੇਲ ਸਿੰਘ ਇੱਕ ਤਕੜਾ ਯੋਧਾ ਹੋਣ ਦੇ ਨਾਲ ਨਾਲ ਇੱਕ ਚੰਗਾ ਨੀਤੀਘਾੜਾ ਵੀ ਸੀ। ਪਟਿਆਲਾ ਦੇ ਲਾਗੇ ਘਨੌਰ ਵਿੱਚ ਦੋਵੇਂ ਪਾਸਿਉਂ ਚੰਗਾ ਯੁੱਧ ਹੋਇਆ, ਜਿਸ ਵਿੱਚ ਲੱਖਾਂ ਦੀ ਗਿਣਤੀ ਵਾਲੀ ਮੁਗ਼ਲ ਫੌਜ ਨੇ ਬਘੇਲ ਸਿੰਘ ਅੱਗੇ ਗੋਡੇ ਟੇਕ ਦਿੱਤੇ। ਹੁਣ ਗੰਗਾ-ਯਮੁਨਾ ਦੁਆਬ ਦਾ ਸਮੁੱਚਾ ਹਿੱਸਾ ਸਿੱਖਾਂ ਦੇ ਰਹਿਮੋ ਕਰਮ 'ਤੇ ਹੀ ਸੀ। ਇਸ ਤੋਂ ਬਾਅਦ 50,000 ਦੀ ਗਿਣਤੀ ਵਾਲੇ ਦਲ ਖਾਲਸਾ ਨੇ ਦਿੱਲੀ ਵੱਲ ਕੂਚ ਕੀਤਾ।

### ਜੱਸਾ ਸਿੰਘ ਆਹਲੂਵਾਲੀਆ

ਫਰਵਰੀ 1783 ਨੂੰ ਗਾਜ਼ੀਆਬਾਦ, ਸ਼ਿਕੋਹਾਬਾਦ, ਅਲੀਗੜ੍ਹ ਅਤੇ ਬੁਲੰਦ ਸ਼ਹਿਰ ਨੂੰ ਆਪਣੇ ਕਬਜ਼ੇ 'ਚ ਕੀਤਾ। ਦਿੱਲੀ ਵਿੱਚ ਦਾਖਲੇ ਸਮੇਂ ਜੱਸਾ ਸਿੰਘ ਆਹਲੂਵਾਲੀਆ ਅਤੇ ਜਥੇਦਾਰ ਬਘੇਲ ਸਿੰਘ ਨੇ ਆਪਣੀ 50,000 ਦੇ ਕਰੀਬ ਸੈਨਾ ਨੂੰ ਦੋ ਹਿੱਸਿਆਂ ਵਿੱਚ ਵੰਡ ਲਿਆ। ਬਘੇਲ ਸਿੰਘ ਨੇ ਆਪਣੀ 30,000 ਫੌਜ ਨੂੰ ਤੀਸ ਹਜ਼ਾਰੀ ਵਾਲੇ ਸਥਾਨ 'ਤੇ ਰੱਖਿਆ। 8 ਮਾਰਚ 1783 ਨੂੰ ਮਲਕਾ ਗੰਜ, ਸਬਜ਼ੀ ਮੰਡੀ, ਮੁਗਲਪੁਰਾ ਅਤੇ ਅਜਮੇਰੀ ਦਰਵਾਜ਼ੇ ਨੂੰ ਬੁਰੀ ਤਰ੍ਹਾਂ ਤਹਿਸ ਨਹਿਸ ਕਰਕੇ ਸਿੱਖ ਫੌਜਾਂ ਅੱਗੇ ਵਧੀਆਂ। ਦੂਜੇ ਪਾਸਿਓਂ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਆਪਣੇ 10 ਹਜ਼ਾਰ ਸੈਨਿਕਾਂ ਨਾਲ ਹਿਸਾਰ ਵਾਲੇ ਪਾਸਿਓਂ ਦਿੱਲੀ ਪੁੱਜਾ। ਇਸ ਦੌਰਾਨ ਮਿਰਜ਼ਾ ਸ਼ਕੋਹ ਨੇ ਸਿੱਖਾਂ ਨੂੰ ਦਿੱਲੀ ਵਿੱਚ ਦਾਖਲ ਹੋਣ ਤੋਂ ਰੋਕਣਾ ਚਾਹਿਆ, ਪਰ ਅਸਫਲ ਰਿਹਾ। ਇਸ ਤੋਂ ਬਾਅਦ ਫਜ਼ਲ ਅਲੀ ਖਾਨ ਵੀ ਵਿਰੋਧ ਕਰਨ ਲਈ ਅੱਗੇ ਵਧਿਆ, ਪ੍ਰੰਤੂ ਉਸ ਨੂੰ ਵੀ ਮੂੰਹ ਦੀ ਖਾਣੀ ਪਈ। 11 ਮਾਰਚ 1783 ਨੂੰ ਸਮੁੱਚੇ ਸ਼ਹਿਰ ਉੱਪਰ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਸਿੱਖ ਕੌਮ ਦੇ ਤਿੰਨੇ ਪ੍ਰਸਿੱਧ ਜਰਨੈਲ ਅਜਮੇਰੀ ਦਰਵਾਜ਼ਾ ਤੋੜ ਕੇ ਅਤੇ ਹੌਜ਼ ਕਾਜ਼ੀ ਨੂੰ ਤਹਿਸ ਨਹਿਸ ਕਰਕੇ ਬਿਨਾਂ ਕਿਸੇ ਵਿਰੋਧ ਦੇ ਦੀਵਾਨ-ਏ-ਆਮ 'ਤੇ ਕਾਬਜ਼ ਹੋ ਗਏ।

ਤਿੰਨਾਂ ਸਿੱਖ ਜਰਨੈਲਾਂ ਦੀ ਅਗਵਾਈ ਹੇਠ ਦੇਸ਼ ਦੀ ਰਾਜਧਾਨੀ ਦਿੱਲੀ ਦੇ ਲਾਲ ਕਿਲ੍ਹੇ ਉੱਪਰ ਕੇਸਰੀ ਨਿਸ਼ਾਨ ਸਾਹਿਬ ਲਹਿਰਾ ਕੇ ਦੁਨੀਆ ਦੇ ਇਤਿਹਾਸ ਵਿੱਚ ਇੱਕ ਹੋਰ ਸੁਨਹਿਰੀ ਪੰਨਾ ਜੋੜ ਦਿੱਤਾ। ਦਿੱਲੀ ਦੇ ਤਖ਼ਤ 'ਤੇ ਬੈਠਣ ਲਈ ਜਥੇਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਨਬਾਵ ਜੱਸਾ ਸਿੰਘ ਆਹਲੂਵਾਲੀਆ ਦੇ ਸੈਨਿਕਾਂ ਨੇ ਆਪੋ ਵਿੱਚ ਇੱਕ ਦੂਜੇ ਖਿਲਾਫ਼ ਤਲਵਾਰਾਂ ਵੀ ਸੂਤ ਲਈਆਂ ਸਨ, ਪਰ ਪ੍ਰਮੁੱਖ ਜਰਨੈਲਾਂ ਦੀ ਸਿਆਣਪ ਨਾਲ ਮਾਮਲਾ ਠੰਢਾ ਪੈ ਗਿਆ। ਸਾਰੀ ਸਿੱਖ ਫੌਜ ਦਾ ਟਿਕਾਣਾ ਸਬਜ਼ੀ ਮੰਡੀ ਵਿੱਚ ਕੀਤਾ ਗਿਆ। ਦਿੱਲੀ ਦੇ ਜੇਤੂ ਜਰਨੈਲ ਜਥੇਦਾਰ ਬਘੇਲ ਸਿੰਘ ਦੇ ਮੁਗ਼ਲ ਬੇਗਮ ਸਮਰੂ ਨਾਲ ਮਿੱਤਰਤਾ ਪੂਰਵਕ ਸਬੰਧ ਸਨ। ਬੇਗ਼ਮ ਸਮਰੂ ਨੇ ਸਿੰਘਾਂ ਦਾ ਮੁਗ਼ਲ ਬਾਦਸ਼ਾਹ ਦਾ ਕੁਝ ਸ਼ਰਤਾਂ ਤਹਿਤ ਸਮਝੌਤਾ ਕਰਵਾ ਦਿੱਤਾ।

### ਜੱਸਾ ਸਿੰਘ ਰਾਮਗੜ੍ਹੀਆ

ਇਸ ਸਮਝੌਤੇ ਅਨੁਸਾਰ ਸਿੱਖ ਫੌਜਾਂ ਵੱਲੋਂ ਜਥੇਦਾਰ ਬਘੇਲ ਸਿੰਘ ਦੀ ਅਗਵਾਈ ਹੇਠ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਦਾ ਨਿਰਮਾਣ ਕਰਨਾ ਹੋਵੇਗਾ ਅਤੇ ਮੁਗ਼ਲ ਸਲਤਨਤ ਆਪਣੇ ਕੁਲ ਮਾਲੀਏ ਦਾ ਸਾਢੇ 12 ਪ੍ਰਤੀਸ਼ਤ ਸਿੱਖ ਫੌਜਾਂ ਨੂੰ ਦੇਣ ਲਈ ਪਾਬੰਦ ਹੋਵੇਗੀ। ਕਈ ਇਤਿਹਾਸਕਾਰਾਂ ਵੱਲੋਂ ਸਾਢੇ 12 ਪ੍ਰਤੀਸ਼ਤ ਦੀ ਜਗ੍ਹਾ ਸਾਢੇ 37 ਪ੍ਰਤੀਸ਼ਤ ਲਿਖਿਆ ਗਿਆ ਹੈ। ਇਸ ਤੋਂ ਬਿਨਾਂ ਸਿੱਖ ਅੱਗੇ ਤੋਂ ਕਦੇ ਵੀ ਦਿੱਲੀ ਵੱਲ ਨੂੰ ਕੂਚ ਨਹੀਂ ਕਰਨਗੇ। ਸਮਝੌਤੇ ਅਨੁਸਾਰ ਕਰੀਬ 9-10 ਮਹੀਨੇ ਵਿੱਚ ਹੀ ਸਿੱਖ ਫੌਜਾਂ ਵੱਲੋਂ ਦਿੱਲੀ ਵਿੱਚ 6 ਇਤਿਹਾਸਕ ਗੁਰਦੁਆਰਿਆਂ (ਗੁਰਦੁਆਰਾ ਮਾਤਾ ਸੁੰਦਰੀ ਜੀ, ਗੁਰਦੁਆਰਾ ਸ੍ਰੀ ਬੰਗਲਾ ਸਾਹਿਬ, ਗੁਰਦੁਆਰਾ ਸ੍ਰੀ ਬਾਲਾ ਸਾਹਿਬ, ਗੁਰਦੁਆਰਾ ਰਕਾਬ ਗੰਜ ਸਾਹਿਬ, ਗੁਰਦੁਆਰਾ ਮੋਤੀ ਬਾਗ, ਗੁਰਦੁਆਰਾ ਮਜਨੂੰ ਕਾ ਟਿੱਲਾ) ਦਾ ਨਿਰਮਾਣ ਕਰਨ ਤੋਂ ਬਾਅਦ ਦਸੰਬਰ 1783 ਵਿੱਚ ਹੀ ਜਥੇਦਾਰ ਬਘੇਲ ਸਿੰਘ ਤੇ ਹੋਰ ਸਿੱਖ ਜਰਨੈਲਾਂ ਨੇ ਦਿੱਲੀ ਨੂੰ ਛੱਡ ਦਿੱਤਾ।


ਦਿੱਲੀ ਵਿੱਚ ਸਿੱਖਾਂ ਦੇ ਰਾਜ ਦੌਰਾਨ ਚੰਗੀ ਕਾਨੂੰਨ ਵਿਵਸਥਾ ਕਾਇਮ ਰਹੀ। ਘੋੜ ਸਵਾਰ ਸਿੱਖ ਸਰਦਾਰ ਦਿਨ ਰਾਤ ਦਿੱਲੀ ਦੀਆਂ ਗਲੀਆਂ ਵਿੱਚ ਗਸ਼ਤ ਕਰਦੇ। ਦਿੱਲੀ ਦੇ ਨਾਗਰਿਕਾਂ ਨੇ ਅਜਿਹੀ ਕਾਨੂੰਨ ਵਿਵਸਥਾ ਦਹਾਕਿਆਂ ਤੱਕ ਵੀ ਨਹੀਂ ਦੇਖੀ ਸੀ। ਇਸ ਤੋਂ ਬਾਅਦ 1784 ਨੂੰ ਮੁਗ਼ਲ ਹਾਕਮ ਮਰਾਠਿਆਂ ਅਤੇ ਅੰਗਰੇਜ਼ਾਂ ਨੂੰ ਨਜ਼ਰਅੰਦਾਜ਼ ਕਰਕੇ ਬਘੇਲ ਸਿੰਘ ਨੂੰ ਮੁਗ਼ਲ ਸਾਮਰਾਜ ਦਾ ਪ੍ਰਬੰਧਕ (ਰੀਜੈਂਟ) ਨਿਯੁਕਤ ਕਰਨਾ ਚਾਹੁੰਦਾ ਸੀ, ਪਰ ਬਘੇਲ ਸਿੰਘ ਨੇ ਉਕਤ ਪੇਸ਼ਕਸ਼ ਠੁਕਰਾ ਦਿੱਤੀ। ਖੁਸ਼ਵੰਤ ਸਿੰਘ ਵਰਗੇ ਕਈ ਇਤਿਹਾਸਕਾਰ ਲਿਖਦੇ ਹਨ ਕਿ ਅਜਿਹੇ ਅਹੁਦਿਆਂ ਦੀ ਬਘੇਲ ਸਿੰਘ ਦੇ ਜੀਵਨ ਵਿੱਚ ਕੋਈ ਅਹਿਮੀਅਤ ਨਹੀਂ ਸੀ। ਨਾ ਹੀ ਉਸ ਨੂੰ ਕਿਸੇ ਤਰ੍ਹਾਂ ਦੀ ਕੋਈ ਲਾਲਸਾ ਸੀ। ਸੋ ਬਾਦਸ਼ਾਹ ਨੇ 1784 ਦੇ ਅੰਤ ਵਿੱਚ ਮਾਧਾਜੀ ਸਿੰਧੀਆ (ਮਰਾਠਾ ਮੁਖੀ) ਨੂੰ ਆਪਣੇ ਸਾਮਰਾਜ ਦਾ ਪ੍ਰਬੰਧਕ ਨਿਯੁਕਤ ਕਰ ਦਿੱਤਾ। 1785 ਵਿੱਚ ਮਾਧਾਜੀ ਸਿੰਧੀਆ ਨੇ ਬਘੇਲ ਸਿੰਘ ਅਤੇ ਹੋਰ ਸਿੱਖ ਸਰਦਾਰਾਂ ਨਾਲ ਇੱਕ ਸੰਧੀ ਕੀਤੀ ਜਿਸ ਤਹਿਤ ਸਿੱਖ ਸਰਦਾਰ ਸਿੱਖੀ ਸਿਧਾਂਤਾਂ ਸਬੰਧੀ ਕੋਈ ਵੀ ਸਮਝੌਤਾ ਕਰਨ ਲਈ ਰਾਜ਼ੀ ਨਹੀਂ ਹੋਏ।

ਇਸ ਦੌਰਾਨ ਇਹ ਤੈਅ ਹੋਇਆ ਕਿ ਬਾਦਸ਼ਾਹ ਸਿੱਖਾਂ ਨੂੰ ਹਰ ਸਾਲ 10 ਲੱਖ ਰੁਪਏ ਦੀ ਅਦਾਇਗੀ ਕਰੇਗਾ, ਪ੍ਰੰਤੂ ਇਹ ਸੰਧੀ ਬਹੁਤੀ ਦੇਰ ਤੱਕ ਨਾ ਚੱਲ ਸਕੀ। 1787 ਵਿੱਚ ਗੁਲਾਮ ਕਾਦਰ ਰੁਹੇਲਾ ਨੇ ਦਿੱਲੀ 'ਤੇ ਹਮਲਾ ਕਰ ਦਿੱਤਾ। ਬਾਦਸ਼ਾਹ ਨੂੰ ਅੰਨ੍ਹਾਂ ਕਰ ਦਿੱਤਾ, ਪਰ ਮਰਾਠਿਆਂ ਨੇ ਰੁਹੇਲਾ ਨੂੰ ਮਾਰ ਦਿੱਤਾ। 1789 ਵਿੱਚ ਮਾਧਾਜੀ ਸਿੰਧੀਆ ਨੇ ਬਘੇਲ ਸਿੰਘ ਨੂੰ ਇੱਕ ਵੱਡੀ ਜਗੀਰ ਦੇ ਕੇ ਸਿੱਖਾਂ ਨੂੰ ਸ਼ਾਹੀ ਇਲਾਕਿਆਂ ਵਿੱਚ ਦਖਲ ਦੇਣ ਤੋਂ ਰੋਕਿਆ। ਗਿਆਨੀ ਗਿਆਨ ਸਿੰਘ 'ਪੰਥ ਪ੍ਰਕਾਸ਼' ਵਿੱਚ ਲਿਖਦੇ ਹਨ ਕਿ ਜਥੇਦਾਰ ਬਘੇਲ ਸਿੰਘ 1802 ਨੂੰ ਹਰਿਆਣਾ (ਹੁਸ਼ਿਆਰਪੁਰ) ਵਿਖੇ ਚਲਾਣਾ ਕਰ ਗਏ। ਇਤਿਹਾਸ ਦੇ ਵਰਕੇ ਫਰੋਲਦਿਆਂ ਇਹ ਵੀ ਪਤਾ ਲੱਗਦਾ ਹੈ ਕਿ ਦਿੱਲੀ ਦੇ ਲਾਲ ਕਿਲ੍ਹੇ ਵਿੱਚ ਮੁਗ਼ਲ ਹਾਕਮ ਜਿਸ ਸਿੱਲ ਪੱਥਰ ਉੱਪਰ ਬੈਠ ਕੇ ਰਾਜ-ਭਾਗ ਚਲਾਇਆ ਕਰਦੇ ਸਨ, ਉਹ ਸਿੱਲ ਪੱਥਰ ਵੀ ਸਿੰਘ ਆਪਣੇ ਨਾਲ ਲੈ ਆਏ ਸਨ, ਜੋ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਲੰਗਰ ਹਾਲ ਕੋਲ ਸਥਿਤ ਰਾਮਗੜ੍ਹੀਆ ਬੁੰਗਾ ਵਿਖੇ ਹਾਲੇ ਵੀ ਪਿਆ ਹੈ

### ਕੌਣ ਸੀ ਬੇ.ਗਮ ਸਮਰੂ

ਪਹਿਲੇ ਸਿੱਖ ਰਾਜ ਦੇ ਬਾਨੀ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਕਾਲ ਤੋਂ ਬਾਅਦ ਸ਼ੁਰੂ ਹੋਏ ਮਿਸਲ ਕਾਲ ਦੌਰਾਨ ਕਰੋੜ ਸਿੰਘੀਆ ਮਿਸਲ ਦੇ ਸਰਦਾਰ ਜਥੇਦਾਰ ਬਘੇਲ ਸਿੰਘ ਦਾ ਰਾਜ ਜਲੰਧਰ ਤੋਂ ਲੈ ਕੇ ਗੰਗਾ ਅਤੇ ਯਮੁਨਾ ਤੱਕ ਫੈਲਿਆ ਹੋਇਆ ਸੀ। ਇਤਿਹਾਸ ਦੱਸਦਾ ਹੈ ਕਿ ਜਦ ਉਸ ਨੇ ਮੇਰਠ ਦੇ ਇਲਾਕੇ 'ਤੇ ਚੜ੍ਹਾਈ ਕੀਤੀ ਤਾਂ ਉਸ ਦਾ ਸਾਹਮਣਾ ਘੋੜੇ 'ਤੇ ਸਵਾਰ ਬੇ.ਗਮ ਸਮਰੂ ਨਾਲ ਹੋਇਆ।

ਸਮਰੂ ਨੇ ਰਾਜਨੀਤਿਕ ਦਾਅ ਵਰਤਦਿਆਂ ਘੋੜੇ ਤੋਂ ਉਤਰ ਕੇ ਝੱਟ ਬਘੇਲ ਸਿੰਘ ਨੂੰ ਆਪਣਾ ਭਰਾ ਆਖ ਕੇ ਆਪਣੇ ਜਾਨ-ਮਾਲ - ਬਾਕੀ ਅਗਲੇ ਸਫ਼ੇ 'ਤੇ




# ਸਿੱਖ ਰਾਜ ਕਿਵੇਂ ਬਣਿਆ?

**ਲੇਖਕ : ਗਿ: ਸੋਹਨ ਸਿੰਘ 'ਸੀਤਲ'**

ਕਿਸ਼ਤ - 56

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

## ਵੱਡਾ ਘੱਲੂਘਾਰਾ

ਸਿੰਘਾਂ ਨੂੰ ਪਤਾ ਓਦੋਂ ਲੱਗਾ, ਜਦ ਅਬਦਾਲੀਮਲੇਰ ਕੋਟਲੇ ਆ ਪੁੱਜਾ। ਸਿੰਘਾਂ ਦੀ ਲੜਾਕੀ ਫ਼ੌਜਵੇਰੀ ਦੇ ਚੌਥੇ ਹਿੱਸੇ ਵਿਚ ਸੀ, ਤੇ ਤੋਪਖ਼ਾਨਾ ਕੋਈ ਨਹੀਂ ਸੀ। ਅਬਦਾਲੀ ਕੋਲ ਬੜਾ ਭਾਰੀ ਤੋਪਖ਼ਾਨਾ ਸੀ।

ਸਿੰਘ ਆਪਣਾ 'ਵਹੀਰ' ਬਚਾਉਣ ਵਾਸਤੇ ਪਿੰਡ ਗੁਰਮੇ ਵੱਲ ਭੱਜੇ, ਜਾਂ ਦੁਰਾਨੀਆਂ ਨੇ ਚੁਫੇਰਿਓਂ ਹੱਲਾ ਬੋਲ ਦਿੱਤਾ। ਸਭ ਤੋਂ ਪਹਿਲਾਂ ਕਾਸਮਖ਼ਾਂ ਨੇ ਧਾਵਾ ਕੀਤਾ, ਜੋ ਸਿੱਖਾਂ ਤੋਂ ਮਾਰ ਖਾ ਕੇ ਪਿਛੇ ਹਟਿਆ। ਫਿਰ ਅਹਿਮਦ ਸ਼ਾਹ ਨੇ ਆਪਣੇ ਦੋਹਾਂ ਨਾਮਵਰ ਜਰਨੈਲਾਂ-ਜਹਾਨ ਖ਼ਾਂ ਤੇ ਸਰਬੁਲੰਦਖ਼ਾਂ-ਸਣੇ ਆਪ ਹਮਲਾ ਕੀਤਾ। ਖ਼ਾਲਸੇ ਨੇ ਤਿੰਨਾਂ ਮਲਵਈ ਸਰਦਾਰਾਂ (ਸ: ਆਲਾ ਸਿੰਘ ਦਾ ਵਕੀਲ ਸੇਖੂ ਸਿੰਘ ਹੰਭਲਵਾਲ, ਸੰਗੂ ਸਿੰਘ ਭਾਈਕਾ, ਬੁਢਾ ਸਿੰਘ ਭਾਈਕਾ) ਨਾਲ ਵਹੀਰ ਨੂੰ ਬਰਨਾਲੇ ਵੱਲ ਤੋਰ ਦਿੱਤਾ, ਤੇ ਆਪ ਅਬਦਾਲੀ ਨਾਲ ਲੜਨ ਲੱਗੇ। ਸ: ਚੜ੍ਹਤ ਸਿੰਘ ਸੁਕਰਚੱਕੀਆ ਤੇ ਸ: ਜੱਸਾ ਸਿੰਘ ਆਹਲੂਵਾਲੀਆ ਬੜੀ ਬਹਾਦਰੀ ਨਾਲ ਲੜੇ। ਦੂੱਜੇ ਪਾਸੇ ਸ਼ਾਹਵਲੀ ਨੇ 'ਵਹੀਰ' ਉੱਤੇ ਹਮਲਾ ਕਰਕੇ ਹਜ਼ਾਰਾਂ ਇਸਤ੍ਰੀਆਂ ਤੇ ਬੱਚੇ ਕਤਲ ਕੀਤੇ। ਸ: ਜੱਸਾ ਸਿੰਘ ਨੂੰ ਖ਼ਬਰ ਪਹੁੰਚੀ, ਤਾਂ ਉਹਨੇ ਸ: ਸ਼ਾਮ ਸਿੰਘ, ਸ: ਕਰੋੜਾ ਸਿੰਘ, ਸ: ਕਰਮ ਸਿੰਘ, ਸ: ਨਾਹਰ ਸਿੰਘ ਆਦਿ ਨੂੰ ਵਹੀਰ ਵੱਲੋ ਭੇਜਿਆ। ਵਜ਼ੀਰ ਸ਼ਾਹਵਲੀ ਨੇ ਵਹੀਰ ਵਿਚੋਂ ਹਜ਼ਾਰਾਂ ਇਸਤਰੀਆਂ ਤੇ ਬੱਚੇ ਕੈਦੀ ਬਣਾ ਲਏ ਸਨ।ਸਿੰਘਾਂ ਨੇ ਹੱਲਾ ਕਰ ਕੇ ਆਪਣੀਆਂ ਢੱਕਾਂ ਛੁਡਾ ਲਈਆਂ ਤੇ ਬਾਹ ਵਲੀ ਦੀ ਫ਼ੌਜ ਦਾ ਬੜਾ ਨੁਕਸਾਨ ਕੀਤਾ। ਸਿੰਘਾਂ ਦੀ ਤਲਵਾਰ ਤੋਂ ਤੰਗ ਆ ਕੇ ਵਜ਼ੀਰ 'ਵਹੀਰ' ਨੂੰ ਛੱਡ ਕੇ ਪਿਛੇ ਹਟ ਗਿਆ।

ਓਧਰ ਸ: ਚੜ੍ਹਤ ਸਿੰਘ ਹੱਥੋਂ ਅਬਦਾਲੀ ਦਾ ਜਰਨੈਲ ਸਰਬੁਲੰਦਖ਼ਾਂ ਜ਼ਖ਼ਮੀ ਹੋ ਕੇ ਪਿਛੇ ਹਟਿਆ ਹੀ ਸੀ, ਜਾਂ ਦੂੱਜੇ ਪਾਸਿਓਂ ਜਹਾਨ ਖ਼ਾਂ ਨੇ ਹੱਲਾ ਕਰ ਦਿੱਤਾ। ਉਹ ਸ: ਜੱਸਾ ਸਿੰਘ ਹੱਥੋਂ ਜ਼ਖ਼ਮੀ ਹੋ ਗਿਆ। ਇਸ ਤਰਾਂ ਦੋਵੇਂ ਦਲ ਲਹੂ ਦੀ ਹੱਲੀ ਖੇਡਦੇ ਪਿੰਡ ਗਹਿਲ ਵਿਚ ਜਾ ਪੁੱਜੇ। ਅੱਗੋਂ ਪਿੰਡ ਵਾਲਿਆਂ ਨੇ ਬੂਹੇ ਬੰਦ ਕਰ ਲਏ ਤੇ ਅਬਦਾਲੀ ਤੋਂ ਡਰਦਿਆਂ ਸਿੰਘਾਂ ਨੂੰ ਆਸਰਾ ਨਾ ਦਿੱਤਾ। ਕੁਛ ਬਿਰਧ ਸਿੰਘ ਤੇ ਸਿੰਘਣੀਆਂ ਸੁੱਕੇ ਹੋਏ ਬਾਜਰੇ ਦੇ ਮੁਨਾਰਿਆਂ ਵਿਚ ਲੁਕ ਗਏ। ਦੁਰਾਨੀਆਂ ਨੇ ਅੱਗ ਲਾ ਕੇ ਉਹ ਜਿਉਂਦੇ ਹੀ ਸਾੜ ਦਿੱਤੇ।

ਸਿੰਘ ਲੜਦੇ-ਲੜਦੇ ਬਰਨਾਲੇ ਵੱਲ ਤੁਰੇ ਜਾ ਰਹੇ ਸਨ। ਤਕਾਲਾਂ ਪੈਂਦੀਆਂ ਨੂੰ ਸਿੰਘ ਪਿੰਡ 'ਕੁਤਬੇ' ਜਾ ਪੁੱਜੇ। ਓਥੇ ਪਾਣੀ ਦੀ ਢਾਬ ਭਰੀ ਹੋਈ ਸੀ, ਜੋ ਸਿੰਘਾਂ ਨੇ ਰੋਕ ਲਈ ਦੁਰਾਨੀ ਵੀ ਪਾਣੀ ਵਲ ਵਧੇ। ਏਥੇ ਫਿਰ ਬੜੀ ਘਮਸਾਣ ਦੀ ਲੜਾਈ ਹੋਈ। ਸਿੰਘਾਂ ਨੇ ਤਦ ਤਕ ਵੈਰੀ ਨੂੰ ਰੋਕੀ ਰਖਿਆ, ਜਦ ਤਕ 'ਵਹੀਰ'' ਪਾਣੀ ਪੀ ਕੇ ਚਲਾ ਨਾ ਗਿਆ। ਫਿਰ ਸਿੰਘਾਂ ਵੀ ਪਾਣੀ ਪੀਤਾ ਤੇ 'ਵਹੀਰ' ਦੇ ਮਗਰ ਹੋ ਤੁਰੇ। ਦੁਰਾਨੀਫ਼ੌਜ ਵੀ ਤਿਹਾਈ ਮਰੀ ਪਈ ਸੀ। ਉਹ ਪਾਣੀ ਉੱਤੇ ਟੁੱਟ ਪਈ। ਏਨੇ ਚਿਰ ਨੂੰ ਸਿੰਘ 'ਵਹੀਰ ਸਣੇ ਦੂਰ ਨਿਕਲ ਗਏ। ਅਬਦਾਲੀ ਨੇ ਬਰਨਾਲੇ ਤਕ ਸਿੰਘਾਂ ਦਾ ਪਿਛਾ ਕੀਤਾ । ਏਨੇ ਚਿਰ ਨੂੰ ਚੋਖਾ ਹਨੇਰਾ ਹੋ ਚੁੱਕਾ ਸੀ। ਸੋ ਅਬਦਾਲੀ ਨੇ ਓਥੇ ਹੀ ਡੇਰਾ ਲਾ ਦਿੱਤਾ ਤੇ ਸਿੰਘ ਕੋਟਕਪੂਰੇ, ਫ਼ਰੀਦਕੋਟ ਵੱਲ ਨਿਕਲ ਗਏ। ਕੁੱਪ ਤੋਂ ਬਰਨਾਲੇ ਤਕ-ਪੰਝੀ ਮੀਲ ਵਿਚ-ਲੋਥਾਂ ਹੀ ਲੋਕਾਂ ਖਿਲਰੀਆਂ ਪਈਆਂ ਸਨ। ਸਿੱਖ ਇਤਿਹਾਸ ਵਿਚ ਇਸ ਨੂੰ 'ਵੱਡਾ ਘਲੂਘਾਰ' ਕਹਿੰਦੇ ਹਨ।

ਇਸ ਘੱਲੂਘਾਰੇ ਵਿਚ ਸਿੱਖਾਂ ਦਾ ਬੜਾ ਨੁਕਸਾਨ ਹੋਇਆ, ਸਿੱਖਾਂ ਦੇ ਹਾਰਨ ਦਾ ਸਭ ਤੋਂ ਵੱਡਾ ਕਾਰਨ ਉਹਨਾਂ ਦੇ 'ਵਹੀਰ' ਦਾ ਨਾਲ ਹੋਣਾ ਸੀ। ਉਹਨਾਂ ਨੂੰ ਬਹੁਤੀ ਚਿੰਤਾ 'ਵਹੀਰ ਦੇ ਬਚਾਉਣ ਦੀ ਸੀ। ਦੂਜਾ ਕਾਰਨ ਅਬਦਾਲੀ ਕੋਲ ਤੋਪਖ਼ਾਨਾ ਸੀ, ਤੇ ਸਿੰਘਾਂ ਕੋਲ ਉੱਕਾ ਹੀ ਹੈ ਨਹੀਂ ਸੀ। ਸਿੰਘਾਂ ਦੀ ਲੜਾਕੀ ਫ਼ੌਜ 40-50 ਹਜ਼ਾਰ ਹੀ ਸੀ, ਜਦੋਂ ਕਿ ਅਬਦਾਲੀ ਦੀ ਫ਼ੌਜ ਇਸ ਤੋਂ ਚਾਰ ਗੁਣਾ (ਦੋ ਲੱਖ ਦੇ ਲਗਭਗ) ਸੀ। ਲੜਾਕੇ ਸਿਪਾਹੀਆਂ ਦਾ ਨੁਕਸਾਨ ਦੋਹੀਂ ਪਾਸੀਂ ਇਕੋ ਜਿਹਾ ਸੀ। ਦਸ-ਬਾਰਾਂ ਹਜ਼ਾਰ ਸਿੱਖ ਸਿਪਾਹੀ ਸ਼ਹੀਦ ਹੋਏ ਸਨ ਤੇ ਏਨੇ ਕੁ ਹੀ ਦੁਰਾਨੀ ਸਿਪਾਹੀ। ਪਰ ਸਿੱਖਾਂ ਦੇ ਬਾਲ ਬੱਚੇ ਤੇ ਇਸਤਰੀਆਂ ਅਠਾਰਾਂ-ਵੀਹ ਹਜ਼ਾਰ ਕਤਲ ਕੀਤੇ ਗਏ ਸਨ। ਸੋ ਸਿੱਖਾਂ ਦਾ ਕੁੱਲ ਨੁਕਸਾਨ ਤੀਹ ਹਜ਼ਾਰ ਦੇ ਲਗਭਗ ਸੀ'।

''ਭੰਗੂ ; ਲੋਕ ਕਹੈਂ ਸਿੰਘ ਇਕ ਲਖ ਸਾਰਾ। ਪਚਾਸ ਬਚਿਓ, ਔਰ ਸਭ ਗਯੋ ਮਾਰਾ। ਪਿਤਾ ਹਮਾਰੇਤੀਸ ਬਣਾਏ। ਰਹੇ ਸੁ ਮਰ ਔਰ ਬਚ ਕਰ ਆਏ। ਵੱਖੋ ਵੱਖ ਇਤਿਹਾਸਕਾਰਾਂ ਦੀ ਰਾਏ ਸਿੱਖਾਂ ਦੇ ਨੁਕਸਾਨ ਬਾਰੇ ਇਉਂ ਹੈ:

ਮਸਕੀਨ, 25 ਹਜ਼ਾਰ; ਖ਼ਜ਼ਾਨਾ-ਇ-ਅਮੀਰਾਂ, 29 ਹਜ਼ਾਰ; ਤਾਰੀਖੇਮੁਜ਼ੱਫ਼ਰੀ, 22 ਹਜ਼ਾਰ'; ਤਾਰੀਖ਼ ਹੁਸੈਨ ਸ਼ਾਹੀ, 30 ਹਜ਼ਾਰ; ਤਾਰੀਖ਼ੇ ਅਹਿਮਦ, 30 ਹਜ਼ਾਰ; ਤਾਰੀਖ਼ੋ ਅਲੀ, 20 ਹਜ਼ਾਰ; ਤਾਰੀਖ਼ੇ ਸੁਲਤਾਨੀ 20 ਹਜ਼ਾਰ; ਅਹਿਮਦਸ਼ਾਹ, 17 ਹਜ਼ਾਰ; ਗਨੇਸ਼ ਦਾਸ, 30 ਹਜ਼ਾਰ; ਅਲੀਉੱਦੀਨ, 30 ਹਜ਼ਾਰ; ਪੰਥ ਪ੍ਰਕਾਸ਼, 30 ਹਜ਼ਾਰ ਸਾਰੇ (ਵਿਚੋਂ ਤੇਰਾਂ ਹਜ਼ਾਰ ਫ਼ੌਜੀ ਸਿੰਘ) ; ਕਰਮ ਸਿੰਘ, 13 ਹਜ਼ਾਰ; ਗੁਪਤਾ 12 ਹਜ਼ਾਰ; ਜਾਦੂ ਨਾਥ ਸਰਕਾਰ, 10 ਹਜ਼ਾਰ; ਫਾਰਸਟਰ, 25 ਹਜ਼ਾਰ; ਮੈਲਕਮ 20 ਹਜ਼ਾਰ ਤੋਂ ਵਧ; ਪ੍ਰਿੰਸਪ, 25 ਤੋਂ 30 ਹਜ਼ਾਰ; ਮੈਕਗਰ, 17 ਹਜ਼ਾਰ; ਕਨਿੰਘਮ, 12 ਤੋਂ 25 ਹਜ਼ਾਰ; ਹਯੂਗਲ, 20 ਤੋਂ 30 ਹਜ਼ਾਰ; ਲਤੀਫ਼, 12 ਤੋਂ 30 ਹਜ਼ਾਰ।

ਸਿੱਖਾਂ ਦਾ ਸਾਰਾ ਸਾਮਾਨ ਲੁੱਟਿਆ ਗਿਆ। ਗੁਰੂ ਗ੍ਰੰਥ ਸਾਹਿਬ ਦੀਆਂ ਦੋ ਪੁਰਾਤਨ ਬੀੜਾਂ (ਅੰਮ੍ਰਿਤਸਰ ਵਾਲੀ ਤੇ ਦਮਦਮਾ ਸਾਹਿਬ ਵਾਲੀ) ਅਬਦਾਲੀ ਦੇ ਹੱਥ ਆਈਆਂ। ਚੜ੍ਹਤ ਸਿੰਘ, ਜੱਸਾ ਸਿੰਘ ਤੇ ਸ਼ਾਮ ਸਿੰਘ ਨੂੰ ਕੋਈ ਕੋਈ ਫੱਟ ਲੱਗੇ। ਇਕ ਵੀ ਸਿੱਖ ਸਿਪਾਹੀ ਨਾ ਬਚਿਆ, ਜਿਸ ਨੂੰ ਕੋਈ ਫੱਟ ਨਾ ਲੱਗਾ ਹੋਵੇ। ਪਰ ਸਦਕੇ ਉਹਨਾਂ ਮਰਦਾਂ ਦੇ, ਓਸ ਰਾਤ ਇਕ ਨਿਹੰਗ ਸਿੰਘ ਕਹਿ ਰਿਹਾ ਸੀ : ਖੋਟ ਨਿਕਲ ਗਿਆ ਹੈ, ਤੇ ਹੁਣ ਨਿਰੋਲ ਤੱਤ ਖ਼ਾਲਸਾ ਰਹਿ ਗਿਆ ਹੈ। ਏਥੋਂ ਬਚੇ ਸਿੰਘ ਜੈਤੋ, ਅਬੂਲ, ਮਹਿਮਾ, ਭਗਤੂ, ਬਿਝਕੇ, ਚੁਬਾਰਾ, ਫ਼ਰੀਦਕੋਟ ਆਦਿ, ਚੁਬਾਰਾ, ਫ਼ਰੀਦਕੋਟ ਆਦਿਥਾਵਾਂ'ਤੇ ਜਾ ਟਿਕੇ।

## ਅਬਦਾਲੀ ਬਰਨਾਲੇ

ਸ: ਆਲਾ ਸਿੰਘ ਪਟਿਆਲਾ ਨੇ ਏਸ ਯੁੱਧ ਵਿਚ ਕਿਸੇ ਧਿਰ ਦੀ ਵੀ ਖੁੱਲ ਕੇ ਮਦਦ ਨਹੀਂ ਕੀਤੀ ਸੀ। ਉਹ ਪਟਿਆਲੇ ਤੋਂ ਸਤਾਰਾਂ ਮੀਲ ਦੂਰ ਧੰਧੋਟਾ ਚਲਾ ਗਿਆ ਸੀ। ਅਬਦਾਲੀ ਨੇ ਏਸ ਗ਼ੁੱਸੇ ਵਿਚ, ਕਿ ਆਲਾ ਸਿੰਘ ਹਾਜ਼ਰ ਕਿਉਂ ਨਹੀਂ ਹੋਇਆ, ਬਰਨਾਲੇ ਦਾ ਕਿਲਾ ਢਾਹ ਦਿੱਤਾ ਤੇ ਇਲਾਕਾ ਲੁੱਟ ਲਿਆ। ਉਸ ਨੇ ਆਲਾ ਸਿੰਘ ਨੂੰ ਫੜਨ ਵਾਸਤੇ ਫ਼ੌਜ ਘੱਲੀ, ਪਰ ਉਹ ਆਪ ਹੀ ਹਾਜ਼ਰ ਹੋ ਗਿਆ। ਅਬਦਾਲੀ ਨੇ ਸ. ਆਲਾ ਸਿੰਘ ਨੂੰ ਕੈਦ ਕਰ ਲਿਆ ਤੇ ਕੇਸ ਕਤਲ ਕਰਾਉਣ ਦਾ ਹੁਕਮ ਦਿੱਤਾ। ਮਗਰਲੇ ਨੇ ਸਵਾ ਲੱਖ ਬਦਲੇ ਆਪਣੇ ਕੇਸ ਖ਼ਰੀਦ ਲਏ, ਭਾਵ : ਅਬਦਾਲੀ ਨੂੰ ਸਵਾ ਲਖ ਨਜ਼ਰਾਨਾ ਦੇ ਦਿੱਤਾ ਤੇ ਕੇਸ ਕਤਲ ਨਾ ਕਰਾਏ। ਬਰਨਾਲੇ ਤੋਂ ਅਬਦਾਲੀ ਸਰਹਿੰਦ ਜਾ ਬੈਠਾ। ਏਥੇ ਵਜ਼ੀਰ ਸ਼ਾਹ ਵਲੀ ਰਾਹੀਂ ਸ: ਆਲਾ ਸਿੰਘ ਨੇ ਪੰਜ ਲੱਖ ਖ਼ਰਾਜ ਤਾਰ ਕੇ ਰਿਹਾਈ ਪਾਈ।

- ਚਲਦਾ

---

### ਪਿਛਲੇ ਸਫ਼ੇ ਦਾ ਬਾਕੀ

ਦੀ ਸਲਾਮਤੀ ਦੇ ਨਾਲ-ਨਾਲ ਆਪਣੀ ਰਿਆਸਤ ਨੂੰ ਵੀ ਬਚਾ ਲਿਆ। ਉਸ ਵੇਲੇ ਤੋਂ ਲੈ ਕੇ ਬੇਗ਼ਮ ਸਮਰੂ ਦੇ ਸਿੱਖ ਜਰਨੈਲਾਂ ਨਾਲ ਅਜਿਹੇ ਸਬੰਧ ਬਣ ਗਏ ਕਿ ਕਦੇ ਵੀ ਸਿੱਖ ਜਰਨੈਲ ਬੇਗ਼ਮ ਸਮਰੂ ਦਾ ਕਹਿਣਾ ਨਹੀਂ ਮੋੜਦੇ ਸਨ। ਜਦ 11 ਮਾਰਚ 1783 ਨੂੰ ਸਿੱਖ ਜਰਨੈਲ ਜਥੇਦਾਰ ਬਘੇਲ ਸਿੰਘ, ਜਥੇਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਸਿੰਘਾਂ ਨੇ ਦਿੱਲੀ ਫਤਿਹ ਕੀਤੀ ਤਾਂ ਉਸ ਵਕਤ ਦਿੱਲੀ ਦੇ ਤਖ਼ਤ 'ਤੇ ਕਾਬਜ਼ ਮੁਗ਼ਲ ਹਾਕਮ ਸ਼ਾਹ ਆਲਮ-2 ਨੇ ਲੁਕ ਛਿਪ ਕੇ ਆਪਣੀ ਜਾਨ ਬਚਾਈ ਅਤੇ ਇੱਕ ਸੰਦੇਸ਼ ਵਾਹਕ ਰਾਹੀਂ ਮੇਰਠ ਅਤੇ ਆਗਰਾ ਦੇ ਲਾਗੇ ਰਿਆਸਤ ਸਰਧਾਨਾਂ ਦੀ ਬੇਗ਼ਮ ਸਮਰੂ ਨੂੰ ਸੁਨੇਹਾ ਭੇਜਿਆ। 12 ਮਾਰਚ ਨੂੰ ਬੇਗ਼ਮ ਸਮਰੂ ਨੇ ਦਿੱਲੀ ਪੁੱਜ ਕੇ ਬਾਦਸ਼ਾਹ ਸ਼ਾਹ ਆਲਮ-2 ਦਾ ਸਿੱਖ ਜਰਨੈਲਾਂ ਨਾਲ ਕੁਝ ਸ਼ਰਤਾਂ ਤਹਿਤ ਸਮਝੌਤਾ ਕਰਵਾ ਦਿੱਤਾ। ਜਿਸ ਨਾਲ ਜਿੱਥੇ ਬਾਦਸ਼ਾਹ ਸ਼ਾਹ ਆਲਮ ਦੀ ਜਾਨ ਬਚ ਗਈ, ਉੱਥੇ ਉਸ ਦਾ ਰਾਜ ਭਾਗ ਵੀ ਸੁਰੱਖਿਅਤ ਰਿਹਾ।

ਦੂਸਰੇ ਪਾਸੇ ਸਿੱਖ ਜਰਨੈਲਾਂ ਨੂੰ ਜਿੱਥੇ ਦਿੱਲੀ ਵਿੱਚ ਇਤਿਹਾਸਕ ਗੁਰਦੁਆਰਿਆਂ ਦਾ ਨਿਰਮਾਣ ਕਰਨ ਦਾ ਆਪਣਾ ਉਦੇਸ਼ ਪੂਰਾ ਹੁੰਦਾ ਜਾਪਿਆ, ਉੱਥੇ ਦੂਸਰੇ ਪਾਸੇ ਉਸ ਸਮੇਂ ਸਿੱਖਾਂ ਨੂੰ ਆਪਣੀ ਰਾਜਸੀ ਸ਼ਕਤੀ ਵਧਾਉਣ ਲਈ ਸਮਾਂ ਵੀ ਮਿਲ ਗਿਆ। ਸਿੱਖ ਜਰਨੈਲਾਂ ਨਾਲ ਇੰਨੀ ਨੇੜਤਾ ਰੱਖਣ ਵਾਲੀ ਬੇਗ਼ਮ ਸਮਰੂ ਦੇ ਜੀਵਨ ਬਾਰੇ ਜਾਣਨਾ ਬੇਹੱਦ ਜ਼ਰੂਰੀ ਹੈ। 1720 ਵਿੱਚ ਜਨਮਿਆ ਵੋਲਟਰ ਰੇਇਨਹਾਰਡ ਲਕਸਮਬਰਗ ਪੱਛਮੀ ਆਸਟਰੀਆ ਦੇ ਬਹੁਤ ਹੀ ਗਰੀਬ ਖਿੱਤੇ ਨਾਲ ਸਬੰਧਿਤ ਸੀ। ਉਸ ਦਾ ਪਿਤਾ ਪੱਥਰ ਦਾ ਕਾਰੀਗਰ ਸੀ। ਉਹ ਕਰੀਬ 1750 ਵਿੱਚ ਭਾਰਤ ਆਇਆ ਅਤੇ ਪਾਂਡੂਚੇਰੀ ਵਿੱਚ ਫਰਾਂਸੀਸੀ ਸਮੁੰਦਰੀ ਜਹਾਜ਼ ਵਿੱਚ ਕੰਮ ਕਰਨ ਲੱਗ ਪਿਆ। ਫਿਰ ਈਸਟ ਇੰਡੀਆ ਕੰਪਨੀ ਵਿੱਚ ਅੰਗਰੇਜ਼ਾਂ ਅਧੀਨ ਨੌਕਰੀ ਕਰਨ ਲੱਗ ਗਿਆ।

ਇਸ ਦੌਰਾਨ ਉਸ ਨੇ ਆਪਣਾ ਨਾਮ ਬਦਲਕੇ ਸੋਮਰਸ ਵੀ ਰੱਖ ਲਿਆ। ਕਈ ਇਤਿਹਾਸਕਾਰ ਇਹ ਵੀ ਲਿਖਦੇ ਹਨ ਕਿ ਸੋਮਰਸ ਉਸ ਦਾ ਉਪ ਨਾਮ ਸੀ। ਉਸ ਤੋਂ ਬਾਅਦ ਅੰਗਰੇਜ਼ੀ ਸਰਕਾਰ ਦੀ ਨੌਕਰੀ ਛੱਡ ਕੇ ਕਰੀਬ 1760 ਵਿੱਚ ਬੰਗਾਲ ਦੇ ਨਵਾਬ ਮੀਰ ਕਾਸਿਮ ਦੇ ਦਰਬਾਰ ਵਿੱਚ ਨੌਕਰੀ ਕਰਨ ਲੱਗ ਪਿਆ। ਉਸ ਨੇ ਆਪਣੀ ਨਿੱਜੀ ਫੌਜ ਬਣਾਈ ਹੋਈ ਸੀ। ਕਈ ਜਗ੍ਹਾ ਲਿਖਿਆ ਮਿਲਦਾ ਹੈ ਕਿ ਉਸ ਨੇ ਮੀਰ ਕਾਸਿਮ ਦੀ ਫੌਜ ਵਿੱਚ ਨੌਕਰੀ ਕਰਨ ਦੀ ਬਜਾਏ ਆਪਣੀ ਫੌਜੀ ਤਾਕਤ ਨਾਲ ਉਸ ਦੀ ਮਦਦ ਕੀਤੀ ਸੀ। ਕਿਉਂਕਿ ਉਹ ਵਧੇਰੇ ਬੋਲੀ ਲਗਾਉਣ ਵਾਲਿਆਂ ਦੀ ਆਪਣੀ ਫੌਜੀ ਤਾਕਤ ਨਾਲ ਮਦਦ ਕਰਦਾ ਸੀ। ਮੀਰ ਕਾਸਿਮ ਅੰਗਰੇਜ਼ੀ ਸਾਮਰਾਜ ਅਧੀਨ ਕੰਮ ਕਰਦਾ ਸੀ। ਇਸ ਲਈ ਅਜਿਹਾ ਵਾਲਟਰ ਨੂੰ ਪਸੰਦ ਨਹੀਂ ਸੀ। ਇਸ ਦੇ ਚੱਲਦਿਆਂ ਉਸ ਨੇ 1763 ਵਿੱਚ ਪਟਨਾ ਦੇ ਵਾਸੀ ਅਤੇ ਕਰੀਬ 150 ਅੰਗਰੇਜ਼ਾਂ ਨੂੰ ਜਾਨ ਤੋਂ ਮਾਰ ਦਿੱਤਾ ਅਤੇ ਅੰਗਰੇਜ਼ਾਂ ਤੋਂ ਜਾਨ ਬਚਾਉਣ ਲਈ ਦਿੱਲੀ ਵੱਲ ਚਲਾ ਗਿਆ। ਉਹ ਫਾਰਸੀ ਦਾ ਬਹੁਤ ਵਧੀਆ ਵਿਦਵਾਨ ਸੀ।

ਉਸ ਨੇ ਆਪਣੀ ਫੌਜੀ ਟੁਕੜੀ ਨਾਲ 1773 ਵਿੱਚ ਆਗਰੇ ਵਿੱਚੋਂ ਜਾਟਾਂ ਦਾ ਕਬਜ਼ਾ ਹਟਾਉਣ ਲਈ ਮੁਗ਼ਲ ਬਾਦਸ਼ਾਹ ਦੀ ਮਦਦ ਕੀਤੀ, ਜਿਸ ਬਦਲੇ ਉਸ ਨੂੰ ਸਰਧਾਨਾ ਦੀ ਅਮੀਰ ਰਿਆਸਤ ਇਨਾਮ ਵਜੋਂ ਸੌਂਪ ਦਿੱਤੀ ਗਈ। ਮੁਗ਼ਲਾਂ ਨਾਲ ਸਮਝੌਤਾ ਕਰਨ ਕਰਕੇ ਉਹ ਅੰਗਰੇਜ਼ਾਂ ਦੇ ਗੁੱਸੇ ਤੋਂ ਬਚਿਆ ਰਿਹਾ। ਥਲੇਕਿਨ ਅੰਗਰੇਜ਼ ਇਤਿਹਾਸਕਾਰ ਜੌਹਨ ਲਾਲ ਲਿਖਦਾ ਹੈ ਕਿ ਅੰਗਰੇਜ਼ਾਂ ਨੇ ਸੋਮਰਸ/ਸੋਮਬਰੇ ਤੋਂ ਛੁਟਕਾਰਾ ਪਾਉਣ ਲਈ ਮੁਗ਼ਲ ਸਾਮਰਾਜ 'ਤੇ ਕਾਫ਼ੀ ਦਬਾਅ ਪਾਇਆ, ਪਰ ਉਹ ਇੰਨਾ ਜ਼ਿਆਦਾ ਚੁਸਤ/ਚਲਾਕ ਸੀ ਕਿ ਸਾਰੀ ਜ਼ਿੰਦਗੀ ਅੰਗਰੇਜ਼ਾਂ ਦੇ ਹੱਥ ਨਾ ਆਇਆ। 1778 ਵਿੱਚ ਉਸ ਦੀ ਮੌਤ ਆਗਰੇ ਵਿੱਚ ਹੋਈ। ਦੂਸਰੇ ਪਾਸੇ ਕਸ਼ਮੀਰੀ ਮੂਲ ਦੇ ਲੁਤਫ ਅਲੀ ਖਾਨ ਦੇ ਘਰ ਜਨਮੀ ਫਰਜ਼ਾਨਾ ਜ਼ੇਬ ਉਨ ਨਿਸਾ ਉਰਫ਼ ਜੋਆਨਾ ਨੋਬਿਲੀਸ ਸੋਮਬਰੇ ਦਾ ਜਨਮ 1753 ਨੂੰ ਮੇਰਠ ਵਿੱਚ ਹੋਇਆ। ਭਾਈ ਕਾਨ੍ਹ ਸਿੰਘ ਨਾਭਾ ਸਮੇਤ ਕਈ ਹੋਰ ਇਤਿਹਾਸਕਾਰ ਉਸ ਦਾ ਜਨਮ 1751 ਵਿੱਚ ਹੋਇਆ ਮੰਨ ਰਹੇ ਹਨ। ਕਈ ਜਗ੍ਹਾ ਫਰਜ਼ਾਨਾ ਦੇ ਪਿਤਾ ਦਾ ਨਾਮ ਅਸਦ ਖਾਨ ਵੀ ਲਿਖਿਆ ਮਿਲਦਾ ਹੈ। ਉਹ ਇੱਕ ਧਨਾਢ ਵਿਅਕਤੀ ਸੀ।

ਲੁਤਫ ਅਲੀ ਖਾਨ ਦੀ ਮੌਤ ਤੋਂ ਬਾਅਦ ਉਸ ਦੀ ਪਹਿਲੀ ਪਤਨੀ ਅਤੇ ਉਸ ਦੇ ਸਪੁੱਤਰ ਨੇ ਫਰਜ਼ਾਨਾ ਅਤੇ ਉਸ ਦੀ ਮਾਂ ਨੂੰ ਜਾਇਦਾਦ ਤੋਂ ਵਾਂਝਾ ਕਰਕੇ ਘਰੋਂ ਕੱਢ ਦਿੱਤਾ। ਫਰਜ਼ਾਨਾ ਅਤੇ ਉਸ ਦੀ ਮਾਂ ਦਿੱਲੀ ਵੱਲ ਨੂੰ ਚੱਲ ਪਈਆਂ। ਦਿੱਲੀ ਪੁੱਜਦਿਆਂ ਫਰਜ਼ਾਨਾ ਦੀ ਮਾਂ ਦੀ ਮੌਤ ਹੋ ਗਈ। ਕੇਵਲ 10 ਵਰ੍ਹਿਆਂ ਦੀ ਬਾਲੜੀ ਫਰਜ਼ਾਨਾ ਨੂੰ ਰੋਂਦਿਆਂ ਦੇਖ ਕੇ ਪ੍ਰਸਿੱਧ ਕਲਾਕਾਰ ਖਾਨੁਮ ਜਨ ਆਪਣੇ ਨਾਲ ਲੈ ਗਈ ਅਤੇ ਉਸ ਨੇ ਫਰਜ਼ਾਨਾ ਨੂੰ ਡਾਂਸਰ (ਨਾਚੀ) ਵਜੋਂ ਸਿਖਲਾਈ ਦਿੱਤੀ। ਸਈਦ ਹੁਸਨ ਸ਼ਾਹ ਆਪਣੇ ਨਾਵਲ ਵਿੱਚ ਵੀ ਖਾਨੁਮ ਜਨ ਬਾਰੇ ਜ਼ਿਕਰ ਕਰ ਰਹੇ ਹਨ। ਫਰਜਾਨਾ ਜ਼ੇਬ ਉਨ ਨਿਸਾ ਉਸ ਵੇਲੇ ਦੀ ਪ੍ਰਸਿੱਧ ਨਾਚੀ ਬਣੀ। ਉਸ ਦਾ ਕੱਦ ਕੇਵਲ ਸਾਢੇ 4 ਫੁੱਟ ਤੱਕ ਹੀ ਸੀ। ਉਹ ਰੰਗ ਰੂਪ ਪੱਖੋਂ ਬੇਹੱਦ ਸੁੰਦਰ ਹੋਣ ਦੇ ਨਾਲ-ਨਾਲ ਬਹੁਤ ਜ਼ਿਆਦਾ ਬਹਾਦਰ ਵੀ ਸੀ। ਦੂਸਰੇ ਪਾਸੇ ਵੋਲਟਰ ਨੇ ਜਦ ਦਿੱਲੀ ਵਿੱਚ ਫਰਜ਼ਾਨਾ ਨੂੰ ਪਹਿਲੀ ਵਾਰ ਦੇਖਿਆ ਤਾਂ ਉਹ ਕਰੀਬ 14 ਸਾਲ ਦੀ ਸੀ। 1765 ਵਿੱਚ 45 ਸਾਲਾ ਵੋਲਟਰ ਨੇ ਫਰਜ਼ਾਨਾ ਨਾਲ ਵਿਆਹ ਕਰਵਾ ਲਿਆ।

ਇਤਿਹਾਸ ਦੇ ਵਰਕੇ ਫਰੋਲੀਏ ਤਾਂ ਪਤਾ ਲੱਗਦਾ ਹੈ ਕਿ 1778 ਵਿੱਚ ਫਰਜ਼ਾਨਾ ਆਪਣੇ ਪਤੀ ਦੀ ਮੌਤ ਤੋਂ ਬਾਅਦ ਇੱਕ ਛੋਟੀ ਜਿਹੀ ਰਿਆਸਤ ਸਰਧਾਨਾ ਦੀ ਸਾਸ਼ਕ ਬਣ ਗਈ। ਉਸ ਨੇ 18ਵੀਂ ਅਤੇ 19ਵੀਂ ਸਦੀ ਵਿੱਚ ਸਰਧਾਨਾ ਰਿਆਸਤ 'ਤੇ ਰਾਜ ਕੀਤਾ। ਪਤੀ ਸੋਮਰਸ ਤੋਂ ਹੀ ਉਸ ਦੀ ਬੇਗ਼ਮ ਦਾ ਨਾਮ ਸਮਰੂ ਪਿਆ। ਇਸ ਨੂੰ ਭਾਰਤ ਦੀ ਇੱਕੋ ਇੱਕ ਅਜਿਹੀ ਸਾਸ਼ਕ ਵਜੋਂ ਜਾਣਿਆ ਜਾਂਦਾ ਹੈ ਜੋ ਆਪਣੀ ਰਿਆਸਤ ਦਾ ਕੰਮ ਸੰਭਾਲਣ ਦੇ ਨਾਲ-ਨਾਲ ਦਿੱਲੀ ਦੇ ਹਾਕਮਾਂ ਦਾ ਰਾਜ ਭਾਗ ਬਚਾਉਣ ਵਿੱਚ ਵੀ ਮਦਦਗਾਰ ਸਾਬਤ ਹੋ ਰਹੀ ਸੀ। ਇਸ ਨੇ ਜਾਰਜ ਥਾਮਸਨ, ਆਰਮੰਡ ਲੇ-ਵਸੋਲਟ ਸਮੇਤ ਕਈ ਹੋਰ ਯੂਰਪੀ ਮੂਲ ਦੇ ਵਿਅਕਤੀਆਂ ਨੂੰ ਆਪਣੇ ਦਰਬਾਰ ਵਿੱਚ ਨੌਕਰੀ 'ਤੇ ਰੱਖ ਕੇ ਬਹੁਤ ਹੀ ਬਹਾਦਰੀ ਨਾਲ ਵੱਖ-ਵੱਖ ਹਾਕਮਾਂ ਨਾਲ ਕਈ ਜੰਗਾਂ ਲੜ ਕੇ ਵੱਡੀਆਂ ਜਿੱਤਾਂ ਹਾਸਲ ਕੀਤੀਆਂ। ਉਸ ਦੇ ਕੋਲ ਕਰੀਬ 4000 ਸੈਨਿਕ ਸਨ। ਉਸ ਦੇ ਪਤੀ ਦੀ ਮੌਤ ਹੋ ਚੁੱਕੀ ਸੀ ਅਤੇ ਉਸ ਨੇ 1793 ਵਿੱਚ ਆਪਣੇ ਰਾਜ ਦਰਬਾਰੀ ਫਰਾਂਸੀਸੀ ਲੇ-ਵਸੋਲਟ ਨਾਲ ਵਿਆਹ ਕਰ ਲਿਆ। ਜਦ ਉਨ੍ਹਾਂ ਦੇ ਵਿਆਹ ਬਾਰੇ ਰਿਆਸਤ ਦੇ ਲੋਕਾਂ ਨੂੰ ਪਤਾ ਲੱਗਾ ਤਾਂ ਫੌਜ ਨੇ ਬਗਾਵਤ ਕਰ ਦਿੱਤੀ। ਲੇ-ਵਸੋਲਟ ਅਤੇ ਬੇਗ਼ਮ ਸਮਰੂ ਨੇ ਭੱਜ ਕੇ ਜਾਨ ਬਚਾਈ। ਇਸ ਦੌਰਾਨ ਲੇ-ਵਸੋਲਟ ਅਤੇ ਬੇਗ਼ਮ ਸਮਰੂ ਨੂੰ ਫੜ ਲਿਆ ਗਿਆ। ਹਾਲੇ ਉਨ੍ਹਾਂ ਦੇ ਵਿਆਹ ਨੂੰ ਕਰੀਬ 2 ਕੁ ਸਾਲ ਹੀ ਹੋਏ ਸਨ, ਪ੍ਰੰਤੂ ਆਪਣੇ ਰਾਜ ਦੇ ਦੂਸਰੇ ਖਾਸਮ-ਖਾਸ ਜਾਰਜ ਥਾਮਸਨ ਦੀ ਵਿਚੋਲਗੀ ਰਾਹੀਂ ਸਮਰੂ ਦਾ ਖਹਿੜਾ ਛੁੱਟ ਗਿਆ ਅਤੇ ਉਹ ਆਪਣੀ ਰਿਆਸਤ ਦੀ ਸਾਸ਼ਕ ਵਜੋਂ ਮੁੜ ਬਹਾਲ ਹੋ ਗਈ। 1805 ਵਿੱਚ ਅੰਗਰੇਜ਼ੀ ਸਰਕਾਰ ਦੇ ਅਧੀਨ ਹੋ ਕੇ ਆਪਣੀ ਰਿਆਸਤ ਦਾ ਪ੍ਰਬੰਧ ਚਲਾਉਣ ਲੱਗੀ। ਬੇਗ਼ਮ ਸਮਰੂ ਦਾ ਇਲਾਕਾ ਮੁਜ਼ੱਫਰਨਗਰ ਤੋਂ ਅਲੀਗੜ੍ਹ ਤੱਕ ਸੀ। ਉਸ ਨੂੰ ਇੱਕ ਉਦਾਰ ਸਾਸ਼ਕ ਵਜੋਂ ਜਾਣਿਆ ਜਾਂਦਾ ਹੈ। ਉਸ ਨੇ ਆਪਣੀ ਰਿਆਸਤ ਵਿੱਚ ਕਈ ਗਿਰਜ਼ਾਘਰ ਬਣਵਾਏ ਅਤੇ ਕਿਸੇ ਵੀ ਬੇਗੁਨਾਹ 'ਤੇ ਜ਼ੁਲਮ ਕਰਨ ਦੀ ਉਦਾਹਰਨ ਨਹੀਂ ਮਿਲਦੀ।

ਉਸ ਦੇ ਖਾਸ ਮੁਨਸ਼ੀ ਗੋਕਲ ਚੰਦ ਦਾ ਦਾਅਵਾ ਸੀ ਕਿ ਵਾਲਟਰ ਦੇ ਫਰਜ਼ਾਨਾ ਦੀ ਕੁੱਖੋਂ ਤਿੰਨ ਸਪੁੱਤਰ ਹੋਏ, ਪਰ ਤਿੰਨਾਂ ਦੀ ਹੀ ਮੌਤ ਹੋ ਗਈ। ਇਹ ਭੇਤ ਲਗਾਤਾਰ ਬਰਕਰਾਰ ਰਿਹਾ। 27 ਜਨਵਰੀ 1836 ਨੂੰ ਕਰੀਬ 85 ਸਾਲ ਦੀ ਉਮਰ ਵਿੱਚ ਬੇਗ਼ਮ ਸਮਰੂ ਦਾ ਮੇਰਠ ਵਿੱਚ ਦੇਹਾਂਤ ਹੋ ਗਿਆ। ਬੇਗ਼ਮ ਸਮਰੂ ਮਰਨ ਵੇਲੇ ਕਾਫ਼ੀ ਅਮੀਰ ਸੀ। ਉਸ ਦੀ ਕੁਲ ਜਾਇਦਾਦ ਦਾ ਵੱਡਾ ਭਾਗ ਡੇਵਿਡ ਡਾਈਸ ਸੋਂਬਰੇ ਨੂੰ ਮਿਲਿਆ, ਜੋ ਵਾਲਟਰ ਦੀ ਪਹਿਲੀ ਪਤਨੀ ਦਾ ਸਪੁੱਤਰ ਸੀ। ਬੇਗ਼ਮ ਸਮਰੂ ਦੀ ਵਿਰਾਸਤ ਸਾਢੇ 55 ਮਿਲੀਅਨ ਸੋਨੇ ਦੀ ਕੀਮਤ ਦੇ ਬਰਾਬਰ ਹੈ। ਉਸ ਦੀ ਵਿਰਾਸਤ ਅੱਜ ਵੀ ਵਿਵਾਦਪੂਰਨ ਹੈ।

ਉੱਘੇ ਇਤਿਹਾਸਕਾਰ ਡਾ. ਹਰੀ ਰਾਮ ਗੁਪਤਾ 'ਹਿਸਟਰੀ ਆਫ ਸਿੱਖਜ' ਵਿੱਚ ਲਿਖਦੇ ਹਨ ਕਿ ਸਿੱਖ ਜਰਨੈਲ ਬੇਗ਼ਮ ਸਮਰੂ ਤੋਂ ਬੇਹੱਦ ਪ੍ਰਭਾਵਿਤ ਹੋਏ ਅਤੇ ਉਸ ਦੀ ਬੇਨਤੀ ਨੂੰ ਕਦੇ ਵੀ ਦਰ ਕਿਨਾਰ ਨਹੀਂ ਕਰਦੇ ਸਨ। ਮਰਹੱਟਿਆਂ, ਰੁਹੇਲਿਆਂ, ਰਾਜਪੂਤਾਂ ਅਤੇ ਅੰਗਰੇਜ਼ਾਂ ਨੇ ਕਈ ਵਾਰ ਦਿੱਲੀ 'ਤੇ ਹਮਲਾ ਕਰਨ ਲਈ ਬੇਗ਼ਮ ਸਮਰੂ ਪਾਸੋਂ ਮਦਦ ਮੰਗੀ, ਪਰ ਉਹ ਆਪਣੇ ਪਿਤਾ ਸਮਾਨ ਸ਼ਾਹ ਆਲਮ ਦੀ ਹਮੇਸ਼ਾ ਵਫ਼ਾਦਾਰ ਰਹੀ। ਦਿੱਲੀ ਦੇ ਤਖ਼ਤ 'ਤੇ ਬੈਠਾ ਬਾਦਸ਼ਾਹ ਸ਼ਾਹ ਆਲਮ-2 ਵੀ ਉਸ ਨੂੰ ਆਪਣੀ ਧੀ ਸਮਝਦਾ ਸੀ ਅਤੇ ਉਸ ਨੂੰ ਪਿਆਰ ਨਾਲ ਜਬੁਨਿਸਾ ਕਿਹਾ ਕਰਦਾ ਸੀ। ਇਹੀ ਪ੍ਰਮੁੱਖ ਕਾਰਨ ਸੀ ਕਿ ਬੇਗ਼ਮ ਸਮਰੂ ਦੀ ਵਿਚੋਲਗੀ ਕਾਰਨ ਦਿੱਲੀ ਫਤਿਹ ਕਰਨ ਵਾਲੇ ਸਿੱਖ ਜਰਨੈਲਾਂ ਹੱਥੋਂ ਸ਼ਾਹ ਆਲਮ-2 ਆਪਣੀ ਜਾਨ ਬਖ਼ਸ਼ੀ ਕਰਵਾਉਣ ਦੇ ਨਾਲ-ਨਾਲ ਆਪਣੀ ਸਲਤਨਤ ਬਚਾਉਣ ਵਿੱਚ ਵੀ ਸਫਲ ਰਿਹਾ।

# ਸਿਆਸਤ ਉਪਰ ਡੇਰਿਆਂ ਦਾ ਪ੍ਰਭਾਵ ਕਿਉਂ..?

ਲੇਖਕ : ਹਰਬੰਸ ਸਿੰਘ ਬਠਿੰਡਾ



ਅਸੀਂ ਜਦੋਂ ਵੀ ਡੇਰਿਆਂ ਦੀ ਗੱਲ ਕਰਨੀ ਸ਼ੁਰੂ ਕਰਦੇ ਹਾਂ ਤਾਂ ਕਈ ਤਰ੍ਹਾਂ ਦੇ ਸਵਾਲ ਸਾਡੇ ਸਾਹਮਣੇ ਆ ਕੇ ਖੜ੍ਹੇ ਹੋ ਜਾਂਦੇ ਹਨ।

ਜਿਵੇਂ ਕਿ ਡੇਰਿਆਂ ਦੀ ਹੋਂਦ ਦੇ ਕਾਰਨ ਕੀ ਹਨ? ਡੇਰਿਆਂ ਦਾ ਲੋਕਾਂ ਉੱਤੇ ਪ੍ਰਭਾਵ ਕੀ ਹੈ? ਕੀ ਡੇਰੇ ਲੋਕਪੱਖੀ ਕੰਮ ਕਰਦੇ ਹਨ? ਆਮ ਲੋਕਾਂ ਨੂੰ ਡੇਰੇ ਕਿੰਨਾ ਕੁ ਪ੍ਰਭਾਵਿਤ ਕਰਦੇ ਹਨ? ਧਰਮ ਦਾ ਡੇਰਿਆਂ ਨਾਲ ਕੀ ਸੰਬੰਧ ਹੈ? ਡੇਰਿਆਂ ਦੇ ਪ੍ਰਫੁਲਿਤ ਹੋਣ ਦੇ ਕਾਰਨ ਕੀ ਹਨ? ਹੋਰ ਵੀ ਬਹੁਤ ਸਾਰੇ ਸਵਾਲ ਹਨ, ਜਿਨ੍ਹਾਂ ਬਾਰੇ ਸਾਨੂੰ ਸਾਰਿਆਂ ਨੂੰ ਡੂੰਘਾਈ ਨਾਲ ਵਿਚਾਰ ਕਰਨੀ ਚਾਹੀਦੀ ਹੈ। ਜੇਕਰ ਅਸੀਂ ਪੰਜਾਬ ਦੀ ਗੱਲ ਕਰੀਏ ਤਾਂ ਸਾਨੂੰ ਪਤਾ ਲਗਦਾ ਹੈ ਕਿ ਇੱਥੇ ਪੰਜ ਸੱਤ ਪਿੰਡਾਂ ਮਗਰ ਕੋਈ ਨਾ ਕੋਈ ਛੋਟਾ ਵੱਡਾ ਡੇਰਾ ਲੋਕਾਂ ਦੀ ਸ਼ਰਧਾ ਦਾ ਕੇਂਦਰ ਜ਼ਰੂਰ ਬਣਿਆ ਹੋਇਆ ਹੈ। ਧਾਗੇ ਤਵੀਤ ਕਰਨ ਵਾਲੇ ਛੋਟੇ-ਛੋਟੇ ਡੇਰਿਆਂ ਤੋਂ ਲੈਕੇ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂਆਂ ਦਾ ਵੱਡਾ ਇਕੱਠ ਕਰਨ ਵਾਲੇ ਇਹਨਾਂ ਡੇਰਿਆਂ ਦੀ ਗਿਣਤੀ ਹਜ਼ਾਰਾਂ ਵਿੱਚ ਵੀ ਹੋਵੇ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਆਮ ਲੋਕਾਂ ਦਾ ਇਹਨਾਂ ਡੇਰਿਆਂ ਉੱਤੇ ਜਾਣ ਦਾ ਮੁੱਖ ਕਾਰਨ ਮਾਨਸਿਕ ਤੌਰ 'ਤੇ ਕਮਜ਼ੋਰ ਹੋਣਾ ਹੀ ਮੰਨਿਆ ਜਾ ਸਕਦਾ ਹੈ। ਇਹਨਾਂ ਡੇਰਿਆਂ 'ਤੇ ਅਨਪੜ੍ਹ ਤੋਂ ਲੈਕੇ ਉੱਚ ਸਿੱਖਿਅਤ ਲੋਕ ਅਤੇ ਗਰੀਬ ਤੋਂ ਲੈਕੇ ਬਹੁਤ ਅਮੀਰ ਤਕ ਸਾਰੇ ਤਰ੍ਹਾਂ ਦੇ ਲੋਕ ਹੀ ਜਾਂਦੇ ਹਨ। ਲਗਾਤਾਰ ਜਾਣ ਨਾਲ ਲੋਕਾਂ ਦੀ ਆਸਥਾ ਡੇਰੇ ਦੇ ਮੁਖੀ ਉੱਤੇ ਰੱਬ ਦੀ ਤਰ੍ਹਾਂ ਪੱਕੀ ਹੋ ਜਾਂਦੀ ਹੈ। ਪਸ਼ੂ ਬਿਮਾਰ ਹੋਵੇ ਜਾਂ ਫਿਰ ਜਵਾਕ ਬਿਮਾਰ ਹੋਵੇ, ਔਰਤਾਂ ਨੂੰ ਇਹਨਾਂ ਡੇਰੇ ਵਾਲਿਆਂ ਬਾਬਿਆਂ 'ਤੇ ਬਹੁਤ ਵਿਸ਼ਵਾਸ ਹੁੰਦਾ ਹੈ ਕਿ ਇਹਨਾਂ ਬਾਬਿਆਂ ਦੇ ਅਸ਼ੀਰਵਾਦ ਨਾਲ ਬਿਮਾਰੀ ਠੀਕ ਹੋ ਜਾਵੇਗੀ।

ਕਈ ਡੇਰੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਵੀ ਪ੍ਰੇਰਿਤ ਕਰਦੇ ਹਨ, ਇਸ ਗੱਲ ਦਾ ਵੀ ਆਮ ਲੋਕਾਂ 'ਤੇ ਕਾਫੀ ਪ੍ਰਭਾਵ ਪੈਂਦਾ ਹੈ। ਇਹਨਾਂ ਡੇਰਿਆਂ ਵਿੱਚੋਂ ਕਈਆਂ ਦਾ ਸੰਬੰਧ ਸਿੱਖ ਧਰਮ ਨਾਲ ਹੈ ਤੇ ਕਈਆਂ ਦਾ ਸੰਬੰਧ ਹਿੰਦੂ ਧਰਮ ਨਾਲ ਹੈ। ਕਈ ਡੇਰੇ ਆਪਣੀ ਵੱਖਰੀ ਪਛਾਣ ਰੱਖਦੇ ਹਨ ਤੇ ਉਹਨਾਂ ਦੇ ਪੈਰੋਕਾਰ ਆਪਣੇ-ਆਪਣੇ ਧਰਮ ਨੂੰ ਮੰਨਦੇ ਹੋਏ ਵੀ ਇਹਨਾਂ ਡੇਰਿਆਂ ਦੇ ਪੱਕੇ ਸ਼ਰਧਾਲੂ ਬਣੇ ਹੋਏ ਹਨ। ਪੰਜਾਬ ਦੇ ਲੋਕਾਂ 'ਤੇ ਵੱਧ ਪ੍ਰਭਾਵ ਰੱਖਣ ਵਾਲੇ ਡੇਰਿਆਂ ਵਿੱਚੋਂ ਅਸੀਂ ਰਾਧਾ ਸੁਆਮੀ ਡੇਰਾ ਬਿਆਸ, ਨਿਰੰਕਾਰੀ ਮਿਸ਼ਨ, ਡੇਰਾ ਸੱਚਾ ਸੌਦਾ ਸਿਰਸਾ, ਨਾਨਕਸਰ ਠਾਠ ਨਾਲ ਸੰਬੰਧਿਤ ਕਈ ਸਾਰੇ ਡੇਰੇ, ਡੇਰਾ ਰੂਮੀ ਵਾਲਾ, ਨੂਰਮਹਿਲ ਵਾਲੇ ਆਸ਼ੂਤੋਸ਼ ਦਾ ਡੇਰਾ, ਡੇਰਾ ਸਚਖੰਡ ਬੱਲਾਂ ਵਾਲਿਆਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰ ਸਕਦੇ ਹਾਂ। ਜਦੋਂ ਵੀ ਚੋਣਾਂ ਦਾ ਮੌਸਮ ਆਉਂਦਾ ਹੈ ਤਾਂ ਇਹਨਾਂ ਡੇਰਿਆਂ ਉੱਤੇ ਰਾਜਸੀ ਆਗੂਆਂ ਦੇ ਗੇੜੇ ਵੱਜਣੇ ਸ਼ੁਰੂ ਹੋ ਜਾਂਦੇ ਹਨ। ਪੰਚਾਇਤੀ ਚੋਣਾਂ ਤੋਂ ਲੈਕੇ ਵਿਧਾਨ ਸਭਾ ਅਤੇ ਲੋਕ ਸਭਾ ਦੀਆਂ ਚੋਣਾਂ ਤਕ ਨੂੰ ਇਹ ਡੇਰੇ ਪ੍ਰਭਾਵਿਤ ਕਰਦੇ ਹਨ। ਡੇਰਿਆਂ 'ਤੇ ਵੱਡੀ ਗਿਣਤੀ ਵਿੱਚ ਆਉਣ ਵਾਲੇ ਸ਼ਰਧਾਲੂਆਂ ਦੀਆਂ ਵੋਟਾਂ ਕਿਸੇ ਵੀ ਉਮੀਦਵਾਰ ਦੀ ਜਿੱਤ ਜਾਂ ਹਾਰ ਦਾ ਕਾਰਨ ਬਣ ਸਕਦੀਆਂ ਹਨ। ਮੁੱਢ ਤੋਂ ਹੀ ਪੰਜਾਬ ਦੀਆਂ ਚੋਣਾਂ ਨੂੰ ਇਹ ਡੇਰੇ ਚੁੱਪ ਚਪੀਤੇ ਪ੍ਰਭਾਵਿਤ ਕਰਦੇ ਰਹੇ ਹਨ। ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਇਹਨਾਂ ਡੇਰਿਆਂ ਨੂੰ ਕੇਂਦਰ ਦੇ ਵਿੱਚ ਲੰਮਾ ਸਮਾਂ ਰਾਜ ਕਰਨ ਵਾਲੀ ਰਾਜਨੀਤਕ ਪਾਰਟੀ ਕਾਂਗਰਸ ਵੱਲੋਂ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਰਾਜਨੀਤਕ ਤੌਰ 'ਤੇ ਕਮਜ਼ੋਰ ਕਰਨ ਲਈ ਅੰਦਰੂਨੀ ਮਦਦ ਮਿਲਦੀ ਰਹੀ ਹੈ। ਸਿੱਖ ਧਰਮ ਨੂੰ ਮੰਨਣ ਵਾਲੇ ਬਹੁ-ਗਿਣਤੀ ਲੋਕ ਸ਼੍ਰੋਮਣੀ ਅਕਾਲੀ ਦਲ ਨੂੰ ਪੰਥਕ ਪਾਰਟੀ ਮੰਨ ਕੇ ਉਸਦੀ ਮਦਦ ਕਰਦੇ ਰਹੇ ਹਨ।

ਡੇਰਿਆਂ ਵੱਲੋਂ 2007 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਦੇ ਵੀ ਸਾਹਮਣੇ ਆਕੇ ਐਲਾਨੀਆਂ ਕਿਸੇ ਵੀ ਰਾਜਸੀ ਧਿਰ ਦੀ ਮਦਦ ਨਹੀਂ ਕੀਤੀ ਗਈ ਸੀ। ਡੇਰਾ ਸੱਚਾ ਸੌਦਾ ਸਿਰਸਾ ਵੱਲੋਂ ਖੁੱਲ੍ਹੇ ਆਮ ਕਾਂਗਰਸ ਪਾਰਟੀ ਦੀ ਮਦਦ ਕੀਤੀ ਗਈ। ਡੇਰਾ ਪ੍ਰੇਮੀਆਂ ਦੀਆਂ ਵੋਟਾਂ ਇੱਕ ਪਾਸੜ ਜਾਣ ਕਰਕੇ ਅਕਾਲੀਆਂ ਦਾ ਗੜ੍ਹ ਮੰਨੇ ਜਾਂਦੇ ਮਾਲਵਾ ਖੇਤਰ ਵਿੱਚੋਂ ਕਾਂਗਰਸ ਨੂੰ ਵੱਡੀ ਜਿੱਤ ਹਾਸਲ ਹੋਈ ਸੀ ਭਾਵੇਂ ਕਿ ਮਾਝੇ ਅਤੇ ਦੁਆਬੇ ਦੇ ਲੋਕਾਂ ਨੇ ਅਕਾਲੀ ਭਾਜਪਾ ਗਠਜੋੜ ਦੀ ਸਰਕਾਰ ਬਣਾਉਣ ਦਾ ਫਤਵਾ ਦਿੱਤਾ ਤੇ ਇਹ ਸਰਕਾਰ ਲਗਾਤਾਰ ਦਸ ਸਾਲ ਚਲਦੀ ਰਹੀ। ਡੇਰਾ ਸਿਰਸਾ ਵੱਲੋਂ ਕਾਂਗਰਸ ਨੂੰ ਖੁੱਲ੍ਹੀ ਹਿਮਾਇਤ ਦੇਣ ਦੇ ਫੈਸਲੇ ਨੇ ਸਾਰੀਆਂ ਰਾਜਸੀ ਧਿਰਾਂ ਨੂੰ ਡੇਰਿਆਂ ਦੇ ਵਧ ਰਹੇ ਰਾਜਸੀ ਦਖਲ ਨੂੰ ਮਹਿਸੂਸ ਕਰਨ ਲਈ ਮਜਬੂਰ ਕਰ ਦਿੱਤਾ। ਸਾਰੀਆਂ ਰਾਜਸੀ ਧਿਰਾਂ ਦੇ ਵੱਡੇ ਆਗੂ ਇਹਨਾਂ ਡੇਰਿਆਂ ਦੇ ਸਮਾਗਮਾਂ 'ਤੇ ਜਾ ਕੇ ਹਾਜ਼ਰੀ ਲਵਾਉਣ ਨੂੰ ਤਰਜੀਹ ਦੇਣ ਲੱਗ ਪਏ। ਰਾਜਸੀ ਆਗੂਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਇਹਨਾਂ ਡੇਰਿਆਂ ਦੇ ਪ੍ਰਬੰਧਕਾਂ ਨਾਲ ਨੇੜਤਾ ਵਾਲੇ ਰਿਸ਼ਤੇ ਬਣਨੇ ਸ਼ੁਰੂ ਹੋ ਗਏ। ਰਾਜਨੀਤਕ ਫਾਇਦੇ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰਾਂ ਵੱਲੋਂ ਇਹਨਾਂ ਡੇਰਿਆਂ ਦੀ ਮੁਢਲੇ ਦਿਨਾਂ ਵਿੱਚ ਕੀਤੀ ਗਈ ਮਦਦ ਨਾਲ ਇਹ ਡੇਰੇ ਪ੍ਰਭਾਵਸ਼ਾਲੀ ਹੁੰਦੇ ਗਏ। ਡੇਰਿਆਂ ਦੇ ਸਮਾਗਮਾਂ 'ਤੇ ਜਾਣ ਵਾਲੇ ਸ਼ਰਧਾਲੂਆਂ ਨੂੰ ਆਮ ਤੌਰ 'ਤੇ ਪਰਮਾਤਮਾ ਦੇ ਨਾਲ ਜੋੜਨ ਦੀ ਸਿੱਖਿਆ ਹੀ ਦਿੱਤੀ ਜਾਂਦੀ ਹੈ। ਨਸ਼ੇ ਤੋਂ ਦੂਰ ਰਹਿਣ ਅਤੇ ਇਮਾਨਦਾਰੀ ਨਾਲ ਕੰਮ ਕਰਕੇ ਆਪਣੇ ਪਰਿਵਾਰ ਦੀ ਪਾਲਣਾ ਕਰਨ ਨੂੰ ਤਰਜੀਹ ਦੇਣ ਦੀ ਗੱਲ ਕੀਤੀ ਜਾਂਦੀ ਹੈ। ਡੇਰਿਆਂ ਦੇ ਪ੍ਰਬੰਧਕਾਂ ਵੱਲੋਂ ਰਾਜਨੀਤੀ ਨੂੰ ਪ੍ਰਭਾਵਿਤ ਕਰਨ ਵਾਲੀਆਂ ਗੱਲਾਂ ਦਾ ਆਮ ਤੌਰ 'ਤੇ ਭੋਲੇ ਭਾਲੇ ਸ਼ਰਧਾਲੂਆਂ ਨੂੰ ਕੋਈ ਪਤਾ ਨਹੀਂ ਹੁੰਦਾ।

ਚੋਣਾਂ ਤੋਂ ਬਾਅਦ ਸਰਕਾਰ ਬਣਾਉਣ ਵਾਲੀ ਰਾਜਸੀ ਧਿਰ ਵੱਲੋਂ ਵੋਟਾਂ ਸਮੇਂ ਵਿਰੋਧ ਕਰਨ ਵਾਲੇ ਡੇਰਿਆਂ ਦੇ ਪ੍ਰਬੰਧਕਾਂ ਨੂੰ ਕਈ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਜਦੋਂ ਵੀ ਚੋਣਾਂ ਆਉਂਦੀਆਂ ਨੇ ਤਾਂ ਇਸ ਮੌਕੇ ਡੇਰਾ ਸਿਰਸਾ ਦੇ ਮੁਖੀ ਨੂੰ ਹਰਿਆਣਾ ਦੀ ਭਾਜਪਾ ਸਰਕਾਰ ਦੀ ਸਿਫਾਰਸ਼ 'ਤੇ ਬਾਰ ਬਾਰ ਪੈਰੋਲ ਦੇਣ ਦੇ ਮਾਮਲੇ ਨੇ ਡੇਰਿਆਂ ਦੀ ਰਾਜਨੀਤਕ ਅਹਿਮੀਅਤ ਨੂੰ ਹੋਰ ਵੀ ਉਜਾਗਰ ਕਰ ਦਿੱਤਾ ਹੈ। ਰਾਜਨੀਤੀ ਕਰਨ ਵਾਲਿਆਂ ਨੂੰ ਵੋਟਾਂ ਦੀ ਲੋੜ ਹੁੰਦੀ ਹੈ ਤੇ ਡੇਰਿਆਂ ਦੇ ਪ੍ਰਬੰਧਕਾਂ ਨੂੰ ਸਰਕਾਰ ਨਾਲ ਨੇੜਤਾ ਦੀ। ਅੱਜ ਦੀ ਘੜੀ ਦੋਵੇਂ ਹੀ ਇੱਕ ਦੂਜੇ ਦੇ ਪੂਰਕ ਬਣੇ ਹੋਏ ਹਨ, ਅਰਥਾਤ ਦੋਵੇਂ ਹੀ ਕਿਸੇ ਨਾ ਕਿਸੇ ਰੂਪ ਵਿੱਚ ਇੱਕ ਦੂਜੇ ਦੇ ਪੂਰਕ ਅਤੇ ਗੁਲਾਮ ਹਨ। ਵੋਟਾਂ ਪੈਣ ਤੋਂ ਪਹਿਲਾਂ ਸਿਆਸਤ ਡੇਰਿਆਂ ਦੀ ਗੁਲਾਮ ਹੁੰਦੀ ਹੈ ਤੇ ਸਰਕਾਰ ਬਣਨ ਤੋਂ ਬਾਅਦ ਡੇਰੇ ਸਿਆਸਤ ਦੇ ਗੁਲਾਮ ਹੋ ਜਾਂਦੇ ਹਨ।

ਸਾਡੇ ਦੇਸ਼ ਵਿੱਚ ਧਾਰਮਿਕ ਆਸਥਾ ਅਤੇ ਜਾਤ ਦੇ ਅਸਰ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਮਨੁੱਖ ਦੀ ਫਿਤਰਤ ਹੈ ਕਿ ਉਹ ਰਾਜਸੱਤਾ ਦੇ ਨਾਲ ਨੇੜਲੇ ਸੰਬੰਧ ਬਣਾਕੇ ਸੁਰੱਖਿਅਤ ਮਹਿਸੂਸ ਕਰਦਾ ਹੈ। ਜਿਵੇਂ ਜਿਵੇਂ ਡੇਰਿਆਂ ਦੀ ਜਾਇਦਾਦ ਵਿੱਚ ਵਾਧਾ ਹੋਣ ਲਗਦਾ ਹੈ, ਤਿਵੇਂ ਤਿਵੇਂ ਡੇਰੇ ਦੇ ਮੁਖੀ ਨੂੰ ਜਾਂ ਫਿਰ ਪ੍ਰਬੰਧਕਾਂ ਨੂੰ ਸਰਕਾਰ ਨਾਲ ਨੇੜਤਾ ਦੀ ਲੋੜ ਹੋਰ ਵੱਧ ਮਹਿਸੂਸ ਹੋਣ ਲੱਗ ਪੈਂਦੀ ਹੈ। ਦੌਲਤ ਅਤੇ ਸ਼ੋਹਰਤ ਦਾ ਨਸ਼ਾ ਸਿਆਣੇ ਤੋਂ ਸਿਆਣੇ ਮਨੁੱਖ ਤੋਂ ਵੀ ਗਲਤੀਆਂ ਕਰਵਾ ਦਿੰਦਾ ਹੈ। ਗਲਤੀਆਂ ਹੋ ਜਾਣ ਨਾਲ ਮਨੁੱਖ ਦੇ ਅੰਦਰ ਡਰ ਪੈਦਾ ਹੋ ਜਾਂਦਾ ਹੈ। ਰਾਜਨੀਤਕ ਪਾਰਟੀਆਂ ਇਸ ਤਰ੍ਹਾਂ ਦੇ ਡਰ ਉੱਤੇ ਤਿੱਖੀ ਨਜ਼ਰ ਰੱਖਦੀਆਂ ਹਨ। ਰਾਜਸੀ ਆਗੂ ਡੇਰੇ ਦੇ ਮੁਖੀ ਜਾਂ ਪ੍ਰਬੰਧਕਾਂ ਨੂੰ ਇਸ ਤਰ੍ਹਾਂ ਦੀਆਂ ਗਲਤੀਆਂ ਕਰਕੇ ਹੀ ਰਾਜਸੱਤਾ ਦੀ ਗੁਲਾਮੀ ਕਰਨ ਲਈ ਮਜਬੂਰ ਕਰਦੇ ਹਨ। ਡੇਰਿਆਂ ਦੇ ਪ੍ਰਬੰਧਕਾਂ ਦੀ ਗੁੱਟਬੰਦੀ ਵੀ ਰਾਜਸੀ ਲੋਕਾਂ ਨੂੰ ਜ਼ਿਆਦਾ ਦਖਲ ਦੇਣ ਲਈ ਉਤਸ਼ਾਹਿਤ ਕਰਦੀ ਹੈ। ਜਿਹੜੇ ਡੇਰੇ ਦੇ ਮੁਖੀ ਕੋਲ ਵੱਡੇ ਰਾਜਸੀ ਆਗੂ ਅਤੇ ਵੱਡੇ ਪ੍ਰਸ਼ਾਸਨਿਕ ਅਧਿਕਾਰੀ ਵੱਡੀ ਗਿਣਤੀ ਵਿੱਚ ਆਉਣ ਲੱਗ ਜਾਂਦੇ ਹਨ, ਉਸ ਡੇਰੇ 'ਤੇ ਆਮ ਲੋਕਾਂ ਦੇ ਆਉਣ ਦੀ ਗਿਣਤੀ ਵੀ ਬਹੁਤ ਤੇਜ਼ੀ ਨਾਲ ਵਧ ਜਾਂਦੀ ਹੈ। ਆਮ ਲੋਕਾਂ ਨੂੰ ਤਾਂ ਇਹੀ ਲਗਦਾ ਹੈ ਕਿ ਸਿਆਸਤ ਕਰਨ ਵਾਲੇ ਵੱਡੇ ਵੱਡੇ ਆਗੂਆਂ ਨੂੰ ਵੀ ਬਾਬਿਆਂ ਕੋਲ ਆਕੇ ਨਤਮਸਤਕ ਹੋਣਾ ਪੈਂਦਾ ਹੈ, ਪਰ ਹਕੀਕਤ ਇਹ ਹੈ ਕਿ ਡੇਰਿਆਂ ਨੂੰ ਸਿਆਸਤ ਦੇ ਗੁਲਾਮ ਹੋ ਕੇ ਹੀ ਚੱਲਣਾ ਪੈਂਦਾ ਹੈ। ਜੇਕਰ ਡੇਰੇ ਸਿਆਸਤ ਦੇ ਅਨੁਸਾਰ ਨਹੀਂ ਚੱਲਦੇ ਤਾਂ ਫਿਰ ਉਹਨਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪੈ ਜਾਂਦਾ ਹੈ।

ਜਦੋਂ ਕਿਸੇ ਡੇਰੇ ਦੇ ਗੱਦੀਨਸ਼ੀਨ ਮੁਖੀ ਦੀ ਮੌਤ ਹੋ ਜਾਂਦੀ ਹੈ ਤਾਂ ਉਸਦੇ ਉੱਤਰਾਅਧਿਕਾਰੀ ਦੀ ਚੋਣ ਕਰਨ ਸਮੇਂ ਵੀ ਰਾਜਸੀ ਆਗੂਆਂ ਦਾ ਦਖਲ ਆਮ ਹੀ ਦੇਖਣ ਨੂੰ ਮਿਲ ਜਾਂਦਾ ਹੈ। ਮੌਜੂਦਾ ਸਮੇਂ ਪੰਜਾਬ ਦੇ ਇੱਕ ਡੇਰਾ ਮੁਖੀ ਦੀਆਂ ਸਰਗਰਮੀਆਂ ਆਮ ਲੋਕਾਂ ਦੀ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਇਸ ਡੇਰਾ ਮੁਖੀ ਦੀਆਂ ਸਰਗਰਮੀਆਂ ਅਧਿਆਤਮਿਕ ਦੀ ਥਾਂ ਸਿਆਸਤ ਤੋਂ ਜ਼ਿਆਦਾ ਪ੍ਰਭਾਵਿਤ ਨਜ਼ਰ ਆ ਰਹੀਆਂ ਹਨ। ਜਦੋਂ ਕੋਈ ਕਿਸੇ ਡੇਰੇ ਦਾ ਅਧਿਆਤਮਿਕ ਮੁਖੀ ਕਹਾਉਣ ਵਾਲਾ ਆਗੂ ਰਾਜਸੀ ਸਰਗਰਮੀਆਂ ਦੇ ਵੱਧ ਨੇੜੇ ਦਿਸਣ ਲੱਗ ਪਵੇ ਤਾਂ ਲੋਕ ਸਹਿਜੇ ਹੀ ਇਹ ਗੱਲ ਕਹਿਣ ਲਈ ਮਜਬੂਰ ਹੋ ਜਾਂਦੇ ਹਨ ਕਿ ਇਹ ਬਾਬਾ ਤਾਂ ਹੁਣ ਕਿਸੇ ਰਾਜਸੀ ਦਬਾਅ ਹੇਠ ਕੰਮ ਕਰ ਰਿਹਾ ਹੈ। ਇਸ ਲਈ ਅਸੀਂ ਸਹਿਜ ਸੁਭਾਅ ਹੀ ਇਹ ਸੋਚਣ ਲਈ ਮਜਬੂਰ ਹੋ ਜਾਂਦੇ ਹਾਂ ਕਿ ਸਿਆਸਤ ਅਤੇ ਡੇਰਿਆਂ ਵਿੱਚੋਂ ਕੌਣ ਕਿਸਦਾ ਗੁਲਾਮ ਹੈ?

ਸਫ਼ਾ 12 ਦਾ ਬਾਕੀ

ਸੰਗਰਾਦ ਸੂਰਜੀ ਬਿਕ੍ਰਮੀ ਦ੍ਰਿਕਗਿਣਤ ਵਾਲੀ ਹੋਣ ਕਰਕੇ ਇਸ ਸਾਲ ਇਹ ਦਿਹਾੜਾ 9 ਮੱਘਰ ਨੂੰ ਆਵੇਗਾ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸਾਰੇ ਦਿਹਾੜੇ ਇਕ ਕੈਲੰਡਰ ਮੁਤਾਬਕ ਕਿਉ ਨਹੀ ਮਨਾਏ ਜਾ ਸਕਦੇ? 8 ਫਰਵਰੀ 2013 ਨੂੰ ਜੋ ਵਿਗਾੜਿਆ ਹੋਇਆ ਕੈਲੰਡਰ ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਕੀਤਾ ਗਿਆ ਹੈ ਇਹ ਚੰਦਰ-ਸੂਰਜੀ ਬਿਕ੍ਰਮੀ, ਸੂਰਜੀ ਬਿਕ੍ਰਮੀ, ਨਾਨਕਸ਼ਾਹੀ ਅਤੇ ਸੀ: ਈ: ਕੈਲੰਡਰ ਦਾ ਮਿਲਗੋਭਾ ਹੈ। ਇਹ ਹੈ ਭਾਈ ਹਰਨਾਮ ਸਿੰਘ ਧੁੰਮਾ ਅਤੇ ਅਵਤਾਰ ਸਿੰਘ ਮੱਕੜ ਦੀ ਵਿਦਵਤਾ ਦਾ ਇਕ ਨਮੂਨਾ ਭਾਵ ਧੁਮੱਕੜਸ਼ਾਹੀ ਕੈਲੰਡਰ।

ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀ ਅਕਸਰ ਹੀ ਇਹ ਦਲੀਲ ਦਿੰਦੇ ਹਨ ਕਿ ਅਸੀਂ ਉਹ ਕੈਲੰਡਰ ਕਿਉਂ ਛੱਡੀਏ, ਜੋ ਗੁਰੂ ਕਾਲ 'ਚ ਲਾਗੂ ਸੀ। ਪਾਠਕਾਂ ਦੀ ਜਾਣਕਾਰੀ ਲਈ ਬੇਨਤੀ ਹੈ ਕਿ ਗੁਰੂ ਕਾਲ 'ਚ ਜਿਹੜਾ ਸੂਰਜੀ ਬਿਕ੍ਰਮੀ ਕੈਲੰਡਰ ਲਾਗੂ ਸੀ ਉਸ ਨੂੰ 'ਸੂਰਜੀ ਸਿਧਾਂਤ ਮੁਤਾਬਕ ਬਣਾਇਆ ਜਾਂਦਾ ਸੀ ਜਿਸ ਦੇ ਸਾਲ ਦੀ ਲੰਬਾਈ 365.25875 ਦਿਨ ਸੀ। 8 ਫਰਵਰੀ 2013 ਨੂੰ ਸ਼੍ਰੋਮਣੀ ਕਮੇਟੀ ਵੱਲੋਂ ਜੋ ਸੋਧਿਆ ਹੋਇਆ (ਅਸਲ 'ਚ ਵਿਗਾੜਿਆ ਹੋਇਆ) ਕੈਲੰਡਰ ਜਾਰੀ ਕੀਤਾ ਗਿਆ ਹੈ ਉਹ ਦ੍ਰਿਕਗਿਣਤ ਸਿਧਾਂਤ ਮੁਤਾਬਕ ਹੈ ਜਿਸ ਦੇ ਸਾਲ ਦੀ ਲੰਬਾਈ 365.25636 ਦਿਨ ਹੈ। ਨਵੰਬਰ 1964 ਵਿਚ ਹਿੰਦੂ ਵਿਦਵਾਨਾਂ ਦਾ ਇਕ ਸੰਮੇਲਨ, ਅੰਮ੍ਰਿਤਸਰ ਵਿਖੇ ਇਕ ਹੋਇਆ ਸੀ। ਇਸ ਇਕੱਤਰਤਾ ਵਿੱਚ ਹੋਈ ਵਿਚਾਰ ਚਰਚਾ 'ਚ ਦ੍ਰਿਕਗਿਣਤ ਸਿਧਾਂਤ ਵਾਲੇ ਸੂਰਜ ਸਿਧਾਂਤ ਵਾਲਿਆਂ ਤੇ ਹਾਵੀ ਰਹੇ ਸਨ। ਉਤਰੀ ਭਾਰਤ ਵਿਚ ਉਦੋਂ ਤੋਂ ਹੀ ਸੂਰਜ ਸਿਧਾਂਤ ਦੀ ਬਜਾਏ ਦ੍ਰਿਕਗਿਣਤ ਸਿਧਾਂਤ ਅਨੁਸਾਰ ਕੈਲੰਡਰ ਬਣਦੇ ਹਨ। ਇਥੇ ਹੋਰ ਸਵਾਲ ਪੈਦਾ ਹੁੰਦਾ ਹੈ ਕਿ ਜੇ ਪੁਰਾਤਨ ਰਵਾਇਤ ਹੀ ਰੱਖਣੀ ਹੈ ਤਾਂ ਸੂਰਜ ਸਿਧਾਂਤ ਨੂੰ ਛੱਡ ਕੇ ਦ੍ਰਿਕਗਿਣਤ ਸਿਧਾਂਤ ਕਿਓ ਅਪਨਾਇਆ ਗਿਆ ਹੈ?

ਖਾਲਸਾ ਜੀ ਜਾਗੋ! ਉਨ੍ਹਾਂ ਧਿਰਾਂ ਨੂੰ ਪਛਾਣੋ, ਜਿਹੜੀਆਂ ਧਿਰਾਂ ਗੁਰੂ ਕਾਲ 'ਚ ਪ੍ਰਚਲਤ ਕੈਲੰਡਰ ਵਿਚ, 1964 ਵਿੱਚ ਹਿੰਦੂ ਵਿਦਵਾਨਾਂ ਵੱਲੋਂ ਕੀਤੀ ਗਈ ਸੋਧ ਨੂੰ ਤਾਂ ਪ੍ਰਵਾਨ ਕਰਦੀਆਂ ਹਨ ਪਰ 2003 ਵਿੱਚ ਸਿੱਖ ਵਿਦਵਾਨਾਂ ਵੱਲੋਂ ਕੀਤੀ ਗਈ ਸੋਧ ਤੇ ਇਤਰਾਜ਼ ਕਰਦੀਆਂ ਹਨ। ਜੇ ਸੂਰਜੀ ਸਿਧਾਂਤ ਨੂੰ ਛੱਡ ਕਿ ਦ੍ਰਿਕ ਗਣਿਤ ਸਿਧਾਂਤ ਅਪਨਾਇਆ ਜਾਂ ਸਕਦਾ ਹੈ ਤਾਂ ਦ੍ਰਿਕ ਗਣਿਤ ਸਿਧਾਂਤ ਦੀ ਥਾਂ ਨਾਨਕਸ਼ਾਹੀ ਸਿਧਾਂਤ ਕਿਉ ਨਹੀ? ਕਿੰਨੀ ਹੈਰਾਨੀ ਦੀ ਗੱਲ ਹੈ ਜਿਹੜੀ ਗੱਲ ਰੋਮ ਵਾਸੀਆਂ ਨੂੰ ਸੋਲਵੀਂ ਸਦੀ 'ਚ ਸਮਝ ਆ ਗਈ ਸੀ ਕਿ ਸਾਡੇ ਕੈਲੰਡਰੀ ਸਾਲ ਦੀ ਲੰਬਾਈ (365.25 ਦਿਨ) ਮੌਸਮੀ ਸਾਲ ਦੀ ਲੰਬਾਈ (365.242196 ਦਿਨ) ਤੋਂ ਵੱਧ ਹੈ; ਇਹ ਗੱਲ ਸਿੱਖਾਂ ਨੂੰ ਇੱਕੀਵੀਂ ਸਦੀ ਵਿਚ ਵੀ ਸਮਝ ਨਹੀ ਆ ਰਹੀ।

# ਉਹੀ ਰਸਤਾ

ਲੇਖਕ : ਪਿਆਰਾ ਸਿੰਘ ਗੁਰਨੇ ਕਲਾਂ,
ਸੰਪਰਕ: 99156-21188

ਮੈਂ ਪੇਂਡੂ ਵਿਦਿਆਰਥੀ ਸੀ। ਬੀਏ ਵਿੱਚ ਮੱਥਾ ਗਣਿਤ ਵਰਗੇ ਔਖੇ ਵਿਸ਼ੇ ਨਾਲ ਲਾ ਲਿਆ। ਗਣਿਤ ਦੀ ਪੜ੍ਹਾਈ ਬਹੁਤ ਔਖੀ ਤੇ ਸਿਲੇਬਸ ਬਹੁਤ ਜ਼ਿਆਦਾ ਲੱਗਦਾ, ਟਿਊਸ਼ਨ ਬਿਨਾਂ ਸਰਦਾ ਨਹੀਂ ਸੀ। ਟਿਊਸ਼ਨ ਲਈ ਸੁਨੀਲ ਸਰ ਕੋਲ ਬੁਢਲਾਡੇ ਜਾਂਦਾ। ਉਨ੍ਹਾਂ ਕੋਲ ਸਵੇਰੇ ਸਾਢੇ ਪੰਜ ਵਾਲਾ ਬੈਚ ਮਿਲਿਆ। ਪਿੰਡੋਂ ਪੰਜ ਵਜੇ ਕੋਈ ਬੱਸ ਨਾ ਜਾਵੇ। ਪਿਤਾ ਨੇ ਸਾਈਕਲ ਲੈ ਦਿੱਤਾ। ਪਿੰਡੋਂ 5 ਵਜੇ ਚੱਲ ਪੈਂਦਾ। ਪੂਰੀ ਸਰਦੀ ਹੁੰਦੀ ਤੇ ਉੱਤੋਂ ਹਨੇਰਾ; ਬੱਸ, ਡਰਦਾ ਰੱਬ-ਰੱਬ ਕਰਦਾ। ਰਾਹ ਵਿੱਚ ਹੱਡਾ ਰੋੜੀ ਸੀ; ਖੂਨ, ਮਾਸ ਤੇ ਕੁੱਤੇ! ਬਹੁਤ ਡਰ ਲੱਗਦਾ। ਕਈਆਂ ਨੇ ਕਹਿਣਾ- ਬਿਆਸ ਘਰ ਕੋਲ ਭੂਤਾਂ ਦਾ ਡੇਰਾ ਹੈ। ਉਸ ਥਾਂ ਜਾ ਕੇ ਹੋਰ ਵੀ ਡਰ ਲੱਗਣਾ। ਜਦ ਵੀ ਕੋਈ ਆਵਾਜ਼ ਸੁਣਨੀ ਜਾਂ ਖੜਕਾ ਹੋਣਾ ਤਾਂ ਮੈਂ ਜਾਪ ਸ਼ੁਰੂ ਕਰ ਦੇਣਾ। ਪੜ੍ਹਾਈ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ! ਚੰਗੇ ਭਵਿੱਖ ਦਾ ਚਾਨਣ ਸਾਹਮਣੇ ਸਿਰਜਿਆ ਹੋਇਆ ਸੀ।... ... ਇਹ ਸਭ ਚੇਤੇ ਕਰਦਿਆਂ 1959 ਵਾਲੇ ਦੌਰ ਵਿੱਚ ਚਲਾ ਜਾਂਦਾ ਹਾਂ। ਇਸੇ ਕੱਚੇ ਰਸਤੇ 'ਤੇ ਮੇਰਾ ਪਿਓ ਤੁਰ ਕੇ ਬੁਢਲਾਡੇ ਪੜ੍ਹਨ ਜਾਂਦਾ। ਘਰੇ ਅੰਤਾਂ ਦੀ ਗਰੀਬੀ। ਪਿਤਾ ਸਣੇ 8 ਬੱਚੇ। ਘਰੇ ਭੰਗ ਭੁੱਜਦੀ। ਦਾਦਾ ਦੇਸ਼ 'ਚ ਕਾਮਰੇਡੀ ਰਾਹੀਂ ਕ੍ਰਾਂਤੀਆਂ ਲਿਆਉਣ ਦੇ ਰਾਹ ਤੁਰਿਆ ਰਹਿੰਦਾ। ਪਿਤਾ ਦੱਸਦੇ ਕਿ ਟੁੱਟੇ ਫਿੱਡੇ ਪੈਰਾਂ ਵਿੱਚ ਹੋਣੇ, ਕੱਚਾ ਰਾਹ ਤੇ ਰਸਤੇ ਵਿੱਚ ਰੇਤ ਦਾ ਟਿੱਬਾ। ਟਿੱਬਾ ਸ਼ੁਰੂ ਹੋਣ ਤੋਂ ਪਹਿਲਾਂ ਬੋਹੜ ਦਾ ਦਰਖ਼ਤ ਸੀ। ਪਿਤਾ ਪੜ੍ਹਾਈ ਦੇ ਨਾਲ-ਨਾਲ ਪਿਤਾ-ਪੁਰਖੀ, ਸਿਲਾਈ ਦਾ ਕਿੱਤਾ ਵੀ ਕਰਦਾ। ਕਿਤਾਬਾਂ ਵਾਲੇ ਝੋਲੇ ਵਿੱਚ ਰੱਸੀਆਂ ਪਾ ਲੈਣੀਆਂ। ਟਿੱਬਾ ਸ਼ੁਰੂ ਹੋਣ ਤੋਂ ਪਹਿਲਾਂ ਬੋਹੜ ਦੇ ਪੱਤੇ ਤੋੜ ਕੇ ਫਿੱਡਿਆਂ ਦੇ ਉੱਪਰ ਦੀ ਲਪੇਟ ਕੇ ਉੱਪਰੋਂ ਰੱਸੀਆਂ ਬੰਨ੍ਹ ਲੈਣੀਆਂ। ਫਿਰ ਵੀ ਕਿਤੋਂ ਮੋਰੀ ਵਿੱਚੋਂ ਰੇਤ ਪੈਰਾਂ 'ਤੇ ਪੈ ਜਾਣੀ ਤਾਂ ਛਾਲੇ ਹੋ ਜਾਣੇ ਪਰ ਪੜ੍ਹਾਈ ਦੀ ਲਗਨ ਛਾਲਿਆਂ ਦੇ ਦਰਦ ਤੋਂ ਵੱਡੀ ਸੀ। ਪਿਤਾ ਜੀ ਦੱਸਦੇ ਕਿ ਪਿੰਡ ਦੇ ਇੱਕ ਦੋ ਜਣੇ ਸਾਈਕਲ ਦੇ ਟੱਲੀਆਂ ਵਜਾ ਕੇ ਕੋਲੋਂ ਲੰਘਦੇ। ਅੰਤ ਉਨ੍ਹਾਂ ਦੀ ਅਮੀਰੀ ਹੀ ਉਨ੍ਹਾਂ ਨੂੰ ਲੈ ਬੈਠੀ। ਨਸ਼ੇ-ਪੱਤਿਆਂ 'ਤੇ ਲੱਗ ਗਏ ਤੇ ਜਲਦੀ ਹੀ ਦੁਨੀਆ ਤੋਂ ਰੁਖ਼ਸਤ ਹੋ ਗਏ। ਪਿਤਾ ਦਸਵੀਂ ਦੀ ਪ੍ਰੀਖਿਆ ਚੰਗੇ ਨੰਬਰਾਂ ਨਾਲ ਪਾਸ ਕਰ ਗਏ। ਗਣਿਤ ਉਨ੍ਹਾਂ ਨੂੰ ਬਹੁਤ ਆਉਂਦਾ ਸੀ।... ਮੈਂ ਵੀ ਉਸੇ ਰਸਤੇ ਡਰਦਾ-ਡਰਦਾ ਰੋਜ਼ ਲੰਘਦਾ। ਸੁਨੀਲ ਸਰ ਦੀ ਮਾਤਾ ਨੇ ਮੈਨੂੰ ਵੀ ਚਾਹ ਦਾ ਕੱਪ ਦੇਣਾ, ਕਹਿਣਾ, "ਜਵਾਕ ਠੰਢ 'ਚੋਂ ਆਇਆ।" ਉੱਥੋਂ ਘਰੇ ਆ ਕੇ ਕਾਹਲੀ-ਕਾਹਲੀ ਕਾਲਜ ਜਾਣਾ। ਕਈ ਵਾਰ ਸਾਰਾ ਦਿਨ ਭੁੱਖੇ ਰਹਿਣਾ ਪੈਂਦਾ, ਸ਼ਾਮ ਨੂੰ ਘਰੇ ਜਾ ਕੇ ਰੋਟੀ ਮਿਲਦੀ। ਪਿਤਾ ਸਖ਼ਤ ਬਹੁਤ ਸਨ, ਕਦੀ ਇੱਕ ਰੁਪਈਆ ਵੀ ਫਾਲਤੂ ਨਹੀਂ ਸੀ ਦਿੰਦੇ। ਉਨ੍ਹਾਂ ਦੀ ਧਾਰਨਾ ਸੀ ਕਿ ਫਾਲਤੂ ਪੈਸੇ ਨਾਲ ਬੱਚੇ ਵਿਗੜ ਜਾਂਦੇ ਹਨ। ਨਾਲ ਦੇ ਮੁੰਡੇ ਕੰਟੀਨ 'ਚ ਚਾਹ ਪੀਂਦੇ ਤੇ ਨਾਲ ਕੁਝ ਨਾ ਕੁਝ ਖਾ ਲੈਂਦੇ। ਮੇਰੇ ਲਈ ਇਹ ਮੌਕਾ ਮਹੀਨੇ 'ਚ ਇਕ ਅੱਧੀ ਵਾਰ ਹੀ ਆਉਂਦਾ। ਦਸਵੀਂ ਮਗਰੋਂ ਪਿਤਾ ਜੀ ਨੂੰ ਨੌਕਰੀ ਮਿਲੀ ਪਰ ਘਰ ਦੀ ਗਰੀਬੀ ਅੜਿੱਕਾ ਬਣ ਜਾਂਦੀ। ਤਾਇਆ ਕਹਿ ਦਿੰਦਾ ਕਿ ਕੰਮ ਕਰ। ਉਹ ਘਰ ਦਾ ਮੋਢੀ ਸੀ। ਦਾਦੇ ਦੀ ਕੁੱਟ ਦੇ ਸਤਾਏ ਮੇਰੇ ਦੋ ਤਾਏ ਕਲਕੱਤੇ ਚਲੇ ਗਏ। ਤਾਇਆ ਤੇ ਚਾਚਾ ਪਿੰਡੋ-ਪਿੰਡ ਡੰਗੀ ਵੇਚਦੇ ਤੇ ਪਿਤਾ ਘਰੇ ਕੱਪੜੇ ਸਿਉਂਦਾ। ਜਿੰਨੇ ਪੈਸੇ ਵੱਟੇ ਜਾਂਦੇ, ਤਾਏ ਅੱਗੇ ਢੇਰੀ ਕਰ ਦਿੰਦੇ।... ਪਿਤਾ ਦੀ ਪ੍ਰਾਇਮਰੀ ਅਧਿਆਪਕ ਬਣਨ ਦੀ ਇੱਛਾ ਮੈਂ 1998 ਵਿੱਚ ਪੂਰੀ ਕੀਤੀ। ਗਣਿਤ ਵਿੱਚ ਪਿਤਾ ਦੇ ਹੁਸ਼ਿਆਰ ਹੋਣ ਦਾ 2006 ਵਿੱਚ ਗਣਿਤ ਮਾਸਟਰ ਬਣ ਕੇ ਸੁਫ਼ਨਾ ਪੂਰਾ ਕੀਤਾ। ਬਹੁਤ ਵਾਰ ਸੋਚਦਾ-ਸੋਚਦਾ ਉਸੇ ਰਸਤੇ 'ਤੇ ਚਲਾ ਜਾਂਦਾ ਹਾਂ। ਪਿਤਾ ਵੀ ਟਿੱਬਾ ਪਾਰ ਕਰਦਾ ਸੀ ਤੇ ਮੈਂ ਵੀ। ਉਹੀ ਰਸਤਾ ਆਖ਼ਿਰਕਾਰ ਸਫਲਤਾ ਤੱਕ ਲੈ ਗਿਆ। ਪਿਤਾ ਸਫਲ ਪਿਤਾ ਸਿੱਧ ਹੋਇਆ। ਮੈਂ ਨਾਨਕੇ ਦਾਦਕੇ ਪਰਿਵਾਰ ਵਿੱਚ ਪਹਿਲਾ ਅਧਿਆਪਕ ਬਣਿਆ... ਪਿਤਾ ਦਾ ਅਧਿਆਪਕ ਬਣਨੋਂ ਰਹਿ ਜਾਣਾ ਮੇਰੇ ਅੰਦਰ ਅਧਿਆਪਕ ਬਣਨ ਲਈ ਸਿਸਕੀਆਂ ਲੈ ਰਿਹਾ ਸੀ। ਉਹੀ ਰਸਤਾ ਔਕੜਾਂ ਕਰ ਕੇ ਮੇਰੀ ਅਤੇ ਪਿਤਾ ਦੀ ਸਫਲਤਾ ਦਾ ਗਵਾਹ ਬਣਿਆ ਰਹੇਗਾ ਅਤੇ ਰਾਹ ਦਸੇਰਾ ਵੀ।

# ਕਿਸਾਨਾਂ ਦੀਆਂ ਮੰਗਾਂ ਪ੍ਰਤੀ ਬੇਰੁਖ਼ੀ ਕਿਉਂ?

ਲੇਖਕ : ਡਾ. ਮੋਹਨ ਸਿੰਘ
ਸੰਪਰਕ: 78883-27695



ਇਸ ਵੇਲੇ ਪੰਜਾਬ ਦੇ ਕਿਸਾਨ ਅਤੇ ਸੂਬਾ ਸਰਕਾਰ ਆਹਮੋ-ਸਾਹਮਣੇ ਆ ਗਏ ਹਨ। ਸੰਯੁਕਤ ਕਿਸਾਨ ਮੋਰਚਾ (ਐੱਸਕੇਐੱਮ) ਨੇ ਕਿਸਾਨਾਂ ਦੀਆਂ ਚਿਰਾਂ ਤੋਂ ਲਟਕ ਰਹੀਆਂ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਵਿਰੁੱਧ 5 ਮਾਰਚ ਨੂੰ ਚੰਡੀਗੜ੍ਹ ਪੱਕਾ ਧਰਨਾ ਲਾਉਣ ਦਾ ਐਲਾਨ ਕੀਤਾ ਸੀ। ਇਸ ਸਬੰਧੀ ਮੁੱਢਲੀ ਗੱਲਬਾਤ ਲਈ ਸਰਕਾਰ ਅਤੇ ਐੱਸਕੇਐੱਮ ਦੇ ਆਗੂਆਂ ਵਿਚਕਾਰ 3 ਮਾਰਚ ਨੂੰ ਮੀਟਿੰਗ ਹੋਈ।

ਮੀਟਿੰਗ ਤੋਂ ਪਹਿਲਾਂ ਕਿਸਾਨ ਆਗੂਆਂ ਨੇ ਸਰਕਾਰ ਨੂੰ ਕਿਸਾਨਾਂ ਦੀਆਂ 18 ਮੰਗਾਂ ਦਾ ਮੰਗ ਪੱਤਰ ਸੌਂਪਿਆ ਪਰ ਪੰਜਾਬ ਸਰਕਾਰ ਨੇ ਮੀਟਿੰਗ ਤੋਂ ਪਹਿਲਾਂ ਹੀ ਭੰਡੀ ਪ੍ਰਚਾਰ ਮੁਹਿੰਮ ਰਾਹੀਂ ਕਿਸਾਨਾਂ ਨੂੰ ਰੇਲਾਂ, ਸੜਕਾਂ ਅਤੇ ਕੌਮੀ ਮੁੱਖ ਮਾਰਗਾਂ ਨੂੰ ਰੋਕਣ ਵਾਲੇ ਗਰਦਾਨ ਕੇ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ; ਨਾਲ ਦੀ ਨਾਲ ਕਿਸਾਨਾਂ ਦੀ ਹਰ ਮੰਗ ਮੰਨਣ ਲਈ ਗੱਲਬਾਤ ਦੇ ਦਰਵਾਜ਼ੇ ਖੁੱਲ੍ਹੇ ਹੋਣ ਬਾਰੇ ਵੀ ਕਿਹਾ ਅਤੇ ਕਿਸਾਨਾਂ ਨੂੰ ਪਰਚਾਉਣ ਦੀ ਕੋਸ਼ਿਸ਼ ਕੀਤੀ। ਐੱਸਕੇਐੱਮ ਨੇ ਪੱਕੇ ਧਰਨੇ ਤੋਂ ਪਹਿਲਾਂ 3 ਮਾਰਚ ਨੂੰ ਸਰਕਾਰ ਨਾਲ ਮੁੱਢਲੀ ਮੀਟਿੰਗ ਰੱਖੀ ਸੀ ਅਤੇ ਇਸ ਮੀਟਿੰਗ ਵਿੱਚ 8-9 ਮੰਗਾਂ ’ਤੇ ਗੱਲਬਾਤ ਚੱਲਣ ਤੋਂ ਬਾਅਦ ਇਹ ਮੀਟਿੰਗ ਬੇਸਿੱਟਾ ਰਹੀ।

ਦਰਅਸਲ, ਦੋਹਾਂ ਧਿਰਾਂ ਵਿਚਕਾਰ ਦੋ ਘੰਟੇ ਗੱਲਬਾਤ ਚੱਲੀ ਅਤੇ ਕਿਸਾਨਾਂ ਦੀਆਂ ਲਗਭਗ ਅੱਧੀਆਂ ਮੰਗਾਂ ’ਤੇ ਮੁੱਖ ਮੰਤਰੀ ਨੇ ਚੰਗੇ ਮਾਹੌਲ ਵਿੱਚ ਗੱਲਬਾਤ ਕਰ ਲਈ ਸੀ ਪਰ ਇਸ ਤੋਂ ਬਾਅਦ ਮੁੱਖ ਮੰਤਰੀ ਨੇ ਕਿਸਾਨ ਆਗੂਆਂ ਨੂੰ ਪੱਕਾ ਧਰਨਾ ਲਾਉਣ ਬਾਰੇ ਪੁੱਛ ਲਿਆ ਕਿ ਕੀ ਉਹ ਪੱਕਾ ਧਰਨਾ ਹਰ ਹਾਲਤ ਲਾਉਣਗੇ? ਆਮ ਤੌਰ ’ਤੇ ਅਜਿਹੇ ਸਵਾਲ ਮੀਟਿੰਗ ਸਮੇਟਣ ਸਮੇਂ ਕੀਤੇ ਜਾਂਦੇ ਹਨ ਅਤੇ ਮੀਟਿੰਗ ਵਿੱਚ ਸ਼ਾਮਲ ਧਿਰਾਂ ਆਪਸੀ ਵਿਚਾਰ-ਵਟਾਂਦਰੇ ਬਾਅਦ ਹੀ ਭਵਿੱਖ ਦੇ ਪ੍ਰੋਗਰਾਮ ਬਾਰੇ ਕੁਝ ਦੱਸ ਸਕਦੀਆਂ ਹਨ ਪਰ ਮੁੱਖ ਮੰਤਰੀ ਭਗਵੰਤ ਮਾਨ ਨੇ ਚੱਲਦੀ ਮੀਟਿੰਗਾਂ ਦੌਰਾਨ ਹੀ ਐੱਸਕੇਐੱਮ ਆਗੂਆਂ ਤੋਂ ਉਨ੍ਹਾਂ ਦੇ ਅਗਲੇ ਪ੍ਰੋਗਰਾਮ ਬਾਰੇ ਪੁੱਛਣਾ ਸ਼ੁਰੂ ਕਰ ਦਿੱਤਾ ਅਤੇ ਐੱਸਕੇਐੱਮ ਦੇ ਅਗਲੇ ਫ਼ੈਸਲੇ ਤੋਂ ਪਹਿਲਾਂ ਹੀ ਕਹਿਣਾ ਸ਼ੁਰੂ ਕਰ ਦਿੱਤਾ ਕਿ ਰੇਲਾਂ ਰੋਕਣ ਅਤੇ ਆਵਾਜਾਈ ਵਿੱਚ ਵਿਘਨ ਪਾਉਣ ਨਾਲ ਪੰਜਾਬ ਦਾ ਮਾਹੌਲ ਮਾੜੇ ਰੁਖ਼ ਪ੍ਰਭਾਵਿਤ ਹੁੰਦਾ ਹੈ। ਫਿਰ ਉਹ ਅਚਾਨਕ ਡਾਕਟਰ ਨੂੰ ਅੱਖਾਂ ਦਿਖਾਉਣ ਦਾ ਕਹਿ ਕੇ ਮੀਟਿੰਗ ਵਿਚਾਲੇ ਛੱਡ ਕੇ ਚਲੇ ਗਏ।

ਨਾਲ ਹੀ ਉਨ੍ਹਾਂ ਗੱਲਬਾਤ ਦੌਰਾਨ ਜਿਹੜੀਆਂ ਮੰਗਾਂ ਮੰਨਣ ਲਈ ਸਹਿਮਤੀ ਦਿੱਤੀ ਸੀ, ਉਹ ਵੀ ਰੱਦ ਕਰ ਦਿੱਤੀ। ਇਉਂ ਮੁੱਖ ਮੰਤਰੀ ਦਾ ਵਿਹਾਰ ਪਰਿਪੱਕ ਆਗੂ ਵਾਲਾ ਨਹੀਂ ਸੀ ਅਤੇ ਉਨ੍ਹਾਂ ਪੰਜਾਬ ਸਰਕਾਰ ਅਤੇ ਕਿਸਾਨ ਆਗੂਆਂ ਨੂੰ ਕਸੂਤੀ ਸਥਿਤੀ ਵਿੱਚ ਫਸਾ ਦਿੱਤਾ ਤੇ ਚੰਗੇ ਮਾਹੌਲ ਵਿੱਚ ਹੋ ਰਹੀ ਮੀਟਿੰਗ ਨਿਰਾਰਥਕ ਬਣਾ ਦਿੱਤੀ। ਇਉਂ ਦੋਹਾਂ ਧਿਰਾਂ ਨੂੰ ਆਹਮੋ-ਸਾਹਮਣੇ ਖੜ੍ਹੇ ਕਰ ਦਿੱਤਾ।

ਅਸਲ ਵਿੱਚ, ਸੱਤਾ ਵਿਚ ਆਉਣ ਤੋਂ ਬਾਅਦ ਭਗਵੰਤ ਮਾਨ ਨੇ ਕਿਸਾਨਾਂ ਦੇ ਅੰਨਦਾਤੇ ਹੋਣ ਦੀ ਥਾਂ ਕਿਸਾਨਾਂ ਬਾਰੇ ਧਰਨੇ ਲਾਉਣ, ਰੇਲਾਂ ਰੋਕਣ ਅਤੇ ਆਵਾਜਾਈ ਵਿੱਚ ਵਿਘਨ ਪਾਉਣ ਵਾਲਿਆਂ ਵਾਲਾ ਬਾਰੇ ਨਜ਼ਰੀਆ ਬਣਾ ਲਿਆ। ਭਗਵੰਤ ਮਾਨ ਸਰਕਾਰ ਮੁਤਾਬਿਕ, ਪੰਜਾਬ ਅੰਦਰ ਕਿਸਾਨ ਅੰਦੋਲਨ ਅਤੇ ਕਿਸਾਨ ਜਥੇਬੰਦੀਆਂ ਵਿੱਚ ਸਮਾਜ ਵਿਰੋਧੀ ਤੱਤ ਸਰਗਰਮ ਹੋ ਗਏ ਹਨ, ਪੰਜਾਬ ਵਿੱਚ ਕਿਸਾਨ ਜੱਥੇਬੰਦੀਆਂ ਦੀ ਗਿਣਤੀ ਵਧ ਰਹੀ ਹੈ।

ਅਜਿਹਾ ਇਸ ਕਰ ਕੇ ਹੈ ਕਿਉਂਕਿ ਕੁਝ ਕਿਸਾਨ ਆਗੂਆਂ ਲਈ ਕਿਸਾਨ ਸੰਘਰਸ਼ ਕਮਾਈ ਦਾ ਸਾਧਨ ਬਣ ਗਿਆ ਹੈ। ਮੀਡੀਆ ਵਿੱਚ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਪੰਜਾਬ ਦੇ ਮੋਹਰੀ ਕਿਸਾਨ ਆਗੂਆਂ ਨੂੰ ਸਮਝਣ ਦੀ ਲੋੜ ਹੈ ਕਿ ਉਹ ਕਿਸਾਨ ਜਥੇਬੰਦੀਆਂ ਅੰਦਰ ਸਮਾਜ ਵਿਰੋਧੀ ਅਨਸਰਾਂ ਦੀ ਪਛਾਣ ਕਰਨ ਅਤੇ ਇਨ੍ਹਾਂ ਨੂੰ ਕਿਸਾਨ ਮੋਰਚਿਆਂ ’ਚੋਂ ਲਾਂਭੇ ਕਰ ਦੇਣ ਕਿਉਂਕਿ ਅਜਿਹਾ ਕਰਨ ਤੋਂ ਬਿਨਾਂ ਕਿਸਾਨ ਜਥੇਬੰਦੀਆਂ ਆਪਣਾ ਇਤਿਹਾਸਕ ਰੋਲ ਪੂਰਾ ਨਹੀਂ ਕਰ ਸਕਦੀਆਂ। ਅਸਲ ਵਿੱਚ, ਪੰਜਾਬ ਅੰਦਰ ਕਿਸਾਨ ਵਿਰੋਧੀ ਅਨਸਰ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਅਜਿਹਾ ਪ੍ਰਾਪੇਗੰਡਾ ਵਧਾ ਚੜ੍ਹਾ ਕੇ ਕਰ ਰਹੇ ਹਨ। ਉਂਝ, ਇਸ ਪ੍ਰਚਾਰ ਦਾ ਨੋਟਿਸ ਲੈ ਕੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਆਪਣੇ ਕੰਮ ਢੰਗ ਨੂੰ ਸੁਧਾਰਨ ਦੀ ਜ਼ਰੂਰਤ ਹੈ।

ਐੱਸਕੇਐੱਮ ਨੇ 3 ਮਾਰਚ ਦੀ ਮੀਟਿੰਗ ਤੋਂ ਪਹਿਲਾਂ ਪੰਜਾਬ ਸਰਕਾਰ ਅੱਗੇ 18 ਮੰਗਾਂ ਵਾਲਾ ਜਿਹੜਾ ਮੰਗ ਪੱਤਰ ਪੇਸ਼ ਕੀਤਾ ਸੀ, ਉਸ ਵਿਚ ਅਹਿਮ ਮੰਗ ਨਵੀਂ ਖੇਤੀ ਨੀਤੀ-2023 ਲਾਗੂ ਕਰਨਾ, ਘੱਟੋ-ਘੱਟ ਸਮਰਥਨ ਮੁੱਲ ਲਈ ਗਾਰੰਟੀ ਕਾਨੂੰਨ ਬਣਾਉਣਾ, ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨਾ, ਕਿਸਾਨਾਂ ਮਜ਼ਦੂਰਾਂ ਸਿਰ ਚੜ੍ਹੇ ਕਰਜ਼ੇ ਮੁਆਫ਼ ਕਰਨਾ, ਯੂਪੀਏ ਸਰਕਾਰ ਸਮੇਂ ਪਾਸ ਕੀਤਾ ਭੂਮੀ ਗ੍ਰਹਿਣ ਕਾਨੂੰਨ ਲਾਗੂ ਕਰਨਾ, ਲਖੀਮਪੁਰ ਖੇੜੀ ਦੇ ਦੋਸ਼ੀਆਂ ਖਿਲਾਫ਼ ਸਖਤ ਕਾਰਵਾਈ ਲਈ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਨਾਲ ਗੱਲਬਾਤ ਕਰਨਾ, ਘੋਲ ਦੌਰਾਨ ਕਿਸਾਨਾਂ ’ਤੇ ਬਣੇ ਕੇਸਾਂ ਦੀ ਪੁਖਤਾ ਪੈਰਵੀ ਕਰਨਾ, ਨਕਲੀ ਬੀਜ ਤੇ ਕੀਟਨਾਸ਼ਕ ਵੇਚਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਕਾਨੂੰਨ ਬਣਾਉਣਾ, ਮਗਨਰੇਗਾ ਤਹਿਤ ਮਜ਼ਦੂਰਾਂ ਨੂੰ ਹਰ ਸਾਲ 200 ਦਿਨ ਕੰਮ ਦੇਣਾ ਤੇ ਉਨ੍ਹਾਂ ਦੀ ਦਿਹਾੜੀ 700 ਰੁਪਏ ਕਰਨਾ, ਬਿਜਲੀ ਸੋਧ ਬਿਲ-2020 ਰੱਦ ਕਰਨਾ, ਅਵਾਰਾ ਪਸ਼ੂਆਂ ਦਾ ਪ੍ਰਬੰਧ ਕਰਨਾ, ਬਿਨਾਂ ਰੌਲੇ ਵਾਲੀ ਜ਼ਮੀਨ ਦੀ ਜਲਦੀ ਤਕਸੀਮ ਕਰਨਾ, ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ’ਤੇ ਦਰਜ ਹੋਏ ਕੇਸ ਰੱਦ ਕਰਾਉਣਾ, ਪ੍ਰਧਾਨ ਮੰਤਰੀ ਦੇ ਪੰਜਾਬ ਦੌਰੇ ਦੌਰਾਨ ਕਿਸਾਨਾਂ ’ਤੇ ਦਰਜ ਕੀਤੇ ਕੇਸ ਰੱਦ ਕਰਨਾ ਆਦਿ ਮੰਗਾਂ ਸ਼ਾਮਿਲ ਸਨ।

ਹੁਣ ਹਕੀਕਤ ਇਹ ਹੈ ਕਿ ਭਗਵੰਤ ਮਾਨ ਸਰਕਾਰ ਪੰਜਾਬ ਅੰਦਰ ਭ੍ਰਿਸ਼ਟਾਚਾਰ ਤੇ ਨਸ਼ਾ ਮੁਕਤ ਅਤੇ ਸਾਫ਼ ਸੁਥਰਾ ਪ੍ਰਸ਼ਾਸਨ ਨਹੀਂ ਦੇ ਸਕੀ। ਆਮ ਆਦਮੀ ਪਾਰਟੀ ਦੀ ਇਸ ਸਰਕਾਰ ਦੀ ਪਿਛਲੇ ਤਿੰਨ ਸਾਲਾਂ ਅੰਦਰ ਢਿੱਲੀ ਕਾਰਗੁਜ਼ਾਰੀ, ਡਾਵਾਂਡੋਲ ਕਾਨੂੰਨ ਵਿਵਸਥਾ, ਨਸ਼ਾ ਤਸਕਰੀ, ਰੇਤ ਤੇ ਬਜਰੀ ਅੰਦਰ ਧਾਂਦਲੀਆਂ ਨੇ ਸਰਕਾਰ ਨੂੰ ਬੁਰੀ ਤਰ੍ਹਾਂ ਬਦਨਾਮ ਕਰ ਦਿੱਤਾ ਹੈ। ਪੰਜਾਬ ਹੁਣ ਮੁਲਕ ਅੰਦਰ ਸਭ ਤੋਂ ਵੱਧ ਕਰਜ਼ਈ ਰਾਜਾਂ ਵਿੱਚ ਸ਼ੁਮਾਰ ਹੋ ਗਿਆ ਹੈ।

ਤੱਥ ਬੋਲਦੇ ਹਨ ਕਿ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਨਾਲ ਇਸ ਪਾਰਟੀ ਦੇ ‘ਦਿੱਲੀ ਮਾਡਲ’ ਦੀ ਹਕੀਕਤ ਲੋਕਾਂ ਸਾਹਮਣੇ ਆ ਗਈ ਹੈ ਅਤੇ ਹੁਣ ਇਸ ਦੇ ਸੇਕ ਕਾਰਨ ਸਰਕਾਰ ਪੰਜਾਬ ਅੰਦਰ ਨਸ਼ਾ ਤਸਕਰੀ ਨਾਲ ਨਜਿੱਠਣ ਲਈ ਯੂਪੀ ਦੇ ਬੁਲਡੋਜ਼ਰ ਮਾਡਲ ਉੱਤੇ ਉੱਤਰ ਆਈ ਹੈ। ਪੰਜਾਬ ਅੰਦਰ ਛੋਟੇ-ਮੋਟੇ ਨਸ਼ਾ ਤਸਕਰਾਂ ਦੇ ਘਰ ਢਾਹੇ ਜਾ ਰਹੇ ਹਨ ਪਰ ਪੰਜਾਬ ਅੰਦਰ ਨਸ਼ਾ ਤਸਕਰੀ ਨੂੰ ਨੱਥ ਨਹੀਂ ਪੈ ਰਹੀ।

ਉਧਰ, ਸੂਬੇ ਦੀ ਰਾਜ ਮਸ਼ੀਨਰੀ ਨੂੰ ਚੁਸਤ-ਦਰੁਸਤ ਕਰਨ ਲਈ ਮੁੱਖ ਮੰਤਰੀ ਨੇ ਤਹਿਸੀਲਦਾਰਾਂ ਦੀ ਹੜਤਾਲ ਖ਼ਤਮ ਕਰਾਉਣ ਲਈ ਸਖ਼ਤੀ ਵਰਤੀ ਹੈ। ਇਸੇ ਸਰਕਾਰ ਨੇ ਸੰਯੁਕਤ ਕਿਸਾਨ ਮੋਰਚੇ ਦੇ 5 ਮਾਰਚ ਵਾਲੇ ਧਰਨੇ ਨੂੰ ਨਾਕਾਮ ਕਰਨ ਲਈਆਂ ਧਮਕੀਆਂ ਤੱਕ ਦਿੱਤੀਆਂ ਅਤੇ ਸੈਂਕੜੇ ਕਿਸਾਨ ਆਗੂਆਂ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ। ਲੋਕਾਂ ਉਪਰ ਦਹਿਸ਼ਤ ਪਾਉਣ ਲਈ ਪੰਜਾਬ ਦੀਆਂ ਸਮੁੱਚੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੇ ਘਰਾਂ ਉਪਰ ਛਾਪੇ ਮਾਰੇ। ਸਰਕਾਰ ਨੇ ਸਾਰੇ ਸੂਬੇ ਨੂੰ ਪੁਲੀਸ ਰਾਜ ਵਿੱਚ ਤਬਦੀਲ ਕਰ ਦਿੱਤਾ ਹੈ।

ਉੱਧਰ, ਕਿਸਾਨਾਂ ਦੀਆਂ ਇਨ੍ਹਾਂ ਮੰਗਾਂ ਨੂੰ ਲੈ ਕੇ ਖਨੌਰੀ ਵਿੱਚ ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ ਵਾਲਾ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਸ਼ੰਭੂ ਵਿਚ ਸਰਵਣ ਸਿੰਘ ਪੰਧੇਰ ਦੀ ਅਗਵਾਈ ਹੇਠ ਕਿਸਾਨ ਮਜ਼ਦੂਰ ਮੋਰਚਾ ਲਾਈ ਬੈਠੇ ਹਨ।

ਇਉਂ ਹੁਣ ਪੰਜਾਬ ਦੇ ਕਿਸਾਨ ਅਤੇ ਪੰਜਾਬ ਸਰਕਾਰ ਇੱਕ ਦੂਜੇ ਦੇ ਆਹਮੋ-ਸਾਹਮਣੇ ਹੋ ਗਈਆਂ ਹਨ ਅਤੇ ਹਾਲ ਦੀ ਘੜੀ ਇਨ੍ਹਾਂ ਵਿਚਕਾਰ ਕੋਈ ਸਾਲਸੀ ਵੀ ਮੌਜੂਦ ਨਹੀਂ ਹੈ। ਫ਼ਿਲਹਾਲ ਸੰਯੁਕਤ ਕਿਸਾਨ ਮੋਰਚੇ ਅਤੇ ਪੰਜਾਬ ਸਰਕਾਰ ਵਿਚਕਾਰ ਗੱਲਬਾਤ ਦੀ ਕੋਈ ਸੰਭਾਵਨਾ ਵੀ ਨਹੀਂ ਹੈ।

# ਸਫ਼ਰ



ਲੇਖਕ : ਰੂਪ ਲਾਲ ਰੂਪ
ਸੰਪਰਕ: 94652-25722

ਅਰਥ ਤੇ ਅੰਕੜਾ ਵਿਭਾਗ ਪੰਜਾਬ ਵਿਚ ਖੇਤਰ ਸਹਾਇਕ ਵਜੋਂ ਮੇਰੀ ਨਿਯੁਕਤੀ 1978 ਵਿੱਚ ਤਲਵਾੜਾ (ਹੁਸ਼ਿਆਰਪੁਰ) ਵਿੱਚ ਹੋਈ। ਮੁੱਖ ਮੰਤਰੀ ਲਛਮਣ ਸਿੰਘ ਗਿੱਲ ਦੇ ਸਮੇਂ ਤੋਂ ਪੰਜ ਦਿਨ ਦਾ ਹਫ਼ਤਾ ਲਾਗੂ ਹੋਣ ਕਾਰਨ ਦਫਤਰਾਂ ਵਿਚ ਸ਼ਨਿੱਚਰਵਾਰ ਤੇ ਐਤਵਾਰ ਦੀ ਛੁੱਟੀ ਹੁੰਦੀ ਸੀ, ਇਸ ਲਈ ਸ਼ੁੱਕਰਵਾਰ ਨੱਬੇ ਕਿਲੋਮੀਟਰ ਦਾ ਸਫ਼ਰ ਤੈਅ ਕਰ ਕੇ ਆਪਣੇ ਪਿੰਡ ਭੇਲਾਂ (ਜਲੰਧਰ) ਪੁੱਜਦਾ ਸਾਂ।

ਗੱਲ ਸਤੰਬਰ ਦੀ ਹੈ। ਤਲਵਾੜੇ ਤੋਂ ਜਲੰਧਰ ਲਈ 4.40 ਵਾਲੀ ਬੱਸ ਖੁੰਝ ਗਈ, ਮੁਕੇਰੀਆਂ ਤੱਕ ਟੁੱਟਵੀਂ ਬੱਸ ਲੈਣੀ ਪਈ। ਮੁਕੇਰੀਆਂ ਤੋਂ ਜਲੰਧਰ ਵੱਲ ਆਉਣ ਵਾਲੀਆਂ ਬੱਸਾਂ ਪਠਾਨਕੋਟ ਤੋਂ ਸਵਾਰੀਆਂ ਨਾਲ ਅੰਦਰੋਂ ਤੂਸੀਆਂ ਅਤੇ ਛੱਤਾਂ ਤੋਂ ਡੱਕੀਆਂ ਆ ਰਹੀਆਂ ਸਨ। ਪਲ-ਪਲ ਹਨੇਰਾ ਹੋ ਰਿਹਾ ਸੀ। ਦੋ ਤਿੰਨ ਬੱਸਾਂ ਲੰਘਾ ਕੇ ਆਖ਼ਿਰਕਾਰ ਭੋਗਪੁਰ ਤੱਕ ਛੱਤ ਉੱਤੇ ਹੀ ਸਫ਼ਰ ਕਰਨਾ ਪਿਆ। ਭੋਗਪੁਰ ਰੇਲਵੇ ਕਰਾਸਿੰਗ ਦੇ ਪਾਰ ਕਾਲੇ ਟੈਂਪੂਆਂ ਦਾ ਅੱਡਾ ਹੁੰਦਾ ਸੀ।

ਰਾਤ ਦੇ ਸਾਢੇ ਕੁ ਅੱਠ ਵੱਜ ਚੁੱਕੇ ਸਨ। ਆਦਮਪੁਰ ਲਈ ਆਖ਼ਿਰੀ ਟੈਂਪੂ ਜਾ ਚੁੱਕਾ ਸੀ। ਲਿਫਟ ਲੈਣ ਲਈ ਆਦਮਪੁਰ ਵਾਲੀ ਸੜਕ ’ਤੇ ਆਪਣੇ ਹੱਥ ਖੜ੍ਹ ਗਿਆ। ਇਕੱਲਾ ਹੀ ਸੀ। ਕੋਈ ਇਕ ਅੱਧੀ ਸਵਾਰੀ ਆਉਂਦੀ ਤਾਂ ’ਕੱਲਾ ਇਕ ਤੇ ਦੋ ਗਿਆਰਾਂ ਹੋਣ ਦਾ ਧਰਵਾਸ ਜਿਹਾ ਹੋਣ ਲੱਗਦਾ ਪਰ ਦੋ ਚਾਰ ਮਿੰਟ ਵਿਚ ਹੀ ਉਹ ਕਿਸੇ ਜਾਣਕਾਰ ਤੋਂ ਸਾਈਕਲ ਦੀ ਲਿਫਟ ਲੈ ਕੇ ਚਲਾ ਜਾਂਦਾ, ਮੈਂ ਫਿਰ ’ਕੱਲਾ ਰਹਿ ਜਾਂਦਾ।

ਅਸਲ ਵਿਚ ਸਾਈਕਲਾਂ ਵਾਲੇ ਲਾਗਲੇ ਪਿੰਡਾਂ ਦੇ ਹੁੰਦੇ ਸਨ। ਮੇਰਾ ਪਿੰਡ ਦੂਰ ਹੋਣ ਕਾਰਨ ਕੋਈ ਜਾਣਕਾਰ ਨਾ ਆਇਆ, ਨਾ ਹੀ ਕਿਸੇ ਆਉਣਾ ਸੀ। ਕੁਝ ਸਮੇਂ ਬਾਅਦ ਸਾਈਕਲਾਂ ਦੀ ਆਮਦ ਘਟ ਗਈ। ਸਕੂਟਰ ਉਦੋਂ ਟਾਵੇਂ ਹੀ ਹੁੰਦੇ ਸਨ। ਹਨੇਰਾ ਖਾਸਾ ਹੋ ਚੁੱਕਾ ਸੀ। ਸੁੰਨ-ਮਸਾਨ ਸੜਕ ’ਤੇ ਪੈਦਲ ਤੁਰਨਾ ਖ਼ਤਰੇ ਤੋਂ ਖਾਲੀ ਨਹੀਂ ਸੀ, ਇਸ ਲਈ ਤੁਰਨ ਦਾ ਹੌਸਲਾ ਨਾ ਪਿਆ। ਸਵਾ ਕੁ ਘੰਟੇ ਪਿੱਛੋਂ ਖੰਡ ਮਿੱਲ ਵਾਲੇ ਪਾਸਿਓਂ ਸਕੂਟਰ ਆਇਆ ਤਾਂ ਮੈਂ ਪਹਿਲਾਂ ਵਾਂਗ ਹੱਥ ਦੇ ਦਿੱਤਾ, ਸਕੂਟਰ ਰੁਕ ਗਿਆ। ਦੁੱਧ ਚਿੱਟੇ ਕੱਪੜਿਆਂ ਵਿਚ ਸਕੂਟਰ ਸਵਾਰ ਕੋਈ ਸਿਆਣਾ ਬੰਦਾ ਜਾਪਦਾ ਸੀ। ਫ਼ਤਹਿ ਬੁਲਾ ਕੇ ਮੈਂ ਨਾਜਕਾ ਮੋੜ ਤੱਕ ਲਿਜਾਣ ਦੀ ਬੇਨਤੀ ਕੀਤੀ। ਉਸ ਕਿਹਾ ਕਿ ਉਹਨੇ ਬਸੰਤ ਨਗਰ ਤੱਕ ਜਾਣਾ ਹੈ। ਮੈਂ ਕਿਹਾ ਕਿ ਉਥੋਂ ਤੱਕ ਹੀ ਲੈ ਚਲੋ। ਉਸ ਮੈਨੂੰ ਬਿਠਾ ਲਿਆ।

ਮਨ ਨੂੰ ਕੁਝ ਕੁ ਤਸੱਲੀ ਹੋਈ ਕਿ ਆਪਣੇ ਇਲਾਕੇ ਦੇ ਨੇੜੇ ਤੇੜੇ ਪਹੁੰਚ ਜਾਵਾਂਗਾ। ਉਂਝ ਅਗਲੇ ਪੰਜ ਕਿਲੋਮੀਟਰ ਸੁੰਨ-ਮਸਾਨ ਰਾਹ ਦਾ ਖ਼ੌਫ਼ ਵੱਢ-ਵੱਢ ਖਾ ਰਿਹਾ ਸੀ। ਮਨ ਹੀ ਮਨ ਕਈ ਤਰ੍ਹਾਂ ਦੀ ਉਧੇੜ-ਬੁਣ ਕਰ ਰਿਹਾ ਸਾਂ ਕਿ ਸਕੂਟਰ ਸਵਾਰ ਨੇ ਚੁੱਪ ਤੋੜਦਿਆਂ ਪੁੱਛ ਲਿਆ, “ਕਾਕਾ ਕਿੱਥੋਂ ਆਇਆਂ?”

“ਜੀ ਤਲਵਾੜੇ ਤੋਂ।”

ਉਹਨੇ ਲੇਟ ਹੋਣ ਦਾ ਕਾਰਨ ਪੁੱਛਿਆ ਤਾਂ ਮੈਂ ਸਾਰੀ ਰਾਮ ਕਹਾਣੀ ਸੁਣਾਉਂਦਿਆਂ ਆਪਣਾ ਅਤਾ ਪਤਾ ਵੀ ਸਾਰਾ ਦੱਸ ਦਿੱਤਾ। ਉਹਨੇ ਗੱਲ ਬਦਲਦੇ ਹੋਏ ਪੁੱਛਿਆ, “ਕਾਕਾ, ਤੂੰ ਕਰਦਾ ਕੀ ਆਂ?” ਮੈਂ ਆਪਣੇ ਵਿਭਾਗ ਦਾ ਨਾਂ ਦੱਸਿਆ। ਉਸ ਸਵਾਲੀਆ ਲਹਿਜੇ ਵਿਚ ਪੁੱਛਿਆ, “ਤੁਹਾਡਾ ਡਾਇਰੈਕਟਰ ਜਗੀਰ ਸਿੰਘ ਐ?”

“ਜੀ... ਪਰ ਤੁਸੀਂ ਕਿਵੇਂ ਜਾਣਦੇ ਹੋ, ਸਾਡਾ ਤਾਂ ਮਹਿਕਮਾ ਹੀ ਨਵਾਂ ਹੈ। ਇਸ ਬਾਰੇ ਲੋਕ ਬੜਾ ਘੱਟ ਜਾਣਦੇ!”

“ਮੈਂ ਕਾਮਰੇਡ ਕੁਲਵੰਤ ਸਿੰਘ ਐੱਮਐੱਲਏ ਆਂ।”

ਮੈਂ ਠਠੰਬਰ ਜਿਹਾ ਗਿਆ ਅਤੇ ਬੜੀ ਹਲੀਮੀ ਨਾਲ ਕਿਹਾ, “ਜੀ... ਤੁਸਾਂ ਦਾ ਰੁਤਬਾ ਬਹੁਤ ਵੱਡਾ... ਤੁਸੀਂ ਕਿਵੇਂ ਕਿਸੇ ਅਨਜਾਣ ਨੂੰ ਲਿਫਟ ਦੇ ਦਿੱਤੀ।”

“ਇਹ ਮੇਰਾ ਇਲਾਕਾ ਐ। ਮੈਂ ਤੁਹਾਡਾ ਐੱਮਐੱਲਏ ਆਂ। ਲੋੜ ਸਮੇਂ ਕੰਮ ਨਾ ਆਇਆ ਤਾਂ ਮੇਰਾ ਕੀ ਫਾਇਦਾ ਫਿਰ।”

ਇੰਨੇ ਚਿਰ ਨੂੰ ਬਸੰਤ ਨਗਰ ਆ ਗਿਆ ਜਿੱਥੇ ਐੱਮਐੱਲਏ ਦੀ ਰਿਹਾਇਸ਼ ਸੀ। ਮੈਂ ਬੇਨਤੀ ਕੀਤੀ, “ਮੈਨੂੰ ਏਥੇ ਈ ਉਤਾਰ ਦਿਓ... ਅੱਗੇ ਮੈਂ ਆਪੇ ਚਲਾ ਜਾਵਾਂਗਾ।”

“ਤੈਨੂੰ ਤੇਰੇ ਪਿੰਡ ਦੇ ਮੋੜ ’ਤੇ ਲਾਹ ਕੇ ਆਊਂ।” ...ਤੇ ਮੇਰੇ ਕਹਿੰਦਿਆਂ-ਕਹਿੰਦਿਆਂ ਉਹ ਮੈਨੂੰ ਪਿੰਡ ਛੱਡ ਗਏ... ਹੁਣ ਹਾਲਾਤ ਕਿੰਨੇ ਬਦਲ ਗਏ ਹਨ। ਜਦੋਂ ਸੰਗੀਨਾਂ ਦੀ ਦਗੜ-ਦਗੜ ਐੱਮਐੱਲਏ ਦਾ ਪਰਛਾਵਾਂ ਵੀ ਛੂਹਣ ਨਹੀਂ ਦਿੰਦੀ ਤਾਂ ਮੈਨੂੰ ਆਪਣੇ ਐੱਮਐੱਲਏ ਨਾਲ ਕੀਤੇ ਸਫ਼ਰ ਦੀ ਯਾਦ ਆ ਜਾਂਦੀ ਹੈ।




# ਕਿਵੇਂ ਤਬਾਹਕੁੰਨ ਸਾਬਤ ਹੁੰਦੀਆਂ ਹਨ ਸੁਨਾਮੀ ਲਹਿਰਾਂ?



**ਸੁਖਮੰਦਰ ਸਿੰਘ ਤੂਰ**

ਬੱਚਿਓ! ਨੀਲੇ ਪਾਣੀਆਂ ਦੀਆਂ ਚਾਂਦੀ ਰੰਗੀਆਂ ਛੱਲਾਂ ਕਿਸੇ ਸਮੇਂ ਤੀਹ-ਚਾਲੀ ਮੀਟਰ ਉੱਚੀ ਕੰਧ ਬਣ ਕੇ ਸਮੁੰਦਰ ਦੇ ਨੇੜੇ-ਤੇੜੇ ਪੰਜਾਹ ਤੋਂ ਸੱਠ ਕਿੱਲੋ ਮੀਟਰ ਕਈ ਵਾਰ ਇਸ ਤੋਂ ਵੀ ਜ਼ਿਆਦਾ ਦੂਰ ਤੱਕ ਕੁਦਰਤ ਦੀ ਹਰ ਸ਼ੈਅ ਕਾਗਜ਼ ਦੀਆਂ ਬੇੜੀਆਂ ਵਾਂਗ ਰੋੜ੍ਹ ਕੇ ਲੈ ਜਾਂਦੀਆਂ ਹਨ ਅਤੇ ਸਾਗਰ ਧੁਰ ਹੇਠਾਂ ਤੱਕ ਹਿੱਲ ਜਾਂਦੇ ਹਨ। ਧੁਰ ਪਤਾਲ ਤੋਂ ਹਿੱਲੇ ਸਾਗਰਾਂ ਨਾਲ ਪੈਦਾ ਹੋਈਆਂ ਲਹਿਰਾਂ ਨੂੰ ਹੀ ਸੁਨਾਮੀ ਲਹਿਰਾਂ ਕਿਹਾ ਜਾਂਦਾ ਹੈ।

ਬੱਚਿਓ, ਸੁਨਾਮੀ ਸ਼ਬਦ ਜਾਪਾਨੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਸਮੁੰਦਰੀ ਗੋਦ ਵਿਚੋਂ ਉੱਠੀ ਲਹਿਰ। ਕਹਿਣ ਨੂੰ ਸਮੁੰਦਰੀ ਪਾਣੀ ਦੀ ਹਰ ਲਹਿਰ ਹੀ ਸਮੁੰਦਰ ਦੀ ਗੋਦ ਵਿਚੋਂ ਹੀ ਉਪਜੀ ਮੰਨੀ ਜਾਂਦੀ ਹੈ, ਪਰ ਸੁਨਾਮੀ ਲਹਿਰਾਂ ਤਾਂ ਉਸ ਦੀ ਧੁਰ ਅੰਦਰਲੀ ਗੋਦ, ਉਸ ਦੇ ਪਾਤਾਲ, ਉਸ ਦੇ ਤਲ ਤੋਂ ਉਪਜਣ ਕਰਕੇ ਆਪਣੀ ਵੱਖਰੀ ਹੋਂਦ ਰੱਖਦੀਆਂ ਹਨ। ਇਹ ਲਹਿਰਾਂ ਧਰਤੀ ਉਤੇ ਟੈਕਟੋਨਿਕ ਪਲੇਟਾਂ ਦੀ ਗਤੀ ਦੁਆਰਾ ਪੈਦਾ ਹੁੰਦੀਆਂ ਹਨ। ਇਸ ਨਾਲ ਆਪਣੇ-ਆਪ ਅਤੇ ਗੰਭੀਰਤਾ ਦੇ ਜ਼ੋਰ ਵਜੋਂ ਸਤ੍ਹਾ 'ਤੇ ਪਾਣੀ ਵਧਦਾ ਅਤੇ ਡਿਗਦਾ ਹੈ। ਇਹ ਲਹਿਰਾਂ ਚਾਲੀ ਫੁੱਟ ਤੋਂ ਲੈ ਕੇ ਸੌ ਫੁੱਟ ਤੱਕ ਜਾਂ ਉਸ ਤੋਂ ਵੀ ਵੱਧ ਉੱਚੀ ਪਾਣੀ ਦੀ ਤੁਰੀ ਆਉਂਦੀ ਦੀਵਾਰ ਪ੍ਰਤੀਤ ਹੁੰਦੀਆਂ ਹਨ, ਜੋ ਸੈਂਕੜੇ ਕਿੱਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਚੱਲਦੀਆਂ ਹਨ। ਹਰ ਵੀਹ-ਪੰਝੀ ਮਿੰਟ ਬਾਅਦ ਦੂਰ ਤੱਕ ਮਾਰ ਕਰਨ ਵਾਲੀਆਂ ਇਨ੍ਹਾਂ ਲਹਿਰਾਂ ਦਾ ਸਿਲਸਿਲਾ ਘੰਟਿਆਂਬੱਧੀ ਚੱਲਦਾ ਹੈ, ਓਨਾ ਚਿਰ ਜਿੰਨਾ ਚਿਰ ਸਾਗਰ ਸ਼ਾਂਤ ਨਹੀਂ ਹੋ ਜਾਂਦੇ।

ਇਹ ਸਪੱਸ਼ਟ ਹੈ ਕਿ ਸੁਨਾਮੀ ਲਹਿਰਾਂ ਸਾਗਰ ਹੇਠ ਆਏ ਭੁਚਾਲ ਜਾਂ ਜਵਾਲਾਮੁਖੀ ਵਿਸਫੋਟ ਤੋਂ ਜਨਮਦੀਆਂ ਹਨ। ਇਨ੍ਹਾਂ ਦੇ ਜਨਮ ਦਾ ਕਾਰਨ ਹੈ ਪਾਣੀ ਹੇਠਾਂ ਵੱਡੀ ਮਾਤਰਾ ਵਿਚ ਊਰਜਾ ਦਾ ਅਚਾਨਕ ਹੋਇਆ ਵਿਸਫੋਟ। ਇਹ ਵਿਸਫੋਟ ਕਈ ਵਾਰ ਹਜ਼ਾਰਾਂ ਐਟਮ ਬੰਬਾਂ ਜਿੰਨਾ ਸ਼ਕਤੀਸ਼ਾਲੀ ਹੁੰਦਾ ਹੈ। ਖੁੱਲ੍ਹੇ ਸਾਗਰਾਂ ਵਿਚ ਸੁਨਾਮੀ ਲਹਿਰਾਂ ਦੀ ਤਰੰਗ ਲੰਬਾਈ ਬਹੁਤ ਵੱਡੀ ਹੁੰਦੀ ਹੈ ਤੇ ਇਹ ਉੱਚੀ ਸਪੀਡ ਉਤੇ ਕਿਨਾਰਿਆਂ ਵੱਲ ਵਧਦੀਆਂ ਹਨ। ਜਿਉਂ-ਜਿਉਂ ਇਹ ਲਹਿਰਾਂ ਸਮੁੰਦਰ ਦੇ ਕਿਨਾਰਿਆਂ ਵੱਲ ਵਧਦੀਆਂ ਹਨ, ਤਿਉਂ-ਤਿਉਂ ਇਨ੍ਹਾਂ ਦੀ ਤਰੰਗ ਲੰਬਾਈ ਘਟਦੀ ਹੈ ਅਤੇ ਇਹ ਹੋਰ ਵਧੇਰੇ ਉੱਚੀਆਂ ਹੋ ਜਾਂਦੀਆਂ ਹਨ ਤੇ ਵਿਆਪਕ ਤਾਂਡਵ ਛੱਡਦੀਆਂ ਹਨ। ਉਂਜ ਤਾਂ ਸਾਗਰਾਂ ਦੇ ਕਿਸੇ ਕੰਢੇ 'ਤੇ ਸੁਨਾਮੀ ਲਹਿਰਾਂ ਦੀ ਮਾਰ ਹੇਠ ਆਉਣ ਦੀ ਸੰਭਾਵਨਾ ਨੂੰ ਨਕਾਰਿਆ ਨਹੀਂ ਜਾ ਸਕਦਾ ਪ੍ਰੰਤੂ ਸ਼ਾਂਤ ਮਹਾਂਸਾਗਰ ਦੇ ਆਸ-ਪਾਸ ਦਾ ਇਲਾਕਾ ਇਸ ਪੱਖੋਂ ਸਭ ਤੋਂ ਵੱਧ ਖ਼ਤਰਨਾਕ ਮੰਨਿਆ ਗਿਆ ਹੈ।

# ਸ਼ਤਰਮੁਰਗ ਸਬੰਧੀ ਹੈਰਾਨ ਕਰਨ ਵਾਲੇ ਰਿਕਾਰਡ



**ਲੇਖਕ : ਸੰਜੀਵ ਸਿੰਘ ਡਢਵਾਲ**
**ਮੋਬਾਈਲ : 94175-50741.**

ਅੱਜ ਅਸੀਂ ਪੰਛੀ ਜਗਤ ਦੇ ਅਜਿਹੇ ਜੀਵਾਂ ਬਾਰੇ ਚਰਚਾ ਕਰਾਂਗੇ, ਜਿਨ੍ਹਾਂ ਦੇ ਸਰੀਰ ਵੀ ਰਿਕਾਰਡ ਹਨ। ਇਨ੍ਹਾਂ ਵਿਚ ਇਕ ਅਜਿਹਾ ਪੰਛੀ ਹੈ ਜੋ ਉੱਡ ਨਹੀਂ ਸਕਦਾ ਅਤੇ ਦੂਜਾ ਅਜਿਹਾ ਪੰਛੀ ਹੈ, ਜੋ ਜ਼ਿਆਦਾ ਸਮਾਂ ਆਕਾਸ਼ ਵਿਚ ਉੱਡਦਾ ਹੀ ਰਹਿੰਦਾ ਹੈ ਅਤੇ ਉਡਦੇ ਸਮੇਂ ਇਸ ਦੇ ਖੰਭ, ਏਨੀ ਚੌੜਾਈ ਤੱਕ ਫੈਲਦੇ ਹਨ ਜੋ ਇਕ ਰਿਕਾਰਡ ਹੈ। ਸਾਡਾ ਪਹਿਲਾ ਪੰਛੀ ਹੈ ਸ਼ਤਰਮੁਰਗ ਅਤੇ ਦੂਜਾ ਹੈ ਐਲਬੈਟਰੌਸ।

ਸ਼ਤਰਮੁਰਗ ਸਾਰੇ ਪੰਛੀਆਂ ਵਿਚੋਂ ਵੱਡਾ ਅਤੇ ਭਾਰੀ ਹੈ। ਇਸ ਦਾ ਸਰੀਰ ਵੀ ਉਡਣ ਵਾਲੇ ਪੰਛੀਆਂ ਦੀ ਤਰ੍ਹਾਂ ਧਾਰਾ-ਰੇਖੀ ਨਹੀਂ ਹੁੰਦਾ ਕਿਉਂਕਿ ਇਸ ਨੇ ਹਵਾ ਵਿਚ ਉੱਡਣਾ ਨਹੀਂ ਹੁੰਦਾ। ਇਸ ਦੇ ਪੈਰਾਂ ਦੀਆਂ ਸਿਰਫ਼ ਦੋ-ਦੋ ਉਂਗਲੀਆਂ ਹੁੰਦੀਆਂ ਹਨ, ਜਦਕਿ ਬਾਕੀ ਪੰਛੀਆਂ ਦੇ ਪੰਜੇ ਵਿਚ ਚਾਰ-ਚਾਰ ਉਂਗਲਾਂ ਹੁੰਦੀਆਂ ਹਨ। ਸ਼ਤਰਮੁਰਗ ਦੀ ਉਚਾਈ ਤਿੰਨ ਮੀਟਰ ਤੱਕ ਹੁੰਦੀ ਹੈ। ਇਹ ਮੁੱਖ ਤੌਰ 'ਤੇ ਅਫਰੀਕਾ ਦੇ ਸਵਾਨਾ ਘਾਹ ਦੇ ਜੰਗਲਾਂ ਅਤੇ ਮੈਦਾਨਾਂ ਦਾ ਪੰਛੀ ਹੈ।

ਇਸ ਦੇ ਭੋਜਨ ਵਿਚ ਪੌਦੇ, ਪੌਦਿਆਂ ਦੇ ਉਤਪਾਦ, ਕੀਟ-ਪਤੰਗੇ, ਕੀੜੇ ਆਦਿ ਹੁੰਦੇ ਹਨ। ਇਸ ਦੀ ਚੁੰਝ ਹੁੰਦੀ ਹੈ ਪਰ ਦੰਦ ਨਹੀਂ ਹੁੰਦੇ। ਇਹ ਆਪਣੇ ਭੋਜਨ ਦੇ ਨਾਲ ਛੋਟੇ-ਛੋਟੇ ਕੰਕਰ-ਪੱਥਰ ਵੀ ਨਿਗਲ ਲੈਂਦਾ ਹੈ, ਜੋ ਇਸ ਦੇ ਭੋਜਨ ਨੂੰ ਭੋਜਨ ਨਲੀ ਵਿਚ ਹਜ਼ਮ ਕਰਨ ਵਿਚ ਸਹਾਇਤਾ ਕਰਦੇ ਹਨ। ਇਹ ਵੀ ਊਠ ਦੀ ਤਰ੍ਹਾਂ ਕਈ ਦਿਨ ਬਿਨਾਂ ਭੋਜਨ ਖਾਣੀ ਤੋਂ ਰਹਿ ਸਕਦਾ ਹੈ। ਇਸ ਦੀ ਲੰਬੀ ਗਰਦਨ ਅਤੇ ਵੱਡੀਆਂ ਅੱਖਾਂ ਹੁੰਦੀਆਂ ਹਨ ਜੋ ਉੱਚੇ ਘਾਹ ਤੋਂ ਵੀ ਉੱਪਰ ਹੋ ਕੇ ਦੂਰ ਤੱਕ ਦੇਖ ਸਕਦੀਆਂ ਹਨ। ਸ਼ਤਰਮੁਰਗ ਦਾ ਅੰਡਾ ਵੀ ਰਿਕਾਰਡ ਵੱਡਾ ਹੁੰਦਾ ਹੈ, ਇਸ ਦਾ ਇਕ ਅੰਡਾ ਡੇਢ ਕਿਲੋਗ੍ਰਾਮ ਦਾ ਹੁੰਦਾ ਹੈ ਜੋ ਕਿ ਮੁਰਗੀ ਦੇ ਦੋ ਦਰਜਨ ਅੰਡਿਆਂ ਦੇ ਬਰਾਬਰ ਹੁੰਦਾ ਹੈ।

ਦੂਜਾ ਰਿਕਾਰਡ ਪੰਛੀ ਹੈ ਐਲਬੈਟਰੋਸ ਜੋ ਕਿ ਅਕਸਰ ਸਮੁੰਦਰ ਦੇ ਉੱਪਰ ਉੱਡਣ ਵਾਲਾ ਸਭ ਤੋਂ ਵੱਡਾ ਪੰਛੀ ਹੈ। ਇਸ ਦੇ ਨਾਂਅ ਐਲਬੈਟਰੋਸ ਦਾ ਅੰਗਰੇਜ਼ੀ ਵਿਚ ਅਰਥ ਹੁੰਦਾ ਹੈ ਬੇਲੋੜਾ ਭਾਰ ਜਦ ਇਹ ਸਮੁੰਦਰ ਉੱਪਰ ਉੱਡਦਾ ਹੈ ਤਾਂ ਇਸ ਦੇ ਖੰਭ ਤਿੰਨ ਮੀਟਰ ਪੈਂਤੀ ਸੈਂਟੀਮੀਟਰ ਤੱਕ ਫੈਲੇ ਹੁੰਦੇ ਹਨ।

ਇਹ ਜ਼ਿਆਦਾ ਸਮਾਂ ਧਰਤੀ ਦੇ ਦੱਖਣੀ ਸਮੁੰਦਰਾਂ ਉੱਪਰ ਉੱਡਦਿਆਂ ਗੁਜ਼ਾਰਦਾ ਹੈ ਅਤੇ ਸਮੁੰਦਰੀ ਛੋਟੀਆਂ ਮੱਛੀਆਂ ਕਰਿੱਲ ਅਤੇ ਸਮੁੰਦਰੀ ਜਹਾਜ਼ਾਂ ਦੇ ਕਚਰੇ ਤੋਂ ਭੋਜਨ ਪ੍ਰਾਪਤ ਕਰਦਾ ਹੈ। ਇਹ ਧਰਤੀ 'ਤੇ ਕੇਵਲ ਪ੍ਰਜਣਨ ਲਈ ਹੀ ਉਤਰਦੇ ਹਨ। ਅਜਿਹਾ 5-6 ਸਾਲਾਂ ਬਾਅਦ ਹੀ ਕਰਦੇ ਹਨ। ਮਾਦਾ ਇਕ ਜਾਂ ਦੋ ਸਾਲਾਂ ਬਾਅਦ ਇਕ ਅੰਡਾ ਦਿੰਦੀ ਹੈ। ਨਰ ਅਤੇ ਮਾਦਾ ਪਤੀ-ਪਤਨੀ ਦੀ ਤਰ੍ਹਾਂ ਰਹਿੰਦੇ ਹਨ। ਇਹ ਇਕ-ਦੂਜੇ ਪ੍ਰਤੀ ਬਹੁਤ ਵਫ਼ਾਦਾਰ ਹੁੰਦੇ ਹਨ। ਇਕ ਸਾਥੀ ਦੀ ਮੌਤ ਤੇ ਦੂਜਾ ਪੰਛੀ ਕਿਸੇ ਹੋਰ ਪੰਛੀ ਨਾਲ ਨਹੀਂ ਰਹਿੰਦਾ ਅਤੇ ਇਕੱਲਾ ਹੀ ਜੀਵਨ ਗੁਜ਼ਾਰ ਦਿੰਦਾ ਹੈ।


## ਕੀ ਤੁਸੀਂ ਹੇਠਾਂ ਦਿੱਤੀ ਸ਼ਬਦ ਪਹੇਲੀ ਨੂੰ ਹੱਲ ਕਰ ਸਕਦੇ ਹੋ?

| | | | | | | | | | |
|---|---|---|---|---|---|---|---|---|---|
| P | U | D | S | R | V | T | O | S | C |
| E | L | D | E | A | E | K | E | M | H |
| O | E | R | P | H | S | C | V | B | O |
| C | B | R | T | R | T | A | O | E | O |
| T | O | E | E | A | I | B | N | R | L |
| R | S | B | M | N | N | F | A | L | L |
| U | E | A | S | O | E | L | G | N | I |
| B | H | A | L | L | A | V | E | S | C |
| B | S | T | O | O | W | E | E | N | O |
| E | R | B | O | E | Z | A | M | N | R |

Find all the words from the word list:

BACK TO SCHOOL
OCTOBER
CORN MAZE
PUDDLE
FALLING LEAVES
RAIN
HALLOWEEN
RUBBER BOOTS
HARVEST
SEASON
NOVEMBER
SEPTEMBER


## ਬਿੰਦੂ ਮਿਲਾਓ



## ਰਸਤਾ ਲੱਭੋ



## ਪਹੇਲੀ ਹੱਲ ਕਰੋ



ਲੇਖਕ : ਡਾ. ਸ਼ਿਆਮ ਸੁੰਦਰ ਦੀਪਤੀ,
ਸੰਪਰਕ: 98158-08506




ਇਸ ਧਰਤੀ 'ਤੇ ਸਾਰੇ ਜੀਵ, ਬਨਸਪਤੀ ਅਤੇ ਜੀਵ-ਜਾਨਵਰ ਕੁਦਰਤ ਦਾ ਹਿੱਸਾ ਹਨ, ਕੁਦਰਤ ਦਾ ਪਸਾਰਾ। ਭਾਰਤ ਦੀ ਧਰਤੀ 'ਤੇ ਅਨੇਕ ਗ੍ਰੰਥ ਰਚੇ ਗਏ। ਉਸ ਵਿੱਚੋਂ ਪੰਜਾਬ ਦੀ ਧਰਤੀ 'ਤੇ ਰਚਿਆ ਗੁਰੂ ਗ੍ਰੰਥ ਸਾਹਿਬ ਦਾ ਇਕ ਵਾਕ ਹੈ- ਪਹਿਲਾ ਪਾਣੀ ਜੀਉ ਹੈ। ਇਸ ਦਾ ਅਰਥ ਹੈ- ਸੰਸਾਰ ਵਿੱਚ ਜੋ ਕੁਝ ਵੀ ਹੋਂਦ ਵਿੱਚ ਆਇਆ ਹੈ, ਉਸ ਦਾ ਆਧਾਰ ਪਾਣੀ ਹੈ। ਕੋਈ ਵੀ ਪਾਣੀ ਤੋਂ ਬਗੈਰ ਰਹਿ ਨਹੀਂ ਸਕਦਾ। ਇਸ ਤੋਂ ਬਿਨਾਂ ਇਹ ਜੀਵ-ਜਗਤ ਸੁੱਕ-ਮੁੱਕ ਜਾਵੇਗਾ। ਜਦੋਂ ਪਾਣੀ ਹੀ ਸਭ ਦੀ ਬੁਨਿਆਦ ਹੈ ਤਾਂ ਫਿਰ ਇਸ ਗੱਲ ਨੂੰ ਉਭਾਰਨ ਦੀ ਕੀ ਲੋੜ ਹੈ? ਅਸੀਂ ਇਹ ਵੀ ਜਾਣਿਆ ਹੈ ਕਿ ਮਨੁੱਖ ਦਾ ਜੀਵਨ, ਸਮੇਤ ਬਾਕੀ ਜੀਵਾਂ ਦੇ, ਹਵਾ ਅਤੇ ਪਾਣੀ 'ਤੇ ਨਿਰਭਰ ਹੈ। ਮੈਡੀਕਲ ਵਿਗਿਆਨ ਜਦੋਂ ਕਿਸੇ ਦੀ ਮੌਤ ਦੀ ਪੁਸ਼ਟੀ ਕਰਦਾ ਹੈ ਤਾਂ ਉਹ ਜਾਂ ਤਾਂ ਹਵਾ ਜਾਂ ਫਿਰ ਪਾਣੀ ਨੂੰ ਇਸ ਦਾ ਜ਼ਿੰਮੇਵਾਰ ਠਹਿਰਾਉਂਦਾ ਹੈ; ਦੂਜੇ ਲਫਜ਼ਾਂ ਵਿੱਚ ਕਹੀਏ- ਸਾਹ ਦਾ ਰੁਕਣਾ ਅਤੇ ਦਿਲ ਦਾ ਧੜਕਣਾ, ਭਾਵ ਸਰੀਰ ਦੇ ਵੱਖ-ਵੱਖ ਅੰਗਾਂ ਤੱਕ ਦਿਲ ਰਾਹੀਂ ਖ਼ੂਨ ਦਾ ਪਹੁੰਚਣਾ। ਖ਼ੂਨ ਭਾਵੇਂ ਤਰਲ ਪਦਾਰਥ ਹੈ ਪਰ ਇਸ ਦਾ ਸਬੰਧ ਵੀ ਹਵਾ ਨਾਲ ਹੈ।

ਜਦੋਂ ਹਵਾ ਦੀ ਗੱਲ ਚੱਲਦੀ ਹਾਂ ਤਾਂ ਉਸ ਵਿੱਚ ਸਿਰਫ ਮਹਿਸੂਸ ਕਰਨ ਵਾਲੀ ਹਵਾ ਨਹੀਂ ਹੁੰਦੀ, ਉਸ ਵਿੱਚ ਕਿੰਨੀਆਂ ਹੀ ਹੋਰ ਗੈਸਾਂ ਦਾ ਮੇਲ ਹੁੰਦਾ ਹੈ। ਇਨ੍ਹਾਂ ਵਿੱਚੋਂ ਦੋ ਮੁੱਖ ਹਨ: ਆਕਸੀਜਨ ਅਤੇ ਕਾਰਬਨਡਾਈਆਕਸਾਈਡ। ਇਨ੍ਹਾਂ ਦੋਹਾਂ ਗੈਸਾਂ ਦਾ ਆਪਸੀ ਅਨੁਪਾਤ ਵੀ ਹੈ ਤੇ ਦੋਹਾਂ ਦਾ ਸੰਤੁਲਨ ਵੀ, ਕਿਉਂਕਿ ਕਾਰਬਨਡਾਈਆਕਸਾਈਡ ਸਾਡੇ ਵਰਗੇ ਜੀਵਾਂ ਤੋਂ ਪੈਦਾ ਹੁੰਦੀ ਹੈ। ਜਦੋਂ ਅਸੀਂ ਸਾਹ ਲੈਂਦੇ ਹਾਂ ਤਾਂ ਛੱਡੀ ਹਵਾ ਕਾਰਬਨਡਾਈਆਕਸਾਈਡ ਹੁੰਦੀ ਹੈ। ਪੌਦੇ ਆਕਸੀਜਨ ਛੱਡਦੇ ਹਨ ਤੇ ਜੀਵਾਂ ਦੀ ਛੱਡੀ ਕਾਰਬਨਡਾਈਆਕਸਾਈਡ ਨਾਲ ਪੌਦੇ ਆਪਣੀ ਖੁਰਾਕ ਬਣਾਉਂਦੇ ਹਨ। ਇਹ ਕੁਦਰਤ ਦਾ ਚੱਕਰ ਹੈ ਜੋ ਸੰਤੁਲਨ ਵਿੱਚ ਰਹਿੰਦਾ ਹੈ।

ਹਵਾ, ਪਾਣੀ, ਖੁਰਾਕ ਜੀਵਨ ਦੀ ਲੋੜ ਹਨ। ਇਕ ਗੱਲ ਹੋਰ ਸਮਝਣ ਵਾਲੀ ਹੈ- ਜਿਵੇਂ ਕਿਹਾ ਜਾਂਦਾ ਕਿ ਪਾਣੀ ਜੀਵਨ ਦੀ ਬੁਨਿਆਦ ਹੈ; ਵਿਗਿਆਨ ਨੇ ਵੀ ਸਾਬਤ ਕੀਤਾ ਹੈ ਕਿ ਜਦੋਂ ਧਰਤੀ ਹੋਂਦ ਵਿੱਚ ਆਈ ਤਾਂ ਸਭ ਤੋਂ ਪਹਿਲਾਂ ਧਰਤੀ ਉਤੇ ਪਾਣੀ ਦੀ ਆਮਦ ਹੋਈ। ਪਾਣੀ ਦੀ ਆਮਦ ਨਾਲ ਸੂਖਮ ਜੀਵ ਪੈਦਾ ਹੋਏ। ਅੱਜ ਵੀ ਦੇਖਦੇ ਹਾਂ ਕਿ ਪਾਣੀ ਕੁਝ ਦਿਨ ਖੜ੍ਹਾ ਰਹੇ ਤਾਂ ਕਾਈ ਜੰਮ ਜਾਂਦੀ ਹੈ। ਇਸ ਚਰਚਾ ਵਿੱਚੋਂ ਦੋ ਸਿੱਟੇ ਕੱਢਣ ਦੀ ਲੋੜ ਹੈ: ਪਹਿਲਾ ਤਾਂ ਇਹ ਕਿ ਧਰਤੀ 'ਤੇ ਜਿਥੇ ਵੀ ਜੀਵਨ ਪੈਦਾ ਹੋਇਆ, ਉਹ ਥਾਂ ਪਾਣੀ ਵਾਲੇ ਸੀ; ਭਾਵ, ਕੁਦਰਤ ਨੇ ਜਿੱਥੇ ਵੀ ਜੀਵਨ ਪੈਦਾ ਕੀਤਾ, ਪਹਿਲਾਂ ਉਥੇ ਵਾਤਾਵਰਨ ਤਿਆਰ ਕੀਤਾ, ਫਿਰ ਜੀਵ ਨੂੰ ਹਾਜ਼ਰੀ ਲਵਾਉਣ ਨੂੰ ਕਿਹਾ।

ਜਦੋਂ ਕਿਸੇ ਔਰਤ ਨੂੰ ਬੱਚਾ ਪੈਦਾ ਹੋਣਾ ਹੁੰਦਾ ਹੈ ਤਾਂ ਉਹ ਪ੍ਰਕਿਰਿਆ ਬਹੁਤ ਪਹਿਲਾਂ 10-11 ਸਾਲ ਦੀ ਉਮਰ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਔਰਤਾਂ ਵਿੱਚ ਮਾਹਵਾਰੀ ਉਸ ਤਿਆਰੀ ਦਾ ਹੀ ਹਿੱਸਾ ਹੈ ਪਰ ਹੋਰ ਡੂੰਘਾਈ ਨਾਲ ਸਮਝੀਏ ਕਿ ਬੱਚਾ ਪੈਦਾ ਹੋਣ ਤੋਂ ਬਾਅਦ ਆਪਣੇ ਵਿਕਾਸ ਲਈ ਖੁਰਾਕ ਚਾਹੇਗਾ, ਭਾਵੇਂ ਕੁਦਰਤ ਨੇ ਬੱਚੇ ਦੇ ਪੈਦਾ ਹੋਣ ਤੋਂ ਬਾਅਦ ਉਸ ਦੀ ਖੁਰਾਕ ਲਈ ਔਰਤ ਦਾ ਦੁੱਧ ਪੈਦਾ ਕੀਤ। ਦੋਧੀਆਂ ਵਿੱਚ ਦੁੱਧ ਉਦੋਂ ਹੀ ਬਣ ਕੇ ਆਉਂਦਾ ਹੈ ਜਦੋਂ ਬੱਚਾ ਔਰਤ ਦੀ ਕੁੱਖ ਰਾਹੀਂ ਇਸ ਧਰਤੀ 'ਤੇ ਆ ਜਾਂਦਾ ਹੈ। ਇਸੇ ਤਰ੍ਹਾਂ ਇਕ ਹੋਰ ਪੱਖ ਹੈ: ਜਦੋਂ ਬੱਚਾ ਛੇ ਮਹੀਨੇ ਦੀ ਉਮਰ ਤੱਕ ਪਹੁੰਚਦਾ ਹੈ ਤਾਂ ਉਹ ਕੁਦਰਤ ਦੀ ਪੈਦਾ ਕੀਤੀ ਖੁਰਾਕ ਇਸਤੇਮਾਲ ਕਰਨ ਦੇ ਹਾਣ ਦਾ ਹੋ ਰਿਹਾ ਹੁੰਦਾ ਹੈ। ਕੁਝ ਮਹੀਨਿਆਂ ਬਾਅਦ ਬੱਚੇ ਦੇ ਦੰਦ ਨਿਕਲ ਆਉਂਦੇ ਹਨ। ਉਹੀ ਬੱਚਾ ਜੋ ਪਹਿਲਾਂ ਕੁਝ ਪਤਲਾ-ਪਤਲਾ ਮਿੱਧਿਆ ਹੋਇਆ ਖਾਣਾ ਖਾਣ ਦੇ ਕਾਬਿਲ ਹੋ ਰਿਹਾ ਹੁੰਦਾ ਹੈ, ਹੁਣ ਆਪਣੇ ਦੰਦ ਇਸਤੇਮਾਲ ਕਰ ਸਕਦਾ ਹੈ।

ਜ਼ਾਹਿਰ ਹੈ ਕਿ ਕੁਦਰਤ ਆਪਣੇ ਜੀਵਾਂ ਦਾ ਧਿਆਨ ਰੱਖਦੀ ਹੈ, ਇਹ ਭਾਵੇਂ ਪਹਿਲਾਂ ਪਾਣੀ ਦੀ ਗੱਲ ਹੈ ਜਾਂ ਫਿਰ ਹਵਾ ਤੇ ਫਿਰ ਖੁਰਾਕ ਦੀ। ਅਸੀਂ ਆਪਣੇ ਵਿਗਿਆਨ ਰਾਹੀਂ ਸਾਕਾਹਾਰੀ ਤੇ ਮਾਸਾਹਾਰੀ ਖੁਰਾਕ ਦੀ ਵੰਡ ਕੀਤੀ ਹੈ ਪਰ ਇਸੇ ਤਰਜ਼ 'ਤੇ ਜੀਵਾਂ ਨੂੰ ਵੰਡ ਦੇ ਦੇਖੋ ਤੇ ਉਨ੍ਹਾਂ ਦੇ ਪੈਦਾ ਹੋਣ ਦੀ ਸਥਿਤੀ ਦਾ ਜਾਇਜ਼ਾ ਲਉ। ਹਿਰਨ ਘਾਹ ਖਾਂਦਾ ਹੈ, ਸ਼ੇਰ ਮਾਸਾਹਾਰੀ ਹੈ। ਹਰੇਕ ਦਾ ਖੁਰਾਕ ਦਾ ਆਪਣਾ ਨਿਯਮ ਹੈ। ਇਸ ਨੂੰ ਧਿਆਨ ਨਾਲ ਸਮਝਾਂਗੇ ਤਾਂ ਦੋਹਾਂ ਦਾ ਖੁਰਾਕ ਸਿਸਟਮ ਵੱਖ-ਵੱਖ ਵਿਕਸਤ ਹੋਇਆ। ਦੰਦਾਂ ਤੋਂ ਲੈ ਕੇ ਆਂਤੜੀਆਂ ਤਕ ਜਾਣਨ ਤੋਂ ਬਾਅਦ ਸਮਝ ਆ ਜਾਵੇਗੀ ਕਿ ਕਿਵੇਂ ਦੋਹਾਂ ਪ੍ਰਣਾਲੀਆਂ ਵਿੱਚ ਫਰਕ ਹੈ।

ਮਨੁੱਖ ਬਾਰੇ ਹੋਈ ਖੋਜ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਉਸ ਦਾ ਜਨਮ ਦੱਖਣੀ ਅਫਰੀਕਾ ਵਿੱਚ ਹੋਇਆ ਤੇ ਫਿਰ ਉਹ ਤੁਰਦਾ-ਤੁਰਦਾ ਸਾਰੀ ਧਰਤੀ 'ਤੇ ਫੈਲ ਗਿਆ ਹੈ। ਆਪਣੇ ਇਸ ਫੈਲਾਓ ਨਾਲ ਉਸ ਨੇ ਖੇਤੀਬਾੜੀ ਸ਼ੁਰੂ ਕੀਤੀ ਤੇ ਇਸ ਕੁਦਰਤੀ ਖੁਰਾਕ ਨੂੰ ਆਪਣੇ ਪਾਲਣ-ਪੋਸ਼ਣ ਲਈ ਵਰਤਿਆ। ਖੁਰਾਕ ਕੋਈ ਵੀ ਹੋਵੇ, ਜੀਵ ਦਾ ਅੰਤਿਮ ਨਿਸ਼ਾਨਾ ਜ਼ਿੰਦਗੀ ਜਿਊਣਾ ਹੈ।

ਪੂਰੀ ਧਰਤੀ 'ਤੇ ਫੈਲੇ ਮਨੁੱਖ ਨੇ ਵੱਖ-ਵੱਖ ਖੁਰਾਕਾਂ ਨਾਲ ਆਪਣੇ ਆਪ ਨੂੰ ਜਿਊਂਦਾ ਰੱਖਿਆ ਹੈ। ਧਰਤੀ ਦੇ ਅਨੇਕ ਮੌਸਮ ਹਨ। ਗਰਮੀ, ਸਰਦੀ, ਬਰਫ, ਰੇਤਲੇ ਤੇ ਪਹਾੜੀ ਇਲਾਕੇ, ਮੈਦਾਨੀ ਨਹਿਰੀ ਇਲਾਕੇ। ਸਭ ਥਾਂ ਅੱਡ-ਅੱਡ ਤਰ੍ਹਾਂ ਦਾ ਖਾਣਾ ਉਗਦਾ ਹੈ। ਜਿਵੇਂ ਮਨੁੱਖ ਧਰਤੀ 'ਤੇ ਵੱਖ-ਵੱਖ ਥਾਵਾਂ 'ਤੇ ਪਹੁੰਚਿਆ ਹੈ, ਇਵੇਂ ਹੀ ਉਸ ਨੂੰ ਗਰਮੀ, ਸਰਦੀ ਤੇ ਹੋਰ ਮੌਸਮਾਂ ਵਿੱਚ ਵਿਚਰਨ ਦਾ ਮੌਕਾ ਮਿਲਿਆ। ਕਿਤੇ ਉਸ ਨੂੰ ਪਸੀਨਾ ਆਉਂਚਾ ਹੈ, ਕਿਤੇ ਉਸ ਦੇ ਸਰੀਰ ਵਿੱਚੋਂ ਪਾਣੀ ਮੁੱਕ ਜਾਂਦਾ ਹੈ ਤੇ ਕਿਤੇ ਠੰਢ ਵਿੱਚ ਕੰਬਦਾ ਹੈ। ਇਨ੍ਹਾਂ ਹਾਲਾਤ ਵਿੱਚ ਉਸ ਦੀ ਖੁਰਾਕ ਦੀ ਲੋੜ ਵੱਖਰੀ ਹੈ। ਮਨੁੱਖ ਨੇ ਘਟ ਰਹੇ ਪਾਣੀ ਲਈ ਗੁਲੂਕੋਜ ਦੀਆਂ ਬੋਤਲਾਂ ਚੜ੍ਹਾਉਣ ਦਾ ਇੰਤਜ਼ਾਮ ਕੀਤਾ ਹੈ; ਪਹਿਲਾਂ ਮਨੁੱਖ ਨੇ ਤਰਬੂਜ, ਖਰਬੂਜੇ ਆਦਿ ਰਾਹੀਂ ਕੰਮ ਚਲਾਇਆ ਪਰ ਸੋਚੋ- ਇਹ ਫਲ ਉੱਥੇ ਹੀ ਕਿਉਂ ਪੈਦਾ ਹੁੰਦੇ ਹਨ ਜਿਥੇ ਗਰਮੀ ਪੈਂਦੀ ਹੈ ਤੇ ਵੱਧ ਪਸੀਨਾ ਆਉਂਦਾ ਹੈ। ਅਸੀਂ ਕਹਿ ਸਕਦੇ ਹਾਂ ਕਿ ਤਰਬੂਜ ਜਾਂ ਨਾਰੀਅਲ ਵਿੱਚ ਇਕੱਲਾ ਪਾਣੀ ਨਹੀਂ ਹੁੰਦਾ, ਉਹ ਸਾਰੇ ਤੱਤ ਵੀ ਹੁੰਦੇ ਹਨ ਜੋ ਪਸੀਨਾ ਵਹਿਣ 'ਤੇ ਨਿਕਲ ਜਾਂਦੇ ਹਨ। ਹੁਣ ਇਹ ਸੋਚੋ ਕਿ ਕੁਦਰਤ ਨੇ ਪਹਿਲਾਂ ਕਿਵੇਂ ਸਮਝਿਆ ਕਿ ਇਸ ਮੌਸਮ ਜਾਂ ਇਸ ਖਿੱਤੇ ਦੀ ਕੀ ਲੋੜ ਹੈ।

ਇਸੇ ਤਰ੍ਹਾਂ ਸਰਦੀ ਵਿੱਚ ਸੁੱਕੇ ਮੇਵੇ ਜੋ ਤੇਲ ਨਾਲ ਭਰਪੂਰ ਹੁੰਦੇ ਹਨ ਤੇ ਉਨ੍ਹਾਂ ਵਿੱਚ ਊਰਜਾ ਇਕਾਈਆਂ ਵੀ ਵੱਧ ਹੁੰਦੀਆਂ ਹਨ। ਇਹ ਠੰਢੇ ਇਲਾਕੇ ਵਿੱਚ ਪੈਦਾ ਹੁੰਦੇ ਹਨ। ਪੰਜਾਬ ਵਿੱਚ ਭਾਵੇਂ ਦੋਨੋਂ ਮੌਸਮ ਰਹਿੰਦੇ ਹਨ ਅਤੇ ਸੁੱਕੇ ਮੇਵਿਆਂ ਵਾਂਗ ਮੂੰਗਫਲੀ ਉੱਗਦੀ ਹੈ ਜੋ ਸਰਦੀਆਂ ਵਿੱਚ ਲੋਕ ਰੱਜ ਕੇ ਖਾਂਦੇ ਹਨ; ਕੋਈ ਇਕ ਵਾਰ ਖਾਣ ਲੱਗੇ ਤਾਂ ਪਿਛੇ ਨਹੀਂ ਹਟਦਾ, ਉਹੀ ਮੂੰਗਫਲੀ ਗਰਮੀਆਂ ਵਿੱਚ ਦੇਖਣ ਨੂੰ ਵੀ ਜੀਅ ਨਹੀਂ ਕਰਦਾ। ਤੁਸੀਂ ਪਸ਼ਮੀਨਾ ਸ਼ਾਲ ਬਾਰੇ ਸੁਣਿਆ ਹੋਵੇਗਾ ਜੋ ਕਸ਼ਮੀਰ ਦੀਆਂ ਉੱਚੀਆਂ ਪਹਾੜੀਆਂ 'ਤੇ ਪਾਲੀਆਂ ਜਾਂਦੀਆਂ ਭੇਡਾਂ ਦੀ ਉੱਨ ਤੋਂ ਬਣਦੀ ਹੈ। ਇਹ ਲੋੜ ਭਾਵੇਂ ਭੇਡਾਂ ਜਾਂ ਉਸ ਇਲਾਕੇ ਦੇ ਲੋਕਾਂ ਦੀ ਹੈ ਪਰ ਸ਼ੁਕੀਨ ਲੋਕ ਪੈਸਾ ਖਰਚ ਕੇ ਇਹ ਖਰੀਦਦੇ ਹਨ ਤੇ ਗਰੀਬਾਂ ਨੂੰ ਆਪਣੇ ਇਲਾਕੇ ਮੁਤਾਬਿਕ ਚੀਜ਼ ਵਰਤਣ ਤੋਂ ਵਾਂਝਾ ਕਰ ਦਿੰਦੇ ਹਨ। ਇਨ੍ਹਾਂ ਉਦਾਹਰਨਾਂ ਤੋਂ ਅਸੀਂ ਕੁਦਰਤ ਦੇ ਅਸਲੀ ਭਾਵ ਨੂੰ ਸਮਝਦੇ ਹਾਂ ਕਿ ਉਹ ਜੀਵਾਂ ਨੂੰ ਪੈਦਾ ਕਰਨ ਅਤੇ ਸੰਭਾਲਣ ਵਿੱਚ ਕਿਵੇਂ ਸਹਾਈ ਹੁੰਦੀ ਹੈ।

ਕੁਦਰਤ ਸੈਂਕੜੇ ਨਹੀਂ, ਕਰੋੜਾਂ ਸਾਲਾਂ ਤੋਂ ਮਨੁੱਖ ਦੇ ਆਲੇ-ਦੁਆਲੇ ਹੈ। ਮਨੁੱਖ ਨੇ ਇਸ ਅੰਦਰ ਰਹਿ ਕੇ ਹੀ ਵਿਕਾਸ ਕੀਤਾ ਹੈ। ਵਿਕਾਸ ਨਾਲ ਹੀ ਮਨੁੱਖ ਦਾ ਦਿਮਾਗ ਇਸ ਹੱਦ ਤੱਕ ਵਿਕਸਤ ਹੋਇਆ ਹੈ ਕਿ ਉਹ ਸਭ ਤੋਂ ਸਿਆਣਾ ਪ੍ਰਾਣੀ ਹੈ ਪਰ ਉਹ ਆਪਣੇ ਆਪ ਨੂੰ ਇੰਨਾ ਸਿਆਣਾ ਸਮਝ ਬੈਠਾ ਹੈ ਜਿਵੇਂ ਇਹ ਸੰਸਾਰ ਉਹਨੇ ਪੈਦਾ ਕੀਤਾ ਹੁੰਦਾ ਹੈ। ਹੁਣ ਮਨੁੱਖ ਨੇ ਪੱਕੀ ਧਾਰ ਲਈ ਹੈ ਕਿ ਉਹ ਕੁਦਰਤ ਨੂੰ ਕਾਬੂ ਕਰ ਸਕਦਾ ਹੈ। ਕੁਦਰਤ ਉਸ ਦੇ ਵਸ ਵਿੱਚ ਹੈ, ਉਹ ਜਿਵੇਂ ਚਾਹੇ ਇਸ ਨੂੰ ਵਰਤ ਸਕਦਾ ਹੈ। ਉਂਝ, ਹੁਣ ਹਾਲਾਤ ਇਹ ਹਨ ਕਿ ਧਰਤੀ ਦੀ ਤਪਸ਼ ਦਿਨ-ਬਦਿਨ ਉਸ ਪੱਧਰ ਵੱਲ ਵਧ ਰਹੀ ਹੈ ਕਿ ਸਾਡੀ ਧਰਤੀ ਰਹਿਣ ਯੋਗ ਨਹੀਂ ਰਹੇਗੀ। ਕੁਝ ਦੇਰ ਲਈ ਇਹ ਗੱਲ ਤਸੱਲੀ ਦਿੰਦੀ ਹੈ ਕਿ ਅਸੀਂ ਏਸੀ ਬਣਾ ਲਏ ਹਨ ਪਰ ਸਚਾਈ ਇਹ ਹੈ ਕਿ ਤਕਨੀਕ ਮਨੁੱਖ ਦੇ ਵਿਰੁੱਧ ਪੇਸ਼ ਹੋ ਰਹੀ ਹੈ।

ਪਾਣੀ ਇੰਨਾ ਜ਼ਹਿਰੀਲਾ ਹੋ ਗਿਆ ਹੈ ਕਿ ਬਿਮਾਰੀਆਂ ਦਾ ਘਰ ਬਣ ਗਿਆ ਹੈ। ਆਉਣ ਵਾਲੇ ਸਮੇਂ ਵਿੱਚ ਜ਼ਿੰਦਗੀ ਨੂੰ ਧੜਕਦਾ ਰੱਖਣ ਲਈ ਜੇ ਕੋਈ ਜੰਗ ਲੜੀ ਗਈ ਤਾਂ ਉਹ ਪਾਣੀ ਲਈ ਹੋਵੇਗੀ। ਹਵਾ ਦਾ ਹਾਲ ਇਹ ਹੋ ਗਿਆ ਕਿ ਵਿਕਾਸ ਦਾ ਸੂਚਕ ਮੰਨੀਆਂ ਜਾਂਦੀਆਂ ਫੈਕਟਰੀਆਂ ਵਿਨਾਸ਼ ਦਾ ਧੂੰਆਂ ਉਗਲ ਰਹੀਆਂ ਹਨ। ਹਵਾ, ਪਾਣੀ ਨੇ ਨਾਲ-ਨਾਲ ਮਿੱਟੀ ਵੀ ਪ੍ਰਦੂਸ਼ਤ ਹੋ ਰਹੀ ਹੈ।

ਅਸੀਂ ਕੁਦਰਤ ਤੋਂ ਸੰਤੁਲਨ ਨਹੀਂ ਸਿੱਖਿਆ, ਇਸ ਨੂੰ ਵੱਸ ਕਰਨਾ ਸਿੱਖਿਆ ਹੈ ਅਤੇ ਆਪਣੇ ਲਾਲਚੀ ਸੁਭਾਅ ਨਾਲ ਇਸ ਨੂੰ ਬਗੈਰ ਹੋਸ਼ ਵਰਤ ਰਹੇ ਹਾਂ। ਕਿਸੇ ਵਿਦਵਾਨ ਨੇ ਸਹੀ ਕਿਹਾ ਹੈ ਕਿ ਜੇ ਬੰਦਾ ਸੰਤੁਸ਼ਟ ਹੋਣਾ ਸਿੱਖ ਲਵੇ ਤਾਂ ਧਰਤੀ ਕੋਲ ਸਾਰਿਆਂ ਦਾ ਢਿੱਡ ਭਰਨ ਅਤੇ ਹੋਰ ਜ਼ਰੂਰਤਾਂ ਪੂਰੀਆਂ ਕਰਨ ਵਾਸਤੇ ਕਾਫੀ ਕੁਝ ਹੈ। ਬੰਦਾ ਖ਼ੁਦ ਨੂੰ ਕੁਦਰਤ ਦਾ ਮਾਲਕ ਨਹੀਂ, ਸੇਵਕ ਸਮਝੇ ਅਤੇ ਇਸ ਦਾ ਹਾਣੀ ਬਣ ਕੇ ਸੋਚੇ ਅਤੇ ਵਿਚਾਰੇ।

# ਅਹਿਸਾਸ

ਸਨੇਹਇੰਦਰ ਸਿੰਘ ਮੀਲੂ 'ਫਰੌਰ', ਸੰਪਰਕ: 95308-85356

ਕਈ ਵਾਰ ਸਾਡੀ ਕਈ ਚੀਜ਼ਾਂ ਜਾਂ ਮਨੁੱਖਾਂ ਨਾਲ ਅਜਿਹੀ ਭਾਵੁਕ ਸਾਂਝ ਬਣ ਜਾਂਦੀ ਹੈ। ਇਨ੍ਹਾਂ ਦੇ ਗੁਆਚਣ, ਟੁੱਟਣ, ਮੁੱਕਣ, ਖ਼ਰਾਬ ਹੋ ਜਾਣ ਜਾਂ ਵਿਛੜਨ ਕਾਰਨ ਮਨ ਉਦਾਸ ਹੋ ਜਾਂਦਾ ਹੈ। ਮੇਰੇ ਮਨ 'ਚ ਬਚਪਨ ਤੋਂ ਅਜਿਹੀ ਧਾਰਨਾ ਘਰ ਕਰੀ ਬੈਠੀ ਸੀ ਜਿਸ ਨੇ ਮੇਰੇ ਆਤਮ-ਵਿਸ਼ਵਾਸ ਨੂੰ ਕਈ ਵਾਰ ਠੇਸ ਪਹੁੰਚਾਈ। ਮੇਰੀ ਤਾਂ ਇਹ ਖ਼ਾਹਿਸ਼ ਹੁੰਦੀ ਸੀ ਕਿ ਕੋਈ ਵੀ ਰਿਸ਼ਤਾ ਪੱਕੀ ਦੀਵਾਰ ਵਾਂਗ ਹੋਵੇ ਜਿਸ ਦੇ ਟੁੱਟਣ-ਭੱਜਣ ਦਾ ਕੋਈ ਡਰ ਨਾ ਹੋਵੇ। ਅੱਜ ਰਿਸ਼ਤਿਆਂ ਦੀ ਟੁੱਟ-ਭੱਜ ਦੇਖ ਕੇ ਜੰਗਲਾਂ ਵਿੱਚ ਡੇਰੇ ਲਾਉਣ ਦੀ ਨੌਬਤ ਆ ਗਈ ਹੈ ਪਰ ਨਹੀਂ! ਸਮਾਜਿਕ ਜੀਵ ਹੋਣ ਕਾਰਨ ਸਭ ਕੁਝ ਭੁੱਲ-ਭੁਲਾ ਕੇ ਇੱਥੇ ਹੀ ਰਹਿਣਾ ਪੈਂਦਾ ਅਤੇ ਬਹੁਤ ਕੁਝ ਸਹਿਣਾ ਪੈਂਦਾ ਹੈ।

ਕੁਝ ਵਰ੍ਹੇ ਪੁਰਾਣੀ ਗੱਲ ਹੈ, ਮੇਰੇ ਇੱਕ ਸਾਹਿਤਕ ਸਨੇਹੀ ਨੇ ਚੰਡੀਗੜ੍ਹ ਕਿਸੇ ਨੌਕਰੀ ਲਈ ਅਰਜ਼ੀ ਦੇਣ ਜਾਣਾ ਸੀ। ਉਹਨੇ ਸਾਥ ਲਈ ਮੈਨੂੰ ਵੀ ਆਪਣੇ ਨਾਲ ਜਾਣ ਲਈ ਕਿਹਾ। ਅਸੀਂ ਸਾਝਰੇ ਹੀ ਚੰਡੀਗੜ੍ਹ ਚੱਲ ਪਏ। ਅਰਜ਼ੀ ਦੇਣ ਦੀ ਆਖ਼ਿਰੀ ਤਰੀਕ ਹੋਣ ਕਾਰਨ ਉਸ ਦਿਨ ਦਫ਼ਤਰ ਵਿੱਚ ਭੀੜ ਕੁਝ ਜ਼ਿਆਦਾ ਹੀ ਸੀ। ਲੰਮੀਆਂ ਲਾਈਨਾਂ ਲੱਗੀਆਂ ਹੋਈਆਂ ਸਨ। ਇਸ ਭੀੜ-ਭੜੱਕੇ ਵਿੱਚ ਮੇਰੀ ਜੇਬ ਨੂੰ ਲੱਗਾ ਪੈੱਨ ਕਿਧਰੇ ਡਿੱਗ ਪਿਆ। ਜਦੋਂ ਮੇਰਾ ਸਾਥੀ ਕਾਗਜ਼-ਪੱਤਰ ਦਫ਼ਤਰ ਵਿੱਚ ਜਮ੍ਹਾਂ ਕਰਾ ਕੇ ਬਾਹਰ ਆਇਆ ਤਾਂ ਉਹਨੂੰ ਚਾਹ ਪੀਣ ਦੀ ਤਲਬ ਹੋਈ ਪਰ ਮੈਨੂੰ ਪੈੱਨ ਗੁਆਚਣ ਦਾ ਅਫ਼ਸੋਸ ਸੀ। ਉਸ ਦੇ ਚਿਹਰੇ 'ਤੇ ਨੌਕਰੀ ਲਈ ਅਰਜ਼ੀ ਦੇਣ ਦੀ ਖ਼ੁਸ਼ੀ ਸੀ। ਉਸ ਕਿਹਾ, "ਚੱਲ ਹੁਣ ਕਿਧਰੇ ਕੈੜੀ ਜਿਹੀ ਚਾਹ ਪੀਂਦੇ ਆਂ।" ਮੈਂ ਪ੍ਰੇਸ਼ਾਨੀ ਵਿੱਚ ਕਿਹਾ, "ਇੱਥੇ ਕਿਧਰੇ ਭੀੜ ਵਿੱਚ ਮੇਰਾ ਪੈੱਨ ਡਿੱਗ ਪਿਐ" ਪਰ ਉਹਨੇ ਮੇਰੀ ਗੱਲ ਅਣਸੁਣੀ ਜਿਹੀ ਕਰ ਦਿੱਤੀ। ਮੈਂ ਜਦੋਂ ਦੋ-ਤਿੰਨ ਵਾਰ ਪੈੱਨ ਡਿੱਗਣ ਦੀ ਗੱਲ ਕਹੀ ਤਾਂ ਉਹਨੇ ਆਪਣਾ ਪੈੱਨ ਮੈਨੂੰ ਫੜਾਉਂਦੇ ਹੋਏ ਪਿਆਰ ਭਰੇ ਗੁੱਸੇ ਨਾਲ ਕਿਹਾ, "ਆਹ ਫੜ ਪੈੱਨ! ਕੀ ਪੈੱਨ ਪੈੱਨ ਲਾਈ ਐ। ਜ਼ਿੰਦਗੀ ਵਿੱਚ ਬਹੁਤ ਕੁਝ ਗੁਆਚ ਜਾਂਦੈ, ਟੁੱਟ ਜਾਂਦੈ, ਮੁੱਕ ਜਾਦੈ, ਖਿੰਡ ਜਾਂਦੈ, ਡਿੱਗ ਜਾਂਦੈ...ਕੁਝ ਸਮਝ ਤੋਂ ਕੰਮ ਲੈ। ਐਵੇਂ ਤੁੱਛ ਜਿਹੀ ਚੀਜ਼ ਪਿੱਛੇ ਮੂਰਖ ਨਹੀਂ ਬਣੀਂਦਾ।" ਮੈਂ ਕਿਹਾ, "ਅਜਿਹੀ ਤਾਂ ਕੋਈ ਗੱਲ ਨਹੀਂ, ਉਸ ਪੈੱਨ ਨਾਲ ਮੇਰੀ ਭਾਵੁਕ ਸਾਂਝ ਸੀ।" ਫਿਰ ਸਾਰੇ ਸਫਰ ਦੌਰਾਨ ਮੈਂ ਮੁੜ ਪੈੱਨ ਦੀ ਗੱਲ ਨਾ ਛੇੜੀ।

ਇਸ ਗੱਲ ਨੂੰ ਅਜੇ ਵਰ੍ਹਾ ਹੀ ਹੋਇਆ ਸੀ ਕਿ ਬਿਲਕੁਲ ਤੰਦਰੁਸਤ, ਮੇਰੀ ਨੱਬੇ ਸਾਲ ਦੀ ਬੇਬੇ (ਮਾਂ) ਅਚਾਨਕ ਬਿਮਾਰ ਹੋ ਗਈ। ਅਸੀਂ ਉਸ ਨੂੰ ਤੁਰੰਤ ਹਸਪਤਾਲ ਲੈ ਗਏ। ਦੋ-ਤਿੰਨ ਦਿਨ ਬਿਮਾਰ ਰਹਿਣ ਪਿੱਛੋਂ ਇੱਕ ਸਵੇਰ ਸਾਡੇ ਸੱਤੇ ਭੈਣ-ਭਰਾਵਾਂ ਦੇ ਸਾਹਮਣੇ ਮਾਂ ਕੁਝ ਕਹਿੰਦੀ-ਕਹਿੰਦੀ ਸਦਾ ਲਈ ਵਿਛੋੜਾ ਦੇ ਗਈ। ਬੇਬੇ ਦੇ ਵਿਛੋੜੇ ਕਾਰਨ ਸਾਰਿਆਂ ਦੀਆਂ ਅੱਖਾਂ 'ਚੋਂ ਹੰਝੂ ਆਪ-ਮੁਹਾਰੇ ਵਹਿ ਤੁਰੇ। ਮੈਂ ਆਪਣੀ ਜ਼ਿੰਦਗੀ ਵਿੱਚ ਪਹਿਲੀ ਵਾਰ ਮੌਤ ਨੂੰ ਇੰਨਾ ਨੇੜਿਓਂ ਦੇਖਿਆ ਸੀ। ਅਸੀਂ ਸਾਰੇ ਬੜੇ ਭਾਵੁਕ ਸਾਂ। ਉਸ ਸਮੇਂ ਉਸ ਸਨੇਹੀ ਦੇ ਪੈੱਨ ਗੁਆਚਣ ਸਮੇਂ ਕਹੇ ਬੋਲ ਮੇਰੇ ਕੰਨਾਂ 'ਚ ਗੂੰਜਣ ਲੱਗੇ- ਜ਼ਿੰਦਗੀ 'ਚ ਬਹੁਤ ਕੁਝ ਗੁਆਚ ਜਾਂਦੈ... ਥੋੜ੍ਹਾ ਸਬਰ ਤੋਂ ਕੰਮ ਲੈ... ਭਾਣਾ ਮੰਨ... ਇਹ ਸੰਸਾਰ ਤਾਂ ਮੁਸਾਫਰਾਖਾਨਾ ਹੈ।... ਉਸ ਵਕਤ ਬਹੁਤ ਸ਼ਿੱਦਤ ਨਾਲ ਅਹਿਸਾਸ ਹੋਇਆ ਕਿ ਵਾਕਈ, ਜ਼ਿੰਦਗੀ 'ਚ ਬਹੁਤ ਕੁਝ ਗੁਆਚ ਜਾਂਦਾ ਹੈ...!



# ਸਿਹਤ ਸੰਸਾਰ

ਲੇਖਕ : ਅਨਿਲ ਧੀਰ (ਡਾ.)
ਸੰਪਰਕ: anil.dheer@yahoo.com



## ਖਾਣ-ਪੀਣ ਦੇ ਵਿਗਾੜ ਨਾਲ ਵਧ ਰਹੀਆਂ ਬਿਮਾਰੀਆਂ

ਖਾਣ-ਪੀਣ ਦੇ ਵਿਗਾੜ ਬਾਰੇ ਜਾਗਰੁਕਤਾ ਹਫ਼ਤਾ (ਈਟਿੰਗ ਡਿਸਆਰਡਰ ਅਵੇਅਰਨੈੱਸ ਵੀਕ- 24 ਫਰਵਰੀ ਤੋਂ 2 ਮਾਰਚ) ਹਫਤਾ-2025 ਦਾ ਥੀਮ ਹੈ- ਕੀ ਕੋਈ ਵੀ ਖਾਣ-ਪੀਣ ਦੇ ਵਿਗਾੜ ਨਾਲ ਪ੍ਰਭਾਵਿਤ ਹੋ ਸਕਦਾ ਹੈ? ਖਾਣ-ਪੀਣ ਦੇ ਵਿਗਾੜ ਵਾਲੇ ਲੋਕ ਆਮ ਨਾਲੋਂ 5 ਗੁਣਾ ਵੱਧ ਅਲਕੋਹਲ ਅਤੇ ਨਾਜਾਇਜ਼ ਦਵਾਈਆਂ ਦਾ ਇਸਤੇਮਾਲ ਕਰ ਰਹੇ ਹਨ। ਡਾਇਬਟੀਜ਼ ਦੇ ਰੋਗੀ ਜੋ ਖਾਣ-ਪੀਣ ਵਿਗਾੜ ਦੇ ਸ਼ਿਕਾਰ ਹਨ, ਨੂੰ ਸ਼ੂਗਰ ਕੰਟਰੋਲ ਕਰਦਿਆਂ ਸ਼ੂਗਰ ਦੀਆਂ ਪੇਚੀਦਗੀਆਂ, ਭਾਵ, ਦਿਲ ਦੇ ਰੋਗ, ਸਟ੍ਰੋਕ, ਨਿਊਰੋਪੈਥੀ, ਅੱਖਾਂ ਦੀ ਘਟ ਰਹੀ ਰੋਸ਼ਨੀ ਅਤੇ ਗੁਰਦੇ ਦੀ ਬਿਮਾਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਸੰਸਾਰ ਭਰ ਵਿੱਚ ਖਾਣ-ਪੀਣ ਦੇ ਵਿਗਾੜ ਬਾਰੇ ਜਾਗਰੂਕਤਾ ਹਫ਼ਤੇ ਦੌਰਾਨ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਨੂੰ ਖਾਣ-ਪੀਣ ਦੇ ਵਿਹਾਰ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਮਾੜਾ ਖਾਣ-ਪੀਣ ਸਰੀਰ ਅਤੇ ਮਨ ਨੂੰ ਬਿਮਾਰ ਕਰ ਰਿਹਾ ਹੈ। ਐਨੋਰੈਕਸੀਆ ਨਰਵੋਸਾ (anorexia nervosa), ਬੁਲੀਮੀਆ ਨਰਵੋਸਾ (builmia nervosa) ਅਤੇ ਬਿੰਜ ਈਟਿੰਗ (binge eating) ਵਗੈਰਾ ਦਾ ਆਮ ਅਸਰ ਦੇਖਿਆ ਜਾਂਦਾ ਹੈ। ਸੰਸਾਰ ਭਰ ਵਿੱਚ ਭੋਜਨ ਦਾ ਹਰ ਆਦਮੀ ਨਾਲ ਵੱਖਰਾ ਰਿਸ਼ਤਾ ਹੁੰਦਾ ਹੈ। ਜ਼ਿੰਦਗੀ ਵਿੱਚ ਸਰੀਰਕ ਤੇ ਮਾਨਸਿਕ ਸਮੱਸਿਆਵਾਂ ਦਾ ਕਾਰਨ ਗ਼ਲਤ ਖਾਣਾ ਪੀਣਾ, ਨਕਾਰਾਤਮਕ ਸੋਚ, ਸਦਮਾ, ਗ਼ੈਰ-ਸਿਹਤਮੰਦ ਰਿਸ਼ਤਾ ਅਤੇ ਜੈਨੇਟਿਕਸ ਵਗੈਰਾ ਦਾ ਅਸਰ ਦੇਖਿਆ ਜਾ ਰਿਹਾ ਹੈ। ਅਮਰੀਕਾ ਵਿੱਚ ਤਕਰੀਬਨ 3 ਕਰੋੜ ਲੋਕ ਖਾਣ-ਪੀਣ ਦੇ ਰੋਗਾਂ ਦੇ ਸ਼ਿਕਾਰ ਹਨ। ਔਰਤਾਂ 'ਚ ਘੱਟ ਉਮਰ ਦੀ ਔਰਤਾਂ ਵਿੱਚ ਅਤੇ 10 ਮਿਲੀਅਨ ਆਦਮੀ, ਇਹ ਬਿਗਾੜ ਦੇ ਅਸਰ ਹੇਠ ਹਨ। ਸੰਸਾਰ ਭਰ ਵਿੱਚ ਤਕਰੀਬਨ 7.20 ਕਰੋੜ ਲੋਕ ਖਾਣ-ਪੀਣ ਦੇ ਰੋਗਾਂ ਦੇ ਸ਼ਿਕਾਰ ਹਨ। ਛੋਟੀ ਉਮਰ ਵਿੱਚ ਜ਼ਿਆਦਾ ਅਸਰ ਦੇਖਿਆ ਜਾ ਰਿਹਾ ਹੈ। ਖ਼ਤਰਨਾਕ ਮਾਨਸਿਕ ਬਿਮਾਰੀ ਐਨੋਰੈਕਸੀਆ ਨਰਵੋਸਾ ਕਾਰਨ ਆਤਮ-ਹੱਤਿਆਵਾਂ ਦਾ ਅੰਕੜਾ ਵਧਿਆ ਹੈ।

ਖਾਣ-ਪੀਣ ਦੇ ਵਿਗਾੜ ਦੌਰਾਨ ਕਈ ਤਰ੍ਹਾਂ ਦੇ ਲੱਛਣ ਪ੍ਰਗਟ ਹੁੰਦੇ ਹਨ। ਇਨ੍ਹਾਂ ਵਿੱਚ ਮਾਹਵਾਰੀ ਦਾ ਬੰਦ ਹੋ ਜਾਣਾ, ਡੀਹਾਈਡ੍ਰੇਸ਼ਨ ਕਾਰਨ ਚੱਕਰ ਆਉਣਾ ਜਾਂ ਬੇਹੋਸ਼ ਹੋਣਾ, ਭੁਰਭੁਰੇ ਨਹੁੰ, ਅਸਹਿਣਸ਼ੀਲਤਾ, ਮਾਸਪੇਸ਼ੀਆਂ ਦੀ ਕਮਜ਼ੋਰੀ, ਦਿਲ ਦੀ ਜਲਨ, ਭੋਜਨ ਤੋਂ ਬਾਅਦ ਕਬਜ਼, ਪੇਟ ਅੰਦਰ ਹਵਾ ਪੈਦਾ ਹੋਣਾ, ਗੁਰਦਿਆਂ ਦੇ ਰੋਗ, ਹੱਡੀਆਂ ਦੀ ਘਣਤਾ (ਓਸਟੀਓਪੇਨੀਆ ਤੇ EstlEporosis), ਉਦਾਸੀ, ਚਿੜਚਿੜਾਪਨ, ਥਕਾਵਟ, ਇਕਾਗਰਤਾ ਭੰਗ ਹੋਣਾ ਆਦਿ ਸ਼ਾਮਿਲ ਹਨ।

ਐਨੋਰੈਕਸੀਆ ਨਰਵੋਸਾ ਲੋੜ ਤੋਂ ਵੱਧ ਕਸਰਤ ਦੁਆਰਾ ਵਜ਼ਨ ਘਟਾਉਣ ਜਾਂ ਦੇਖਭਾਲ ਹੈ। ਬੁਲੀਮੀਆ ਨਰਵੋਸਾ ਵਿੱਚ ਜ਼ਿਆਦਾ ਖਾਣ-ਪੀਣ ਤੋਂ ਬਾਅਦ ਵਜ਼ਨ ਵਧਣ ਤੋਂ ਬਚਣ ਲਈ ਕਸਰਤ ਕਰਨਾ, ਖਾਲੀ ਪੇਟ ਰਹਿਣਾ ਹੈ। ਬਿੰਜ ਈਟਿੰਗ ਡਿਸਆਰਡਰ ਦੌਰਾਨ ਆਦਮੀ ਭੁੱਖ ਤੋਂ ਵੱਧ ਖਾਣ-ਪੀਣ ਬਾਰੇ ਖੁਦ ਨੂੰ ਕੰਟਰੋਲ ਤੋਂ ਬਾਹਰ ਮਹਿਸੂਸ ਕਰਦਾ ਹੈ। ਐਨੋਰੈਕਸੀਆ ਨਰਵੋਸਾ ਵਾਲੇ ਕੁਝ ਲੋਕ ਰੁਕ-ਰੁਕ ਕੇ ਖਾਂਦੇ ਹਨ।

ਪਿਕਾ (pica) ਖਾਣ-ਪੀਣ ਦਾ ਅਜਿਹਾ ਵਿਗਾੜ ਹੈ ਜਿਸ ਵਿੱਚ ਪੀੜਤ ਵਾਰ-ਵਾਰ ਅਜਿਹਾ ਭੋਜਨ ਲੈਂਦਾ ਹੈ ਜਿਸ ਵਿੱਚ ਕੋਈ ਪੋਸ਼ਕ ਤੱਤ ਨਹੀਂ ਹੁੰਦੇ। ਅਜਿਹਾ ਵਿਹਾਰ ਕਈ ਮਹੀਨੇ ਤੱਕ ਰਹਿ ਸਕਦਾ ਹੈ। ਆਮ ਤੌਰ 'ਤੇ ਲਏ ਗਏ ਪਦਾਰਥ ਉਮਰ ਅਤੇ ਉਪਲਬਧਤਾ ਨਾਲ ਬਦਲਦੇ ਰਹਿੰਦੇ ਹਨ ਅਤੇ ਇਸ ਵਿੱਚ ਕਾਗਜ਼, ਪੇਂਟ ਚਿਪਸ, ਸਾਬਣ, ਕੱਪੜਾ, ਵਾਲ, ਚਾਕ, ਕੰਕਰ, ਕੋਲਾ, ਮਿੱਟੀ ਆਦਿ ਹੋ ਸਕਦੇ ਹਨ। ਪਿਕਾ ਵਿਗਾੜ ਛੋਟੀ ਉਮਰ ਵਿੱਚ ਹੋ ਸਕਦਾ ਹੈ। ਉਗਾਲੀ (rumination disorder) ਵਿੱਚ ਖਾਣਾ ਖਾਣ ਤੋਂ ਬਾਅਦ ਭੋਜਨ ਬਾਹਰ ਕੱਢਣਾ ਤੇ ਇਸ ਨੂੰ ਦੁਬਾਰਾ ਚਬਾਉਣਾ ਅਤੇ ਥੁੱਕਣ ਦੀ ਕਿਰਿਆ ਦੇਖੀ ਜਾਂਦੀ ਹੈ। ਅਜਿਹਾ ਬਚਪਨ ਜਾਂ ਕਿਸ਼ੋਰ ਅਵਸਥਾ ਵਿੱਚ ਹੋ ਸਕਦਾ ਹੈ। ਇੱਕ ਮਹੀਨੇ ਦੌਰਾਨ ਵਾਰ-ਵਾਰ ਹੋ ਸਕਦਾ ਹੈ।

ਇਨ੍ਹਾਂ ਵਿਗਾੜਾਂ ਤੋਂ ਬਚਾਓ ਖਾਸ ਦੇਖਭਾਲ ਦੀ ਲੋੜ ਹੁੰਦੀ ਹੈ:

- ਸਰੀਰ ਅਤੇ ਦਿਮਾਗ 'ਤੇ ਖਾਣ-ਪੀਣ ਦੀਆਂ ਬਿਮਾਰੀਆਂ ਦੇ ਅਸਰ ਕਾਰਨ ਮਨੋਵਿਗਿਆਨਕ ਅਤੇ ਪੋਸ਼ਣ ਸਬੰਧੀ ਸਲਾਹ ਅਤੇ ਨਿਗਰਾਨੀ ਦੀ ਲੋੜ ਹੁੰਦੀ ਹੈ। ਮਾਹਿਰ ਦੇ ਮਾਨਸਿਕ ਇਲਾਜ ਦੇ ਨਾਲ-ਨਾਲ ਪੋਸ਼ਣ ਸਬੰਧੀ ਸੈਸ਼ਨ ਅਤੇ ਕਦੇ-ਕਦੇ ਸਾਈਕੋ-ਫਾਰਮਕੋਲੋਜੀ ਦੀ ਵੀ ਲੋੜ ਪੈ ਜਾਂਦੀ ਹੈ।
- ਐਨੋਰੈਕਸੀਆ ਨਰਵੋਸਾ ਪੀੜਤਾਂ ਦੇ ਖਾਣ-ਪੀਣ ਅਤੇ ਵਜ਼ਨ ਕੰਟਰੋਲ ਕਰਨ ਦੇ ਵਿਹਾਰ ਨੂੰ ਆਮ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।
- ਮਾਂ ਬਾਪ ਦੀ ਜ਼ਿੰਮੇਵਾਰੀ ਬਚਪਨ ਵਿੱਚ ਵੱਡੇ ਹੋ ਰਹੇ ਬੱਚਿਆਂ ਨੂੰ ਪੌਸ਼ਟਿਕ ਖੁਰਾਕ ਬਾਰੇ ਜਾਗਰੂਕ ਕਰਨ ਦੀ ਹੈ। ਬੱਚੇ ਦੀ ਸਿਹਤ ਮੁਤਾਬਿਕ ਮਾਹਿਰ ਨਾਲ ਸਲਾਹ-ਮਸ਼ਵਰਾ ਕਰਦੇ ਰਹਿਣਾ ਚਾਹੀਦਾ ਹੈ।
- ਕੌਮਾਂਤਰੀ ਪੱਧਰ 'ਤੇ ਗੰਭੀਰ ਐਨੋਰੈਕਸੀਆ ਦੇ ਪੀੜਤਾਂ ਦਾ ਵਜ਼ਨ ਬਹਾਲ ਕਰਨ ਅਤੇ ਖਾਣ-ਪੀਣ ਦਾ ਵਿਹਾਰ ਆਮ ਬਣਾਉਣ ਵਿੱਚ ਵਿਸ਼ੇਸ਼ ਪ੍ਰੋਗਰਾਮ ਹਨ।
- ਬਚਪਨ ਤੋਂ ਹੀ ਸੰਤੁਲਿਤ ਪੌਸ਼ਟਿਕ ਖੁਰਾਕ ਵੱਲ ਧਿਆਣ ਦੇਣ ਦੀ ਲੋੜ ਹੈ ਕਿਉਂਕਿ ਪ੍ਰਭਾਵਿਤ ਆਦਮੀ ਦੀ ਉਮਰ ਦੇ ਬਾਵਜੂਦ ਰੋਗੀ ਦੀ ਉਤੇਜਨਾ ਨਾਲ ਪਰਿਵਾਰ ਲਈ ਮੁਸ਼ਕਿਲਾਂ ਵਧ ਵੀ ਜਾਂਦੀਆਂ ਹਨ।
- ਬੁਲੀਮੀਆ ਨਰਵੋਸਾ ਵਾਲੇ ਪੀੜਤ ਆਮ ਤੌਰ 'ਤੇ ਬਦਲਵੀਂ ਡਾਈਟਿੰਗ ਕਰਦੇ ਹਨ ਜਾਂ ਸਿਰਫ ਘੱਟ ਕੈਲੋਰੀ ਵਾਲਾ ਸੁਰੱਖਿਅਤ ਭੋਜਨ ਲੈਂਦੇ ਹਨ ਅਤੇ ਵਰਜਿਤ ਉੱਚ ਕੈਲੋਰੀ ਵਾਲੀ ਖੁਰਾਕ 'ਤੇ ਬਹੁਤ ਜ਼ਿਆਦਾ ਭੋਜਨ ਕਰਦੇ ਹਨ। ਕਈ ਵਾਰ ਗੰਭੀਰ ਹਾਲਤ ਵਿੱਚ ਈਸੋਫੇਗਲ ਹੰਝੂ, ਗੈਸਟ੍ਰਿਕ ਫਟਣਾ ਅਤੇ ਖਤਰਨਾਕ ਕਾਰਡੀਅਕ ਐਰੀਥਮੀਆ ਦਾ ਖ਼ਦਸ਼ਾ ਹੋ ਸਕਦਾ ਹੈ। ਇਸ ਸੂਰਤ ਵਿਚ ਮਾਹਿਰ ਵੱਲੋਂ ਮੁਆਇਨਾ (fweignoz) ਅਤੇ ਇਲਾਜ ਜ਼ਰੂਰੀ ਹੋ ਜਾਂਦਾ ਹੈ।

ਖਾਣ-ਪੀਣ ਨਾਲ ਜੁੜੇ ਰੋਗਾਂ ਦੀ ਹਾਲਤ ਵਿੱਚ ਬਿਨਾਂ ਦੇਰੀ ਮਾਹਿਰ ਦੀ ਸਲਾਹ ਲੈਣੀ ਚਾਹੀਦੀ ਹੈ। ਇਲਾਜ ਦੌਰਾਨ ਲਾਪ੍ਰਵਾਹੀ ਖ਼ਤਰਨਾਕ ਸਾਬਿਤ ਹੋ ਸਕਦੀ ਹੈ। ਬਿਮਾਰੀ ਦੀ ਹਾਲਤ ਵਿੱਚ ਸਾਈਕੋ-ਥੈਰੇਪੀ, ਐਂਟੀ-ਡਿਪ੍ਰੈਸੈਂਟਸ ਅਤੇ ਰਜਿਸਟਰਡ ਪੋਸ਼ਣ ਮਾਹਿਰ ਇਮਦਾਦ ਕਰ ਸਕਦਾ ਹੈ।

## ਲਾਪ੍ਰਵਾਹੀ ਨਾਲ ਵਧਦਾ ਹੈ ਦਰਦ

ਸਧਾਰਨ ਢੰਗ ਨਾਲ ਨਜ਼ਰਅੰਦਾਜ਼ ਕਰ ਕੇ ਤੇ ਲਾਪ੍ਰਵਾਹੀ ਕਰ ਕੇ ਬੈਠਣ, ਸੌਣ ਅਤੇ ਉੱਠਣ, ਤੁਰਨ ਨਾਲ ਪ੍ਰੇਸ਼ਾਨੀ ਵਧਦੀ ਹੈ। ਵਜ਼ਨ ਚੁੱਕਦੇ ਸਮੇਂ ਅਤੇ ਪੌੜੀ ਚੜ੍ਹਨ ਸਮੇਂ ਹਮੇਸ਼ਾ ਲਾਪ੍ਰਵਾਹੀ ਕਰਨ ਤੋਂ ਕੋਈ ਨਹੀਂ ਬਚਦਾ। ਇਹ ਲਾਪ੍ਰਵਾਹੀ ਹੀ ਦਰਦ ਦਿੰਦੀ ਹੈ। ਦਰਦ ਦੀ ਅਣਦੇਖੀ ਕਰਨ ਨਾਲ ਦਰਦ ਹੋਰ ਵਧਦਾ ਹੈ। ਬੇਨਿਯਮੀ ਰੋਜ਼ਮਰ੍ਹਾ ਦੇ ਕੰਮ ਤਣਾਅ ਅਤੇ ਭੱਜ-ਨੱਠ ਭਰੀ ਜ਼ਿੰਦਗੀ ਵਿਚ ਹਰ ਕੋਈ ਇਸ ਤਰ੍ਹਾਂ ਹੀ ਅਣਦੇਖੀ ਕਰਦਾ ਹੈ ਅਤੇ ਲੱਕ ਦਰਦ, ਪਿੱਠ ਵਿਚ ਦਰਦ ਤੇ ਰੀੜ੍ਹ ਦੀ ਹੱਡੀ ਵਿਚ ਦਰਦ ਦਾ ਸ਼ਿਕਾਰ ਹੁੰਦਾ ਹੈ। ਇਸ ਤਰ੍ਹਾਂ ਦਾ ਕੋਈ ਵੀ ਦਰਦ ਹੋਵੇ ਤਾਂ ਲਾਪ੍ਰਵਾਹੀ ਵਰਤਣ ਦੀ ਬਜਾਏ ਸਾਵਧਾਨ ਹੋ ਜਾਵੋ। ਸਿੱਧੇ ਬੈਠੋ, ਉੱਠੋ ਅਤੇ ਦੋਵਾਂ ਪੈਰਾਂ 'ਤੇ ਬਰਾਬਰ ਵਜ਼ਨ ਰੱਖ ਕੇ ਖੜ੍ਹੇ ਹੋਵੋ। ਬੈਠਣ ਅਤੇ ਗੱਡੀ ਚਲਾਉਂਦੇ ਸਮੇਂ ਪਿੱਠ ਸਿੱਧੀ ਰੱਖੋ। ਇਕ ਹੀ ਥਾਂ 'ਤੇ ਇਕੋ ਜਿਹੀ ਸਥਿਤੀ ਵਿਚ ਲਗਾਤਾਰ ਨਾ ਬੈਠੋ ਅਤੇ ਨਾ ਹੀ ਲਗਾਤਾਰ ਇਸ ਤਰ੍ਹਾਂ ਖੜ੍ਹੇ ਹੋਵੋ। ਕੁਝ ਦੇਰ ਬਾਅਦ ਸਥਿਤੀ ਬਦਲੋ। ਜ਼ਿਆਦਾ ਦੇਰ ਤੱਕ ਕਦੀ ਵੀ ਇਕੋ ਜਿਹੀ ਹਾਲਤ ਵਿਚ ਨਾ ਰਹੋ। ਲੰਮੀ ਅਤੇ ਡੂੰਘੀ ਸਾਹ ਲਓ।



## ਗਾਜਰ ਕਰਦੀ ਹੈ ਦਿਲ ਦਾ ਇਲਾਜ

ਗਾਜਰ ਜੜ੍ਹ ਜਾਤੀ ਦੀ ਇਕ ਸਬਜ਼ੀ ਹੈ। ਇਹ ਸਬਜ਼ੀ ਸਲਾਦ, ਅਚਾਰ ਆਦਿ ਬਣਾ ਕੇ ਵਰਤੋਂ ਕੀਤੀ ਜਾਂਦੀ ਹੈ। ਇਹ ਲਾਲ ਜਾਂ ਸੰਤਰੀ ਰੰਗ ਦੀ ਮਿੱਠੀ ਤੇ ਹਲਕੀ ਚਰਪਰਾ ਜੜ੍ਹ ਹੈ। ਗਾਜਰ ਨੂੰ ਚੰਗੀ ਤਰ੍ਹਾਂ ਨਾਲ ਧੋ ਕੇ ਕੱਚਾ ਵੀ ਖਾਣ ਲਈ ਵਰਤੋਂ ਵਿਚ ਲਿਆਂਦਾ ਜਾ ਸਕਦਾ ਹੈ। ਇਹ ਜ਼ਿਆਦਾ ਰੇਸ਼ੇਦਾਰ ਹੁੰਦੀ ਹੈ ਅਤੇ ਘੱਟ ਮਾਤਰਾ ਵਿਚ ਖਾਣੀ ਚਾਹੀਦੀ ਹੈ। ਸਲਾਦ ਵਿਚ ਸ਼ਾਮਿਲ ਕਰਕੇ ਖਾਣੀ ਜ਼ਿਆਦਾ ਲਾਭਕਾਰੀ ਹੁੰਦੀ ਹੈ। ਇਸ ਨੂੰ ਖਾਣ ਨਾਲ ਜਬਾੜਿਆਂ ਦੀ ਕਸਰਤ ਹੋ ਜਾਂਦੀ ਹੈ। ਇਹ ਪੇਟ ਸਾਫ਼ ਕਰਦੀ ਹੈ। ਖੂਨ ਵਧਾਉਂਦੀ ਤੇ ਸ਼ੁੱਧ ਕਰਦੀ ਹੈ। ਇਹ ਰੋਗਾਂ ਨਾਲ ਲੜਨ ਦੀ ਤਾਕਤ ਵਧਾਉਂਦੀ ਹੈ। ਖੋਜ ਅਨੁਸਾਰ ਇਸ ਵਿਚ ਦਿਲ ਦੇ ਇਲਾਜ ਵਾਲੇ ਗੁਣ ਪਾਏ ਗਏ ਹਨ। ਗਾਜਰ ਖੂਨ ਵਿਚੋਂ ਖਰਾਬ ਕੋਲੈਸਟ੍ਰੋਲ ਦਾ ਪੱਧਰ ਘੱਟ ਕਰਦੀ ਹੈ। ਇਹ ਪੇਟ ਦੇ ਸਭ ਰੋਗਾਂ ਵਿਚ ਲਾਭ ਪਹੁੰਚਾਉਂਦੀ ਹੈ। ਇਹ ਜੜ੍ਹ ਹੋ ਕੇ ਵੀ ਫਲਾਂ ਦੇ ਬਰਾਬਰ ਲਾਭ ਪਹੁੰਚਾਉਂਦੀ ਹੈ।





## ਦਫ਼ਤਰ ਵਿਚ ਵੀ ਬਣੇ ਰਹੋ ਸਿਹਤਮੰਦ

ਦਫ਼ਤਰ ਵਿਚ ਕੰਮ ਕਰਨ ਵਾਲੇ ਲੋਕਾਂ ਦਾ ਕੁਝ ਸਮੇਂ ਬਾਅਦ ਭਾਰ ਵਧਣ ਲਗਦਾ ਹੈ ਕਿਉਂਕਿ ਉਨ੍ਹਾਂ ਦਾ ਤੋਰਾ-ਫੇਰਾ ਬਹੁਤ ਘਟ ਜਾਂਦਾ ਹੈ। ਦਫ਼ਤਰਾਂ ਵਿਚ ਕੰਮ ਘੱਟ ਹੁੰਦਾ ਹੈ। ਲੋਕ ਸਮਾਂ ਬਿਤਾਉਣ ਲਈ ਕੁਝ ਨਾ ਕੁਝ ਖਾਂਦੇ-ਪੀਂਦੇ ਰਹਿੰਦੇ ਹਨ। ਪ੍ਰਾਈਵੇਟ ਦਫ਼ਤਰਾਂ ਵਿਚ ਕੰਮ ਜ਼ਿਆਦਾ ਹੁੰਦਾ ਹੈ ਪਰ ਇਸ ਲਈ ਕੁਰਸੀ 'ਤੇ ਜ਼ਿਆਦਾ ਦੇਰ ਬੈਠੇ ਰਹਿਣਾ ਪੈਂਦਾ ਹੈ। ਦੋਵੇਂ ਹੀ ਕਾਰਨਾਂ ਕਰਕੇ ਭਾਰ ਵਧਦਾ ਹੈ।

ਜੇਕਰ ਤੁਸੀਂ ਸਮੇਂ ਸਿਰ ਸੁਚੇਤ ਹੋ ਜਾਵੋਗੇ ਤਾਂ ਆਪਣੇ-ਆਪ ਵਧਦੇ ਵਜ਼ਨ 'ਤੇ ਕਾਬੂ ਪਾ ਸਕੋਗੇ। ਜੇਕਰ ਤੁਹਾਡਾ ਦਫ਼ਤਰ ਪਹਿਲੀ, ਦੂਸਰੀ ਜਾਂ ਤੀਸਰੀ ਮੰਜ਼ਿਲ 'ਤੇ ਹੈ ਤਾਂ ਇਸ ਲਈ ਲਿਫਟ ਦੀ ਵਰਤੋਂ ਨਾ ਕਰਦੇ ਹੋਏ ਪੌੜੀਆਂ ਦੀ ਵਰਤੋਂ ਕਰੋ। ਜੇਕਰ ਬਹੁਮੰਜ਼ਿਲਾ ਇਮਾਰਤ ਹੈ ਤਾਂ ਵੀ ਕੁਝ ਮੰਜ਼ਿਲਾਂ ਪੌੜੀਆਂ ਚੜ੍ਹ ਕੇ ਜਾਉ। ਫਿਰ ਲਿਫਟ ਲਵੋ।

ਦਫ਼ਤਰ ਜਾਂਦੇ ਸਮੇਂ ਲੰਚ ਘਰ ਤੋਂ ਹੀ ਬਣਵਾ ਕੇ ਲੈ ਕੇ ਜਾਉ ਜਿਸ 'ਚ ਘੱਟ ਤੇਲ ਹੋਵੇ। ਜੇਕਰ ਤੁਸੀ ਘਰ ਦਾ ਲੰਚ-ਬਾਕਸ ਛੱਡ ਦਿੱਤਾ ਹੈ ਅਤੇ ਦਫ਼ਤਰ ਕੈਂਟੀਨ ਦਾ ਖਾਣਾ ਖਾ ਰਹੇ ਹੋ ਤਾਂ ਇਸ ਵਿਚ ਜਲਦੀ ਤਬਦੀਲੀ ਕਰੋ। ਜੇਕਰ ਤੁਸੀ ਇਕੱਲੇ ਸ਼ਹਿਰ ਵਿਚ ਹੋ ਤਾਂ ਪੀ ਜੀ ਬਣਨ ਨੂੰ ਪਹਿਲ ਦੇਵੋ ਤਾਂ ਕਿ ਤੁਹਾਨੂੰ ਘਰ ਦਾ ਬਣਿਆ ਭੋਜਨ ਮਿਲ ਸਕੇ। ਕੰਟੀਨ ਤੋਂ ਆਪ ਚਾਹ ਜਾਂ ਕਾਫੀ ਲੈ ਕੇ ਪੀਂਦੇ ਹੋ ਤਾਂ ਇਸ ਨਾਲ ਬਿਸਕੁਟ ਕੇਕ ਜਾਂ ਚਿਪਸ ਨਾ ਖਾਉ। ਘਰ ਦੇ ਭੁੰਨੇ ਹੋਏ ਛੋਲੇ, ਕੁਝ ਭੁੰਨਿਆ ਹੋਇਆ ਨਮਕੀਨ ਜਾਂ ਸਪਰਾਊਟ ਆਦਿ ਲੈ ਕੇ ਜਾਉ ਜਿਸ ਨੂੰ ਚਾਹ ਜਾਂ ਕਾਫੀ ਦੇ ਨਾਲ ਲਵੋ ਤਾਂ ਕਿ ਜ਼ਿਆਦਾ ਕੈਲਰੀ ਸਰੀਰ 'ਚ ਨਾ ਜਾ ਸਕੇ। ਜੇਕਰ ਕੰਟੀਨ ਵਿਚ ਕੁਝ ਆਰਾਮ ਕਰਨ ਦੀ ਸੁਵਿਧਾ ਹੋਵੇ ਤਾਂ ਇਸ ਦਾ ਇਸਤੇਮਾਲ ਜ਼ਰੂਰ ਕਰੋ। ਜੇਕਰ ਆਸ ਪਾਸ ਕੋਈ ਫਿਟਨੈਸ ਕੇਂਦਰ ਹੋਵੇ ਤਾਂ ਸਵੇਰੇ ਜਲਦੀ ਦਫ਼ਤਰ ਪਹੁੰਚ ਕੇ ਕਸਰਤ ਲਈ ਜਾਉ ਜਾਂ ਦਫ਼ਤਰੀ ਸਮੇਂ ਤੋਂ ਬਾਅਦ ਜਿਮ ਜੁਆਇਨ ਕਰੋ। ਲੰਚ ਸਮੇਂ 'ਚ ਖਾਣਾ ਖਾਣ ਤੋਂ ਬਾਅਦ ਕੰਪਿਊਟਰ 'ਤੇ ਗੇਮ ਨਾ ਖੇਡੋ, ਨਾ ਹੀ ਦੋਸਤਾਂ ਦੇ ਨਾਲ ਗੱਪਾਂ ਮਾਰੋ। ਹੋ ਸਕੇ ਤਾਂ ਬਾਹਰ ਥੋੜ੍ਹਾ ਟਹਿਲ ਕੇ ਆਉ।

ਜ਼ਿਆਦਾ ਕੈਲਰੀ ਵਾਲੇ ਖਾਣੇ ਦਾ ਸੇਵਨ ਘੱਟ ਤੋਂ ਘੱਟ ਕਰੋ। ਜਿਸ ਦਿਨ ਸਵੇਰੇ ਕੈਲਰੀ ਵਾਲਾ ਖਾਣਾ ਖਾਣਾ ਪਵੇ ਤਾਂ ਉਸ ਦਿਨ ਅਗਲੇ ਵਕਤ ਦੇ ਖਾਣੇ ਵਿਚ ਉਸ ਨੂੰ ਬਰਾਬਰ ਕਰਨ ਦਾ ਯਤਨ ਕਰੋ। ਜਿਸ ਤਰ੍ਹਾਂ ਦੁੱਧ ਦੇ ਨਾਲ ਫਲ ਲਵੋ, ਸਬਜ਼ੀਆਂ ਦੇ ਸੂਪ ਦੇ ਨਾਲ ਸਿਰਫ਼ ਦੋ ਬਰਾਊਨ ਬ੍ਰੈਡ ਦੇ ਸਲਾਇਸ ਗਰਮ ਕਰ ਕੇ ਖਾਉ।

ਪਾਣੀ ਪੀਣਾ ਹੈ ਤਾਂ ਖੁਦ ਵਾਟਰ ਫਿਲਟਰ ਦੇ ਕੋਲ ਜਾ ਕੇ ਪਾਣੀ ਲੈ ਕੇ ਆਉ। ਵੈਸੇ ਇਕ ਗਿਲਾਸ ਪਾਣੀ ਭਰ ਕੇ ਟੇਬਲ 'ਤੇ ਰੱਖੋ ਤਾਂ ਕਿ ਥੋੜ੍ਹੀ-ਥੋੜ੍ਹੀ ਦੇਰ ਬਾਅਦ ਘੁੱਟ-ਘੁੱਟ ਕਰਕੇ ਪਾਣੀ ਪੀਂਦੇ ਰਹੋ। ਇਸ ਤਰ੍ਹਾਂ ਕਰਨ ਨਾਲ ਭੁੱਖ ਥੋੜ੍ਹੀ ਘੱਟ ਲਗਦੀ ਹੈ ਜਾਂ ਭੁੱਖ ਵੱਲ ਧਿਆਨ ਘੱਟ ਜਾਂਦਾ ਹੈ।

ਜੇਕਰ ਸਾਥੀ ਦੂਸਰੀ ਮੰਜ਼ਿਲ 'ਤੇ ਹੈ ਅਤੇ ਤੁਸੀਂ ਗੱਲ ਕਰਨੀ ਹੈ ਤਾਂ ਮੋਬਾਈਲ ਫੋਨ ਜਾਂ ਐਕਸਟੈਂਸ਼ਨ ਫੋਨ ਦੀ ਵਰਤੋਂ ਨਾ ਕਰ ਕੇ ਖੁਦ ਉਸ ਕੋਲ ਜਾਉ, ਜਿਸ ਨਾਲ ਮੂਵਮੈਂਟ ਬਣੀ ਰਹਿੰਦੀ ਹੈ। ਆਪਣੀ ਕੁਰਸੀ ਤੇ ਬੈਠੇ ਬੈਠੇ ਕੁਝ ਸਟ੍ਰੈਚਿੰਗ ਕਸਰਤਾਂ ਕਰ ਸਕਦੇ ਹੋ ਜਿਸ ਨਾਲ ਸਰੀਰ ਵਿਚ ਚੁਸਤੀ ਬਣੀ ਰਹਿੰਦੀ ਹੈ। ਅੱਖਾਂ, ਗਰਦਨ ਅਤੇ ਪੈਰਾਂ ਦੀਆਂ ਸੂਖਮ ਕਿਰਿਆਵਾਂ ਕਰਦੇ ਰਹੋ ਤਾਂ ਕਿ ਸਰੀਰ ਹਰਕਤ ਵਿਚ ਬਣਿਆ ਰਹੇ।

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਮੌਕੇ ਦੀਆਂ ਗੱਪਾਂ



ਜਿਸ ਦਿਨ ਸੌਦਾ ਸਾਧ ਨੂੰ ਬਲਾਤਕਾਰ ਦੇ ਦੋਸ਼ ਤਾਹਿਤ ਅਦਾਲਤ ਨੇ ਦੋਸ਼ੀ ਮੰਨ ਕੇ ਜੇਲ੍ਹ ਭੇਜ ਦਿੱਤਾ, ਉਸ ਦਿਨ ਤੋਂ ਹੀ ਮੌਕੇ ਦੀਆਂ ਗੱਪ ਖ਼ਬਰਾਂ ਦਾ ਬਜ਼ਾਰ ਧੁੱਖਦਾ ਧੁੱਖਦਾ ਭਾਂਬੜ ਦੇ ਰੂਪ ਵਿੱਚ ਬਦਲ ਗਿਆ। ਰਾਮ ਰਹੀਮ ਸੌਦੇ ਸਾਧ ਦੇ ਜੇਲ੍ਹ ਪਹੁੰਚਦਿਆਂ ਹੀ ਮੌਕੇ ਦੀਆਂ ਗੱਪਾਂ ਪਿੰਡ 'ਚ ਲੱਗੇ ਲਾਊਡ ਸਪੀਕਰ ਵਾਂਗ ਸੁਣਾਈ ਦੇਣ ਲੱਗ ਪਈਆਂ। ਜਿੰਨੇ ਮੂੰਹ ਓਨੀਆਂ ਹੀ ਗੱਲਾਂ। ਕੋਈ ਕਹਿੰਦਾ 'ਸਾਧ ਦੇ ਘੋਚਰੇ ਕੱਫ 'ਤੇ। ਕੋਈ ਕਹਿੰਦਾ ਮੱਕੂ ਬੰਨ੍ਹ 'ਤਾ। ਕੋਈ ਕਹੀ ਜਾਂਦੈ ਪੂਜ 'ਤਾ ਹਰਦੁਆਰੀ ਸੰਖ ਆਂਗੂੰ। ਕੋਈ ਕੁਸ ਤੇ ਕੋਈ ਕੁਸ। ਜਿਵੇਂ ਕਹਿੰਦੇ ਹੁੰਦੇ ਹਨ ਕਿ 'ਫ਼ਲਾਨੇ ਨੂੰ ਕੁੱਟਿਆ ਘੱਟ ਤੇ ਘੜੀਸਿਆ ਬਾਹਲਾ'। ਉਸ ਗੱਲ ਵਾਂਗ ਸੌਦੇ ਸਾਧ ਪ੍ਰਤੀ ਗੱਲਾਂ ਘੱਟ ਤੇ ਅੰਧ ਵਿਸ਼ਵਾਸ ਦੇ ਗੱਪ ਬਹੁਤੇ। ਗੱਪਾਂ ਦੇ ਚੁੱਟਲਕਿਆਂ ਦਾ ਨਾ ਤਾਂ ਅਜੇ ਤੱਕ ਕੁਝ ਬਣਿਐ ਤੇ ਨਾ ਹੀ ਕਦੇ ਕੁਝ ਨਿੰਬੜਿਆ। ਵੱਸ! ਐਵੇਂ ਜਾਭਾਂ ਦੇ ਭੇੜ। ਕੋਈ ਤਾਂ ਕਿਸੇ ਗੱਲ ਦੀ ਬਾਂਹ ਫੜ ਕੇ ਖਿੱਚੀ ਫਿਰਦੈ, ਕੋਈ ਲੱਤ ਫੜ ਕੇ ਘਟੀਸ ਰਿਹੈ। ਕਿਸੇ ਨੇ ਗੱਲ ਦਾ ਮੂੰਹ ਸਿਰ ਹੀ ਵਿਗਾੜ ਦਿੱਤਾ। ਜਿਵੇਂ ਕਿਸੇ ਨੂੰ ਕੁਝ ਸੁੱਝਦਾ ਅਗਲਾ ਓਵੇਂ ਕਹੀ ਜਾਂਦੈ।

ਸਕੂਲੋਂ ਛੁੱਟੀ ਕਰਕੇ ਸੱਥ ਕੋਲ ਦੀ ਲੰਘੇ ਜਾਂਦੇ ਨਵੇਂ ਮਾਸਟਰ ਬਣੇ ਗਿਆਨੀ ਜੱਸਾ ਸਿਉਂ ਦੇ ਮੁੰਡੇ ਜਗਪਾਲ ਨੂੰ ਪਿੰਡ ਦੀ ਸੱਥ 'ਚ ਬੈਠੇ ਬਾਬੇ ਪਾਖਰ ਸਿਉਂ ਨੇ ਬਜ਼ੁਰਗ ਅਵਸਥਾ 'ਚੋਂ ਆਵਾਜ਼ ਮਾਰੀ, "ਪਾਲ! ਪੁੱਤ ਗੱਲ ਸੁਣ ਕੇ ਜਾਈਂ ਓਏ।"

ਬਾਬੇ ਪਾਖਰ ਸਿਉਂ ਦੀ ਆਵਾਜ਼ ਸੁਣਦੇ ਸਾਰ ਹੀ ਜਗਪਾਲ ਮਾਸਟਰ ਇੱਕ ਦਮ ਕੂਹਣੀ ਮੋੜ ਮੁੜ ਕੇ ਬਾਬੇ ਦੇ ਕੋਲ ਇਉਂ ਆ ਬੈਠਾ ਜਿਮੇਂ ਵਤੇਵਿਆਂ ਵਾਲੀ ਬੋਰੀ ਖੂੰਜੇ ਲਾ ਦਿੱਤੀ ਹੋਵੇ। ਸੱਥ ਵਾਲੇ ਥੜ੍ਹੇ 'ਤੇ ਬੈਠਦਿਆਂ ਹੀ ਜਗਪਾਲ ਬੋਲਿਆ, "ਹਾਂ ਬਾਬਾ ਜੀ।"

ਬਾਬਾ ਕਹਿੰਦਾ, "ਯਾਰ ਤੂੰ ਤਾਂ ਮਾਹਟਰ ਲੱਗਿਆਂ ਵਿਐਂ, ਤੈਨੂੰ ਤਾਂ ਖ਼ਬਰਾਂ ਖ਼ੁਬਰਾਂ ਮਿਲਦੀਆਂ ਹੋਣਗੀਆਂ, ਆਹ ਸੌਦੇ ਸਾਧ ਆਲੀ ਗੱਲ ਹੁਣ ਕਿੱਥੋਂ ਕੁ ਤੱਕ ਅੱਪੜੀ ਐ। ਸੁਣਿਐਂ ਉਹ ਜੇਲ੍ਹ 'ਚੋਂ ਕਹਿੰਦੇ ਚਿੜੀ ਬਣ ਕੇ ਨਿੱਕਲ ਗਿਆ, ਸੱਚੀ ਗੱਲ ਐ?"

ਬਾਬੇ ਦੀ ਗੱਲ ਸੁਣ ਕੇ ਮਾਸਟਰ ਮੁਸ਼ਕਣੀਆਂ ਹੱਸ ਕੇ ਕਹਿੰਦਾ, "ਜਦੋਂ ਬਾਬਾ ਜੀ ਮੈਂ ਛੁੱਟੀ ਕਰਕੇ ਸਕੂਲੋਂ ਨਿੱਕਲਿਆ ਤਾਂ ਗਾਮੇ ਪ੍ਰੇਮੀ ਕਾ ਸੁੱਖਾ ਆਵਦੇ ਦਰਾਂ ਮੂਹਰੇ ਖੜ੍ਹਾ ਮੈਨੂੰ ਦੱਸਣ ਲੱਗ ਪਿਆ ਅਕੇ ਕੱਲ੍ਹ ਪਿਤਾ ਜੀ ਚਾਰ ਪੰਜ ਘੰਟੇ ਕਬੂਤਰ ਬਣ ਕੇ ਜੇਲ੍ਹ 'ਤੇ ਉੱਡਿਆ ਫਿਰਦਾ ਰਿਹੈ। ਜੇਲ੍ਹ ਵਾਲਿਆਂ ਦੇ ਭਾਅ ਦੀ ਬਣ ਗੀ ਬਈ ਬਾਬਾ ਗਿਆ ਕਿੱਥੇ। ਜੇਲ੍ਹ ਦੇ ਵੱਡੇ ਅਫ਼ਸਰਾਂ ਨੇ ਵੀ ਸਾਰੀ ਜੇਲ੍ਹ ਪੱਤ ਪੱਤ ਕਰਕੇ ਫਰੋਲ 'ਤੀ। ਅਕੇ ਜਦੋਂ ਬਾਬਾ ਥਿਆਇਆ ਨਾ, ਫੇਰ ਮੋਦੀ ਨੂੰ ਫੋਨ ਕੀਤਾ ਬਈ ਬਾਬਾ ਜੀ ਤਾਂ ਜੇਲ੍ਹ 'ਚੋਂ ਰੂਹ ਪੋਸ਼ ਹੋ ਗੇ, ਥਿਆਹ ਨ੍ਹੀ ਰਹੇ ਹੁਣ ਕੀ ਕਰੀਏ। ਅਕੇ ਮੋਦੀ ਕਹਿੰਦਾ 'ਉਹ ਤਾਂ ਮੇਰੇ ਕੋਲ ਬੈਠੇ ਐ। ਤੁਸੀਂ ਫਿਕਰ ਨਾ ਕਰੋ, ਦੋ ਕੁ ਘੰਟਿਆਂ ਤੱਕ ਆ ਜਾਂਦੇ ਐ। ਰੋਟੀ ਖੁਆ ਕੇ ਭੇਜੂੰਗਾ। ਲੈ ਦੱਸੋ, ਕੀ ਕਰੀਏ ਲੋਕਾਂ ਦਾ। ਅੰਧ ਵਿਸ਼ਵਾਸ ਨ੍ਹੀ ਤਾਂ ਹੋਰ ਕੀਐ ਇਹੇ। ਇਹਨੂੰ ਮੌਕੇ ਦੀਆਂ ਗੱਪ ਖ਼ਬਰਾਂ ਕਹਿੰਦੇ ਐ ਬਾਬਾ ਜੀ।"

ਬੁੱਘਰ ਦਖਾਣ ਕਹਿੰਦਾ, "ਸੁਰਜਨ ਬੁੜ੍ਹੇ ਦੀ ਨੂੰਹ ਵੀ ਬਾਹਲੀ ਵੱਡੀ ਪ੍ਰੇਮਣ ਐ। ਉਹ ਪਤਾ ਕੀ ਬੋਲਦੀ ਐ, ਅਕੇ 'ਪਿਤਾ ਜੀ ਸੁਬ੍ਹਾ ਤਿੰਨ ਵਜੇ ਸਰਸੇ ਆ ਕੇ ਨਹਾ ਕੇ ਦਿਨ ਚੜ੍ਹਦੇ ਨੂੰ ਫੇਰ ਪਹੁੰਚ ਜਾਂਦੇ ਐ ਰੋਹਤਕ ਜੇਲ੍ਹ 'ਚ। ਜਦੋਂ ਨੂੰ ਦੂਜੇ ਕੈਦੀ ਜਾਗਦੇ ਐ, ਉਨ੍ਹਾਂ ਦੇ ਉੱਠਣ ਤੋਂ ਪਹਿਲਾਂ ਪਿਤਾ ਜੀ ਆਵਦੇ ਕਮਰੇ 'ਚ ਭਜਨ ਬੰਦਗੀ ਕਰੀ ਜਾਂਦੇ ਹੁੰਦੇ ਐ। ਲੈ! ਕਮਰਾ ਦੇ 'ਤਾ ਉਹਨੂੰ ਪੰਜ ਤਾਰਾ ਹੋਟਲ ਦਾ।"

ਰਤਨ ਸਿਉਂ ਸੂਬੇਦਾਰ ਟਿੱਚਰ 'ਚ ਕਹਿੰਦਾ, "ਪੰਜ ਤਾਰਾ ਨ੍ਹੀ ਤਾਂ ਵੀਹ ਤਾਰਾ ਤਾਂ ਦੇ ਈ ਦਿੱਤਾ।"

ਪ੍ਰਤਾਪਾ ਭਾਊ ਕਹਿੰਦਾ, "ਚੜ੍ਹਤੇ ਫੌਜੀ ਕਾ ਮੰਗੂ ਕਹੀ ਜਾਂਦਾ ਬਈ ਅਸਲੀ ਬਾਬਾ ਤਾਂ ਬਾਹਰਲੇ ਮੁਲਖ 'ਗਲੈਂਡ ਉੱਠ ਗਿਆ, ਜੇਲ੍ਹ 'ਚ ਤਾਂ ਨਕਲੀ ਬਾਬੇ ਨੂੰ ਤਾੜੀ ਬੈਠੇ ਐ। ਅਸਲੀ ਬਾਬਾ ਤਾਂ ਥਿਆਇਆ ਨ੍ਹੀ ਕਿਸੇ ਨੂੰ। ਲੈ ਦੱਸੋ ਹੁਣ ਕੀ ਬੁੱਝੀਏ?"

ਭਾਨੇ ਕਾ ਗੋਗੜੀ ਕਹਿੰਦਾ, "ਨਾਲੇ ਕਹਿੰਦੇ ਬਾਬਾ ਕਦੇ ਸੱਪ ਬਣ ਜਾਂਦੈ, ਜਦੋਂ ਜੇਲ੍ਹ ਆਲੇ ਉਹਨੂੰ ਮਾਰਨ ਉਹਦੇ ਮਗਰ ਭੱਜਦੇ ਐ ਤਾਂ ਬਾਬਾ ਘੁੱਗੀ ਬਣ ਕੇ ਉੱਡ ਜਾਂਦੈ।"




ਗੱਲਾਂ ਸੁਣੀ ਜਾਂਦਾ ਬਜ਼ੁਰਗ ਆਤਮਾ ਸਿਉਂ ਹੱਸ ਕੇ ਕਹਿੰਦਾ, "ਇਨ੍ਹਾਂ ਨੂੰ ਕਹੋ ਦੱਬੀ ਚੱਲੋ ਜਿਮੇਂ ਗੱਡੀ ਚੱਲਦੀ ਐ ਚਲਾਈ ਚੱਲੋ। ਪ੍ਰੇਮੀਆਂ ਦੀ ਤਾਂ ਘੀਰੂ ਅਮਲੀ ਆਲੀ ਗੱਲ ਐ। ਜਿਮੇਂ ਕਿਸੇ ਦੇ ਮੂੰਹ 'ਤੇ ਕੋਈ ਗੱਲ ਆਉਂਦੀ ਐ ਓਮੇਂ ਈ ਅਗਲਾ ਛੱਡੀ ਜਾਂਦੈ।"

ਪ੍ਰਤਾਪੇ ਭਾਊ ਨੇ ਆਤਮਾ ਸਿਉਂ ਨੂੰ ਪੁੱਛਿਆ, "ਘੀਰੂ ਅਮਲੀ ਆਲੀ ਤਾਊ ਕਿਮੇਂ ਐਂ ਗੱਲ?"

ਆਤਮਾ ਸਿਉਂ ਕਹਿੰਦਾ, "ਖਾਸੇ ਚਿਰ ਦੀ ਗੱਲ ਐ। ਸੋਹਲ ਪੱਤੀ ਆਲਾ ਘੀਰੂ ਅਮਲੀ ਕੇਰਾਂ ਬੰਬਾਰ ਹੋ ਗਿਆ। ਚੰਦ ਬਿੰਬਰ ਦਾ ਮੁੰਡਾ ਰੇਸ਼ਮ ਕਿਤੇ ਘੀਰੂ ਨੂੰ ਸ਼ੈਂਕਲ ਦੀ ਪਿਛਲੀ ਕਾਠੀ 'ਤੇ ਬਹਾ ਕੇ ਸ਼ਹਿਰ ਨੂੰ ਡਾਕਦਾਰ ਦੇ ਲੈ ਤੁਰਿਆ। ਘੀਰੂ ਨੇ ਅਮਲ ਭੋਰਾ ਵੱਧ ਖਾ ਲਿਆ। ਸ਼ਹਿਰ ਨੂੰ ਜਾਂਦਿਆਂ ਕਿਤੇ ਘੀਰੂ ਸ਼ੈਂਕਲ ਤੋਂ ਡਿੱਗ ਪਿਆ। ਰੇਸ਼ਮ ਨੂੰ ਪਤਾ ਨਾ ਲੱਗਿਆ ਬਈ ਘੀਰੂ ਰਾਹ ਚੀ ਡਿੱਗ ਪਿਆ ਕਿਤੇ। ਜਦੋਂ ਰੇਸ਼ਮ ਨੇ ਖਾਸੀ ਦੂਰ ਜਾ ਕੇ ਵੇਖਿਆ ਬਈ ਘੀਰੂ ਤਾਂ ਸ਼ੈਂਕਲ 'ਤੇ ਈ ਹੈ ਨ੍ਹੀ। ਉਹ ਪਿੱਛੇ ਮੁੜ ਪਿਆ ਘੀਰੂ ਨੂੰ ਭਾਲਣ। ਜਦੋਂ ਮੁੜੇ ਆਉਂਦੇ ਰੇਸ਼ਮ ਨੇ ਦੇਖਿਆ ਬਈ ਘੀਰੂ ਤਾਂ ਆਹ ਬੈਠੈ ਖਤਾਨਾਂ 'ਚ ਕਾਂਹੀ ਦੇ ਬੂਝੇ ਨੂੰ ਹੱਥ ਪਾਈ। ਰੇਸ਼ਮ ਸ਼ੈਂਕਲ ਖੜ੍ਹਾ ਕਰਕੇ ਘੀਰੂ ਅਮਲੀ ਨੂੰ ਕਹਿੰਦਾ 'ਐਥੇ ਕਿਮੇਂ ਬੈਠੈਂ ਓਏ। ਮੈਨੂੰ ਦੱਸਿਆ ਨ੍ਹੀ ਤੂੰ ਬਈ ਮੈਂ ਡਿੱਗ ਪਿਆਂ', ਅਕੇ ਘੀਰੂ ਨਸ਼ੇ ਦੀ ਲੋਰ 'ਚ ਰੇਸ਼ਮ ਨੂੰ ਕਹਿੰਦਾ 'ਦੱਬੀ ਚੱਲ ਤੂੰ, ਮੈਂ ਤਾਂ ਲੋਟ ਬੈਠੈਂ'। ਨਸ਼ੇ ਦੀ ਪੀਨਕ ਲੱਗੀ ਕਰਕੇ ਘੀਰੂ ਨੂੰ ਇਉਂ ਲੱਗਿਆ ਜਿਮੇਂ ਉਹ ਸ਼ੈਂਕਲ ਦੀ ਕਾਠੀ 'ਤੇ ਈ ਬੈਠਾ ਹੁੰਦੈ। ਬਿੰਬਰ ਦਾ ਮੁੰਡਾ ਘੀਰੂ ਨੂੰ ਕਹਿੰਦਾ 'ਸ਼ੈਂਕਲ 'ਤੇ ਕਿੱਥੇ ਬੈਠੈਂ, ਤੂੰ ਤਾਂ ਸਰ ਦੇ ਬੂਝੇ ਨੂੰ ਜੱਫਾ ਮਾਰੀ ਬੈਠੈਂ'। ਉੱਠ ਸ਼ੈਂਕਲ 'ਤੇ ਬੈਠ'। ਰੇਸ਼ਮ ਕਹੀ ਜਾਵੇ 'ਤੂੰ ਬੈਠਾ ਕਿਮੇਂ ਐਂ', ਘੀਰੂ ਕਹੇ 'ਮੈਂ ਤਾਂ ਲੋਟ ਬੈਠਾਂ ਤੂੰ ਦੱਬੀ ਚੱਲ'। ਉਹ ਗੱਲ ਪ੍ਰੇਮੀਆਂ ਦੀ ਐ। ਜਿਮੇਂ ਕਿਸੇ ਨੂੰ ਕੋਈ ਗੱਪ ਸੁਝਦੀ ਐ, ਦੱਬੀ ਜਾਂਦੇ ਐ। ਕਿਹੜਾ ਕੋਈ ਪੁੱਛ ਦੱਸ ਐ ਜਾਂ ਕੋਈ ਟੈਕਸ ਲੱਗਦੈ।"

ਜੰਗੇ ਰਾਹੀ ਕਾ ਤੋਤੀ ਕਹਿੰਦਾ, "ਮਕੰਦੇ ਬਾਵੇ ਕੀ ਬੁੜ੍ਹੀ ਕਹਿੰਦੀ 'ਜਦੋਂ ਜੇਲ੍ਹ ਦਾ ਲਾਂਗਰੀ ਪਿਤਾ ਜੀ ਵਾਸਤੇ ਰੋਟੀ ਤੇ ਦਾਲ ਭਾਜੀ ਲੈ ਕੇ ਜਾਂਦੇ ਐ ਤਾਂ ਪਿਤਾ ਜੀ ਰੋਟੀਆਂ ਦੇ ਕਦੇ ਤਾਂ ਮਸੋਸੇ ਬਣਾ ਕੇ ਖਾ ਲੈਂਦੇ ਐ। ਕਦੇ ਰੋਟੀਆਂ ਦੀ ਬਰਫੀ ਬਣਾ ਲੈਂਦੇ ਐ। ਜੇਲ੍ਹ ਆਲੇ ਜੋ ਮਰਜੀ ਦੇਈ ਜਾਣ, ਪਰ ਪਿਤਾ ਜੀ ਰੋਟੀਆਂ ਤੇ ਦਾਲ ਭਾਜੀ ਤੋਂ ਆਵਦੇ ਪਸੰਦ ਦਾ ਖਾਣਾ ਬਣਾ ਕੇ ਖਾ ਲੈਂਦੇ ਐ। ਅੰਬ ਦੇ 'ਚਾਰ ਦੀ ਇੱਕ ਫਾੜੀ ਤੋਂ ਪੂਰਾ ਸਾਬਤ ਅੰਬ ਬਣਾ ਲੈਂਦੇ ਐ। 'ਚਾਰ ਆਲੀਆਂ ਮਿਰਚਾਂ ਤੋਂ ਅਕੇ ਕੇਲੇ ਦੀਆਂ ਛੱਲੀਆਂ ਬਣਾ ਕੇ ਖਾ ਲੈਂਦੇ ਐ।"

ਮਦਨ ਪੰਡਤ ਕਹਿੰਦਾ, "ਮੈਂ ਤਾਂ ਇਉਂ ਵੀ ਸੁਣਿਆ ਅਕੇ ਬਾਬਾ ਰਾਤ ਨੂੰ ਸੌਣ ਵੇਲੇ ਇੱਟਾਂ ਆਲੇ ਥੜ੍ਹੇ ਦਾ ਪਲੰਘ ਬਣਾ ਕੇ ਭੂਤਾਂ ਤੋਂ ਪੋਲੇ ਪੋਲੇ ਗੱਦੇ ਮੰਗਵਾ ਕੇ ਸੌਂਦੈ। ਜਦੋਂ ਨੂੰ ਦੂਜੇ ਕੈਦੀ ਉੱਠਦੇ ਐ, ਉਦੋਂ ਨੂੰ ਭੂਤਾਂ ਗੱਦੇ ਤੇ ਪਲੰਘ ਲੈ ਜਾਂਦੀਐ, ਰਾਤ ਨੂੰ ਸਾਉਣ ਵੇਲੇ ਫੇਰ ਮੰਗਵਾ ਲੈਂਦਾ। ਕੋਈ ਸਮਝ ਨ੍ਹੀ ਆਉਂਦੀ ਯਾਰ।"

ਜਾਗਰ ਸਿਉਂ ਠੇਕੇਦਾਰ ਕਹਿੰਦਾ, "ਮੈਂ ਇਉਂ ਸੁਣਿਐਂ ਬਈ ਬਾਬੇ ਨੇ ਇੱਕ ਦਿਨ ਆਵਦੀ ਬੈਰਕ ਦਾ ਦਰਵਾਜ਼ਾ ਈ ਦੂਜੇ ਪਾਸੇ ਕਰ 'ਤਾ। ਜਦੋਂ ਜੇਲ੍ਹ ਆਲੇ ਓਧਰਲੇ ਪਾਸੇ ਦਰਵਾਜੇ ਵੱਲ ਗਏ ਤਾਂ ਫੇਰ ਤੀਜੇ ਪਾਸੇ ਕਰ 'ਤਾ। ਅਕੇ ਜਦੋਂ ਉਹ ਚਾਰੇ ਪਾਸੀਂ ਖੜ੍ਹ ਗੇ ਤਾਂ ਬਾਬੇ ਨੇ ਬੈਰਕ ਦਾ ਦਰਵਾਜ਼ਾ ਛੱਤ 'ਤੇ ਜਾ ਕੱਢਿਆ। ਕਹਿੰਦੇ ਬੈਰਕ ਨੂੰ ਇਉਂ ਘੁਮਾਈਂ ਫਿਰਦਾ ਜਿਮੇਂ ਜਰਗਾਮਾਂ ਦੀ ਰੋਸ਼ਨੀ 'ਤੇ ਚੰਡੋਲ ਘੁੰਮਦੀ ਹੁੰਦੀ ਐ।"

ਏਨੇ ਚਿਰ ਨੂੰ ਨਾਥਾ ਅਮਲੀ ਵੀ ਸੱਥ 'ਚ ਆ ਦੜਕਿਆ। ਬਾਬਾ ਪਾਖਰ ਸਿਉਂ ਨਾਥੇ ਅਮਲੀ ਨੂੰ ਕਹਿੰਦਾ, "ਓਏ ਸਣਾ ਬਈ ਨਾਥਾ ਸਿਆਂ! ਕੀ ਸੁਣ ਸਣਾ ਕੇ ਆਇਐਂ ਸਰਸੇ ਆਲੇ ਬਾਬੇ ਬਾਰੇ?"

ਨਾਥਾ ਅਮਲੀ ਬਾਬੇ ਪਾਖਰ ਸਿਉਂ ਨੂੰ ਕੁਝ ਤੜ੍ਹ 'ਚ ਬੋਲਿਆ, "ਬਾਬਾ ਤਾਂ ਬਾਬਾ ਨਾਨਕ ਈ ਸੀ ਬਾਬਾ ਪਾਖਰ ਸਿਆਂ। ਬਾਕੀ ਦੇ ਤਾਂ ਪਖੰਡੀ ਸਾਧ ਈ ਐ।"

ਮਾਹਲਾ ਨੰਬਰਦਾਰ ਕਹਿੰਦਾ, "ਚੱਲ! ਸਰਸੇ ਆਲੇ ਬਾਰੇ ਦੱਸਦੇ ਕੀ ਹਾਲ ਐ ਉਹਦਾ ਜੇਲ੍ਹ 'ਚ। ਕਹਿੰਦੇ ਜੇਲ੍ਹ 'ਚੋਂ ਮੱਖੀ ਬਣ ਕੇ ਨਿੱਕਲ ਜਾਂਦਾ ਤੇ ਨਿੱਤ ਮੋਦੀ ਨਾਲ ਦਿੱਲੀਉਂ ਰੋਟੀ ਖਾ ਕੇ ਮੁੜਦੈ?"

ਨਾਥਾ ਅਮਲੀ ਟਿੱਚਰ 'ਚ ਕਹਿੰਦਾ, "ਭਜਨੇ ਰਾਠ ਕੀ ਬੁੜ੍ਹੀ ਕਹੀ ਜਾਂਦੀ ਐ 'ਪਿਤਾ ਜੀ ਜੇਲ੍ਹ ਦੇ ਸਾਰੇ ਕੈਦੀਆਂ ਨੂੰ ਵਾਰੀ ਵਾਰੀ ਚਿੜੀਆਂ ਕਬੂਤਰ ਬਣਾ ਕੇ ਰਾਤ ਨੂੰ ਉਨ੍ਹਾਂ ਨੂੰ ਆਪੋ ਆਪਣੇ ਘਰੀਂ ਪਹੁੰਚਦਾ ਕਰ ਦਿੰਦੇ ਐ। ਤੜਕੇ ਨੂੰ ਹਾਜਰੀ ਲੱਗਣ ਵੇਲੇ ਨੂੰ ਸਾਰੇ ਫੇਰ ਹਾਜਰ ਹੁੰਦੇ ਐ। ਅਕੇ ਕੈਦੀ ਕਹਿੰਦੇ ਜਦੋਂ ਰੱਬ ਈ ਜੇਲ੍ਹ 'ਚ ਆ ਗਿਆ ਅਸੀਂ ਬਾਹਰ ਨਿੱਕਲ ਕੇ ਕੀ ਕਰਨਾ'।"

ਸੱਥ 'ਚ ਗੱਲਾਂ ਸੁਣੀ ਜਾਂਦਾ ਬਿਸ਼ਨੇ ਦਾ ਜੋਗਾ ਕਹਿੰਦਾ, "ਇੱਕ ਫਿਲਮ ਜੀ 'ਚ ਇਹ ਸਾਧ ਕਹੀ ਜਾਂਦੈ 'ਜੀਹਨੇ ਗੇਅਰ ਕਢਾਉਣੈ ਕਢਾਅ ਲੋ ਅਸੀਂ ਲੋਕਾਂ ਦੇ ਗੇਅਰ ਈ ਕੱਢਣ ਆਏ ਆਂ। ਲੈ ਦੱਸ ਬਾਬਾ, ਲੋਕਾਂ ਦੇ ਗੇਅਰ ਕੱਢਦਾ ਕੱਢਦਾ ਆਵਦੇ ਈ ਗੇਅਰ ਕਢਵਾ ਕੇ ਬਹਿ।"

ਨਾਥਾ ਅਮਲੀ ਕਹਿੰਦਾ, "ਗੰਡੇ ਭੋਲੇ ਕਾ ਜੰਟੀ ਦੱਸੇ, ਅਕੇ ਜਦੋਂ ਸਾਧ ਨੂੰ ਜੱਜ ਨੇ ਦੋਸ਼ੀ ਕਹਿ 'ਤਾ ਤਾਂ ਸਾਧ ਦੇ ਚੇਲਿਆਂ ਨੇ ਪੁਲਸ 'ਤੇ ਇੱਟਾਂ ਰੋੜੇ ਚਲਾਉਣੇ ਸ਼ੁਰੂ ਕਰ 'ਤੇ। ਓਧਰ ਪੁਲਸ ਨੇ ਵੀ ਕਸ 'ਤੀਆਂ ਫਿਰ ਨਬਜਾਂ। ਦੋਹਾਂ ਦੀ ਲੜਾਈ 'ਚ ਕਿਤੇ ਆਪਣੇ ਪਿੰਡ ਆਲੀ ਰੇਲੋ ਮਾਈ ਘਿਰ ਗੀ। ਜਦੋਂ ਤਾਂ ਪੁਲਸ ਦੀਆਂ ਡਾਂਗਾਂ ਪੈਣ ਲੱਗ ਜਾਣ ਤਾਂ ਰੇਲੋ ਸਾਧ ਦੇ ਚੇਲਿਆਂ ਵੱਲ ਨੂੰ ਭੱਜ ਲੇ। ਜਦੋਂ ਸਾਧ ਦੇ ਚੇਲਿਆਂ ਵੱਲੋਂ ਰੋੜੇ ਡਲਿਆਂ ਦਾ ਮੀਂਹ ਵਰਨ ਲੱਗ ਜੇ ਤਾਂ ਰੇਲੋ ਪੁਲਸ ਵੱਲ ਨੂੰ ਭੱਜ ਲੇ। ਰੇਲੋ ਮਾਈ ਵਿੱਚ ਵਚਾਲੇ ਫਸੀ ਗਾਂਹ ਪਛਾਂਹ ਨੂੰ ਇਉਂ ਭੱਜੀ ਫਿਰੇ ਜਿਮੇਂ ਸੈਦੋ ਆਲਾ ਰੂਪਾ ਕੌਡੀ ਖੇਡਦਾ ਓਨਾਂ ਈਂ ਗਾਂਹਾਂ ਨੂੰ ਭੱਜ ਲੈਂਦਾ ਸੀ ਤੇ ਓਦੂੰ ਬਾਹਲਾ ਪਿਛਲ ਖੁਰੀ ਭੱਜਦਾ ਸੀ। ਅਕੇ ਰੇਲੋ ਦੋ ਢਾਈ ਘੰਟੇ ਸੈਦੋ ਆਲਾ ਰੂਪਾ ਈ ਬਣੀ ਫਿਰਦੀ ਰਹੀ, ਕਦੇ ਗਾਂਹ ਕਦੇ ਪਛਾਂਹ। ਹਾਰਕੇ ਜਦੋਂ ਦੋਹਾਂ ਪਾਸਿਆਂ ਤੋਂ ਕੁੱਟ ਖਾ ਕੇ ਡਿੱਗ ਪੀ, ਫੇਰ ਚੱਕ ਕੇ ਹੱਥਪਤਾਲ ਲੈ ਗੇ।"

ਬਾਬੇ ਪਾਖਰ ਸਿਉਂ ਨੇ ਪੁੱਛਿਆ, "ਹੁਣ ਆ ਗੀ ਪਿੰਡ ਕੁ ਉੱਥੇ ਹੱਥਪਤਾਲ ਚੀ ਐ?"

ਸੀਤਾ ਮਰਾਸੀ ਕਹਿੰਦਾ, "ਹੁਣ ਤਾਂ ਘਰੇ ਕੁਕੜੀ ਬਣੀ ਪਈ ਐ। ਹੁਣ ਸਾਧ ਦੇ ਨਾਂਅ ਤੋਂ ਇਉਂ ਡਰਦੀ ਐ ਜਿਮੇਂ ਚਿੱਕੜ 'ਚੋਂ ਨਿੱਕਲੇ ਗਾਰੇ ਨਾਲ ਲਿਬੜੇ ਸੂਰ ਤੋਂ ਕਤੂਰਾ ਡਰਦਾ ਹੁੰਦੈ।"

---

ਲੇਖਕ : ਕੁਲਵਿੰਦਰ ਸਿੰਘ ਮਲੋਟ, ਸੰਪਰਕ: 9876064576

# ਆਪਣੀ ਡੁਗਡੁਗੀ...

ਅਜੋਕੇ ਸਮੇਂ ਵਿੱਚ ਕੋਈ ਨਾ ਕੋਈ ਆਪਣੀ ਕਿਸੇ ਪ੍ਰਾਪਤੀ ਨੂੰ ਸ਼ੋਸਲ ਮੀਡੀਆ 'ਤੇ ਪ੍ਰਚਾਰ ਰਿਹਾ ਹੁੰਦਾ ਹੈ। ਐਨਾ ਹੀ ਨਹੀਂ, ਪਾਈ ਗਈ ਪੋਸਟ ਨੂੰ 'ਸ਼ੇਅਰ' ਤੇ 'ਲਾਈਕ' ਕਰਨ ਲਈ ਵੀ ਕਿਹਾ ਜਾਂਦਾ ਹੈ। ਜਦੋਂ ਕਦੇ ਮੇਰਾ ਕੋਈ ਲੇਖ/ਕਵਿਤਾ ਕਿਸੇ ਅਖ਼ਬਾਰ ਜਾਂ ਮੈਗਜ਼ੀਨ ਵਿੱਚ ਪ੍ਰਕਾਸ਼ਿਤ ਹੁੰਦੀ ਹੈ ਤਾਂ ਬਹੁਤੇ ਸੱਜਣਾਂ ਦਾ ਸੁਝਾਅ ਹੁੰਦਾ ਹੈ ਕਿ ਫੇਸਬੁੱਕ 'ਤੇ ਪਾ ਦਿੱਤੀ ਜਾਵੇ। ਇਸ ਵਿਸ਼ੇ 'ਤੇ ਵਾਰਤਾਲਾਪ ਕਰਦਿਆਂ ਮੇਰੇ ਚੇਤਿਆਂ ਵਿੱਚ ਪ੍ਰਿੰਸੀਪਲ ਜਰਨੈਲ ਸਿੰਘ ਦੀ ਗੱਲ ਆ ਜਾਂਦੀ ਹੈ। ਉਹਨਾਂ ਸਾਡੀ ਕਲਾਸ ਨੂੰ ਅੱਠਵੀਂ ਤੋਂ ਦਸਵੀਂ ਤੱਕ ਗਣਿਤ, ਅੰਗਰੇਜ਼ੀ ਆਦਿ ਵਿਸ਼ਿਆਂ ਨੂੰ ਬੜੀ ਮੁਹਾਰਤ ਨਾਲ ਪੜ੍ਹਾਇਆ ਸੀ। ਥਿਊਰਮਾਂ ਕਰਾਉਂਦਿਆਂ ਉਹ ਸਾਡੇ ਹੱਥ ਵਿਚੋਂ ਕਾਪੀ ਪੈੱਨ ਨੂੰ ਬੈਂਚ 'ਤੇ ਰਖਾ ਕੇ 'ਏ ਬੀ' 'ਬੀ ਸੀ' ਕਹਿੰਦੇ ਥਿਊਰਮ ਨਾਲ ਸੰਬੰਧਿਤ ਆਕ੍ਰਿਤੀ ਵੱਲ ਨਾਲੋ ਨਾਲ ਨਜ਼ਰ ਘੁਮਾਈ ਜਾਣ ਲਈ ਕਹਿੰਦੇ ਤੇ ਵਿੱਚ ਵਿੱਚ ਆਪਣੀ ਚੌਕੰਨੀ ਨਜ਼ਰ ਸਾਡੇ ਵੱਲ ਰੱਖਦੇ ਕਿ ਅਸੀਂ ਉਹਨਾਂ ਦੇ ਆਦੇਸ਼ਾਂ ਦਾ ਪਾਲਣ ਕਰ ਰਹੇ ਹਾਂ ਜਾਂ ਨਹੀਂ। ਉਹ ਆਪ ਵੀ ਬਲੈਕ-ਬੋਰਡ ਦੀ ਸੁਚੱਜੀ ਵਰਤੋਂ ਕਰਦੇ ਤੇ ਹੋਰ ਅਧਿਆਪਕਾਂ ਤੋਂ ਵੀ ਅਜਿਹੀ ਆਸ ਰੱਖਦੇ। ਦਸਵੀਂ ਪਾਸ ਕਰਨ ਉਪਰੰਤ ਜਦੋਂ ਵੀ ਉਹਨਾਂ ਨੂੰ ਰਾਜ ਤੇ ਰਾਸ਼ਟਰੀ ਪੁਰਸਕਾਰ ਮਿਲਣ ਦਾ ਪਤਾ ਲੱਗਦਾ ਤਾਂ ਮੈਂ ਉਹਨਾਂ ਨੂੰ ਵਧਾਈ ਪੱਤਰ ਲਿਖਦਾ ਰਿਹਾ। ਜਦੋਂ ਕਦੇ ਵੀ ਉਹਨਾਂ ਨੂੰ ਮਿਲਣ ਦਾ ਸਬੱਬ ਬਣਦਾ ਤਾਂ ਉਹ ਮੇਰੇ ਲਈ ਜ਼ਿੰਦਗੀ ਭਰ ਦਾ ਇੱਕ ਨਵਾਂ ਸਬਕ ਸਾਬਤ ਹੁੰਦਾ। ਇੱਕ ਵਾਰ ਜਦੋਂ ਮੈਂ ਉਹਨਾਂ ਨੂੰ ਮਿਲਣ ਜਾ ਰਿਹਾ ਸਾਂ ਤਾਂ ਮੈਂ ਸ਼ਰਟ ਦੇ ਉਪਰਲੇ ਤੇ ਕਫਾਂ ਦੇ ਬਟਨਾਂ ਨੂੰ ਚੈੱਕ ਕਰਨਾ ਜ਼ਰੂਰੀ ਸਮਝਿਆ। ਮੇਰੇ ਸਾਹਮਣੇ ਸਕੂਲ ਦਾ ਉਹ ਦ੍ਰਿਸ਼ ਸਾਕਾਰ ਹੋ ਗਿਆ ਜਦੋਂ ਸਵੇਰ ਦੀ ਸਭਾ ਵਿੱਚ ਉਹਨਾਂ ਨੇ ਸਾਰਿਆਂ ਨੂੰ ਚੌਕੜੀ ਮਾਰ ਕੇ ਬੈਠਣ ਲਈ ਆਖਿਆ। ਸਿਰ ਉੱਪਰ ਹੱਥ ਰੱਖ ਕੇ ਝੁਕਣ ਦਾ ਹੁਕਮ ਦਿੱਤਾ ਜਿਵੇਂ ਕੋਈ ਕਸਰਤ ਕਰਵਾ ਰਹੇ ਹੋਣ। ਫਿਰ ਉਹ ਲਾਈਨਾਂ ਵਿੱਚ ਘੁੰਮਦੇ ਹੋਏ ਕਿਸੇ ਕਿਸੇ ਬੱਚੇ ਨੂੰ ਉਠਾ ਕੇ ਸਾਹਮਣੇ ਖੜ੍ਹੇ ਹੋਣ ਲਈ ਆਖ ਰਹੇ ਸਨ। ਸਾਹਮਣੇ ਖੜ੍ਹੇ ਹੋਣ ਦਾ ਮਤਲਬ ਸੀ ਕਿ 'ਖੈਰ' ਨਹੀਂ। ਮੈਂ ਚੋਰ ਅੱਖ ਨਾਲ ਦੇਖ ਰਿਹਾ ਸੀ ਕਿ ਅੱਗੇ ਜਾਣ ਵਾਲਿਆਂ ਨੇ ਕੀ ਗਲਤੀ ਕੀਤੀ ਹੈ ਜਿਸ ਤੋਂ ਬਚਿਆ ਜਾ ਸਕੇ। ਐਨੇ ਨੂੰ ਮੈਨੂੰ ਵੀ ਅੱਗੇ ਜਾਣ ਦਾ ਇਸ਼ਾਰਾ ਹੋ ਗਿਆ। ਫਿਰ ਪ੍ਰਿੰਸੀਪਲ ਫੌਜੀ ਜਰਨੈਲ ਵਾਂਗ ਸਾਡੇ ਦੁਆਲੇ ਹੋ ਗਏ, 'ਇਹ ਕਫਾਂ ਦੇ ਬਟਨ ਕਿਉਂ ਖੁੱਲ੍ਹੇ ਛੱਡੇ ਹੈ? ਇਉਂ ਪਤੈ ਕੌਣ ਕਰਦੇ ਹਨ?' ਸਾਡੇ ਵਿੱਚੋਂ ਕਲਾਸ ਵਿੱਚ ਹੁਸ਼ਿਆਰ ਸਮਝੇ ਜਾਂਦੇ ਹਰਪਾਲ ਨੇ ਡਰਦੇ ਡਰਦੇ ਕਿਹਾ, 'ਜੀ ਬਦਮਾਸ਼ ਲੋਕ' ਤੇ ਫਿਰ ਉਨ੍ਹਾਂ ਦੀ ਆਵਾਜ਼ ਗੜ੍ਹਕੀ, 'ਤੇ ਤੁਸੀਂ ਕਿਉਂ ਇਉਂ ਕੀਤਾ ਹੈ?'। ਹੁਣ ਅਸੀਂ ਇੱਕੋ ਸੁਰ ਵਿੱਚ ਬੋਲੇ, 'ਜੀ, ਅੱਗੇ ਤੋਂ ਨਹੀਂ ਕਰਦੇ'। ਉਹਨਾਂ 'ਠੀਕ ਹੈ' ਕਹਿੰਦਿਆਂ ਜਦੋਂ ਸਾਨੂੰ ਬੈਠਣ ਲਈ ਕਿਹਾ ਤਾਂ ਸਾਡੇ ਸਾਹ ਵਿੱਚ ਸਾਹ ਆਇਆ। ਮੈਂ ਸਕੂਲ ਦੇ ਦਰ ਅੱਗੇ ਪਹੁੰਚ ਕੇ ਸਕੂਲ ਨੂੰ ਸਿਜਦਾ ਕੀਤਾ। ਇਥੋਂ ਮੈਂ ਪੜ੍ਹਾਈ ਦੀਆਂ ਮੰਜ਼ਿਲਾਂ ਸਰ ਕੀਤੀਆਂ ਸਨ। ਗੱਲ 'ਸਰ' ਕਰਨ ਵਾਲੀ ਹੀ ਹੈ ਕਿਉਂਕਿ ਜਦੋਂ ਸਕੂਲ ਵਿੱਚ ਦਾਖ਼ਲ ਹੋਇਆ ਸੀ ਤਾਂ ਪੜ੍ਹਾਈ ਪੱਖੋਂ ਬਿਲਕੁਲ ਕੋਰਾ ਹੀ ਸਾਂ। ਅਧਿਆਪਕਾਂ ਦੀ ਮਿਹਨਤ ਸਦਕਾ ਅੱਠਵੀਂ ਵਿੱਚੋਂ 'ਥਰਡ' ਨੌਵੀਂ ਵਿੱਚੋਂ 'ਸੈਕਿੰਡ' ਤੇ ਦਸਵੀਂ ਕਲਾਸ ਵਿੱਚੋਂ 'ਫਸਟ' ਆਇਆ ਸੀ। ਸਵੇਰ ਦੀ ਸਭਾ ਖਤਮ ਹੋਣ ਦਾ ਇੰਤਜ਼ਾਰ ਕਰਨ ਲੱਗਾ। ਪ੍ਰਿੰਸੀਪਲ ਦੇ ਦਫਤਰ ਵਿੱਚ ਪਹੁੰਚਣ ਦੇ ਕੁੱਝ ਮਿੰਟਾਂ ਬਾਅਦ ਮੈਂ ਮਿਲਣ ਲਈ ਬੂਹਾ ਖੋਲ੍ਹਿਆ। ਉਹ ਕਲਰਕ ਤੇ ਹੋਰ ਅਧਿਆਪਕਾਂ ਨੂੰ ਬੁਲਾ ਕੇ ਆਪਣੇ ਵਧੀਆ ਨਤੀਜੇ ਲਈ 'ਇਸ਼ਤਿਹਾਰ' ਛਪਵਾਉਣ ਅਤੇ ਖ਼ਬਰਾਂ ਦੇਣ ਸਬੰਧੀ ਮਸਰੂਫ ਸਨ। ਉਨ੍ਹਾਂ ਮੈਨੂੰ ਬੈਠਣ ਦਾ ਇਸ਼ਾਰਾ ਕੀਤਾ। ਮੈਂ ਜਾਣ ਗਿਆ ਕਿ ਕੱਲ੍ਹ ਦਸਵੀਂ ਦੇ ਬੋਰਡ ਦੇ ਨਤੀਜੇ ਵਿੱਚ ਰਾਜ ਪੱਧਰ 'ਤੇ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ ਸਨ। ਮੇਰੇ ਸੁਭਾਅ ਤੋਂ ਜਾਣੂ ਹੋਣ ਕਾਰਨ ਉਹਨਾਂ ਕਹਿਣਾ ਸ਼ੁਰੂ ਕੀਤਾ, 'ਕੁਲਵਿੰਦਰ, ਪਹਿਲਾਂ ਜੇ ਕੋਈ ਚੰਗਾ ਕੰਮ ਕਰਦਾ ਜਾਂ ਕੋਈ ਨਾਮਣਾ ਖੱਟਦਾ ਤਾਂ ਲੋਕ ਸੱਥਾਂ 'ਚ ਗੱਲਾਂ ਕਰਦੇ, ਉਸ ਦੀ ਪ੍ਰਸ਼ੰਸਾ ਕਰਦੇ, ਹੁਣ ਸਮਾਂ ਬਦਲ ਗਿਆ ਹੈ ਅੱਜਕਲ੍ਹ ਤਾਂ ਆਪਣੀ ਡੁਗਡੁਗੀ ਆਪ ਹੀ ਵਜਾਉਣੀ ਪੈਂਦੀ ਹੈ, ਦੂਸਰਾ ਕੋਈ ਤੁਹਾਡੀ ਸਿਫਤ ਨਹੀਂ ਕਰਦਾ, ਮਾੜੀਆਂ ਗੱਲਾਂ ਦਾ ਜ਼ਿਕਰ ਭਾਵੇਂ ਲੋਕ ਚੁਰਾਹੇ 'ਚ ਖੜ ਕੇ ਕਰ ਦੇਣ।' ਗੱਲ ਕਰਦਿਆਂ ਇੱਕ ਪੈਂਫਲਟ ਉਹਨਾਂ ਨੇ ਮੇਰੇ ਹੱਥ ਵਿੱਚ ਫੜਾ ਦਿੱਤਾ ਜਿਸ 'ਤੇ ਸਟੇਟ ਪੱਧਰ ਦੀਆਂ ਪ੍ਰਾਪਤੀਆਂ ਤੇ ਉੱਚ ਪ੍ਰਤੀਸ਼ਤ ਵਾਲੇ ਬੱਚਿਆਂ ਦਾ ਵੇਰਵਾ ਸੀ। ਪੈਂਫਲਟ 'ਤੇ ਨਜ਼ਰ ਮਾਰਦਿਆਂ ਮੈਂ ਉਹਨਾਂ ਨੂੰ ਵਧਾਈ ਦਿੱਤੀ ਤੇ ਸੋਚਿਆ ਕਿ ਦਸਵੀਂ ਪਾਸ ਵੇਲੇ ਜਿਹੜੀ ਪ੍ਰਾਪਤੀ ਦਾ ਮੈਂ ਮਾਣ ਮਹਿਸੂਸ ਕਰ ਰਿਹਾ ਸੀ, ਉਸ ਤੋਂ ਕਈ ਦਰਜੇ ਜ਼ਿਆਦਾ ਅੰਕਾਂ ਨਾਲ ਸਾਰੇ ਵਿਦਿਆਰਥੀ ਪਾਸ ਹੋਏ ਸਨ। ਹੁਣ ਜਦੋਂ ਕਦੇ ਸ਼ੋਸ਼ਲ ਮੀਡੀਆ 'ਤੇ ਸਵੈ-ਪ੍ਰਸ਼ੰਸਾ ਦੀ ਨੁਮਾਇਸ਼ ਹੁੰਦੀ ਦੇਖਦਾ ਹਾਂ ਤਾਂ ਪ੍ਰਿੰਸੀਪਲ ਦੀ ਆਖੀ ਗੱਲ ਯਾਦ ਆ ਜਾਂਦੀ ਹੈ, ਪਰ ਇੱਕ ਸ਼ਿਕਵਾ ਵੀ ਰਹਿੰਦਾ ਹੈ ਕਿ ਕਿਸੇ ਦੇ ਚੰਗੇ ਕੰਮਾਂ ਦੀ ਚਰਚਾ ਦੂਜੇ ਲੋਕ ਕਿਉਂ ਨਹੀਂ ਕਰਦੇ? ਜੇਕਰ ਸਮਾਜ/ਦੇਸ਼ ਵਿੱਚ ਚੰਗਿਆਈ ਨੂੰ ਦੇਖਣਾ ਚਾਹੁੰਦੇ ਹਾਂ ਤਾਂ ਆਪਣੀ ਡੁਗਡੁਗੀ ਵਜਾਉਣ ਦੀ ਥਾਂ ਅਸਲ ਜ਼ਿੰਦਗੀ ਵਿੱਚ ਦੂਜਿਆਂ ਨੂੰ ਉਤਸ਼ਾਹਿਤ ਕਰਨਾ ਪਵੇਗਾ।

# ਦੇਸੀ ਤੜਕਾ

## ਟੇਸਟੀ ਅਤੇ ਸਪਾਇਸੀ ਇੰਡੀਅਨ ਪਨੀਰ ਸੈਂਡਵਿਚ ਰੈਪ

### ਸਮੱਗਰੀ

- 1/2 ਚਮਚ ਤੇਲ ਦੋ ਭਾਗਾਂ 'ਚ
- 160 ਗ੍ਰਾਮ ਸ਼ਿਮਲਾ ਮਿਰਚ
- 100 ਗ੍ਰਾਮ ਪਿਆਜ਼
- ਸਲਾਦ

(ਪੇਸਟ ਦੇ ਲਈ)

- 25 ਗ੍ਰਾਮ ਧਨੀਆ
- 1 ਹਰੀ ਮਿਰਚ
- 1/2 ਚਮਚ ਨਮਕ
- 1 ਚਮਚ ਨਿੰਬੂ ਦਾ ਰਸ
- 280 ਗ੍ਰਾਮ ਕਰੀਮ
- 1/2 ਚਮਚ ਕਾਲੀ ਮਿਰਚ
- 1/2 ਚਮਚ ਚਿੱਲੀ ਫਲੈਕਸ
- 1 ਚਮਚ ਅਜਵਾਇਨ ਦੀ ਪੱਤੀ
- 3/4 ਚਮਚ ਨਮਕ
- 2 ਲਸਣ ਦੀਆਂ ਕਲੀਆਂ
- 2 ਹਰੀ ਮਿਰਚ
- 35 ਗ੍ਰਾਮ ਧਨੀਆ
- 1/2 ਚਮਚ ਨਿੰਬੂ ਦਾ ਰਸ
- 1/2 ਚਮਚ ਤੇਲ
- 350 ਗ੍ਰਾਮ ਪਨੀਰ



ਬਣਾਉਣ ਦੀ ਵਿਧੀ

1. ਬਲੈਂਡਰ 'ਚ 1/2 ਚਮਚ ਕਾਲੀ ਮਿਰਚ, 1/2 ਚਮਚ ਚਿੱਲੀ ਫਲੈਕਸ, 1 ਚਮਚ ਅਜਵਾਇਨ ਦੀ ਪੱਤੀ, 3/4 ਚਮਚ ਨਮਕ, 2 ਲਸਣ ਦੀਆਂ ਕਲੀਆਂ, 2 ਹਰੀ ਮਿਰਚ, 35 ਗ੍ਰਾਮ ਧਨੀਆ, 1/2 ਚਮਚ ਨਿੰਬੂ ਦਾ ਰਸ ਅਤੇ 1/2 ਚਮਚ ਤੇਲ ਪਾ ਕੇ ਪੇਸਟ ਤਿਆਰ ਕਰ ਲਓ।
2. ਇਕ ਬਾਊਲ 'ਚ ਪਨੀਰ ਅਤੇ ਤਿਆਰ ਕੀਤਾ ਪੇਸਟ ਪਾ ਕੇ ਚੰਗੀ ਤਰ੍ਹਾਂ ਮਿਲਾ ਲਓ। ਫਿਰ ਬਲੈਂਡਰ 'ਚ 25 ਗ੍ਰਾਮ ਧਨੀਆਂ, 1 ਹਰੀ ਮਿਰਚ, 1/2 ਚਮਚ ਨਮਕ ਅਤੇ 1 ਨਿੰਬੂ ਦਾ ਰਸ ਪਾ ਕੇ ਪੀਸ ਲਓ।
3. ਹੁਣ ਇਸ ਮਿਸ਼ਰਣ ਨੂੰ ਸਾਓਸ 'ਚ ਪਾ ਕੇ ਚੰਗੀ ਤਰ੍ਹਾਂ ਮਿਕਸ ਕਰੋ।
4. ਇਕ ਪੈਨ 'ਚ ਤੇਲ ਗਰਮ ਕਰਕੇ ਸ਼ਿਮਲਾ ਮਿਰਚ ਅਤੇ ਪਿਆਜ਼ ਪਾ ਕੇ ਚੰਗੀ ਤਰ੍ਹਾਂ ਭੁੰਨ ਲਓ ਅਤੇ 3-5 ਮਿੰਟ ਲਈ ਪਕਾਓ।
5. ਇਕ ਹੋਰ ਪੈਨ 'ਚ ਤੇਲ ਗਰਮ ਕਰਕੇ ਤਿਆਰ ਕੀਤੇ ਪਨੀਰ ਦੇ ਪੇਸਟ ਨੂੰ 3-5 ਮਿੰਟ ਲਈ ਫ੍ਰਾਈ ਕਰੋ।
6. ਇਸ ਤੋਂ ਬਾਅਦ ਰੋਟੀ ਲਓ ਅਤੇ ਉਸ ਦੇ ਉੱਪਰ ਤਿਆਰ ਕੀਤੀ ਕਰੀਮ ਪਾ ਕੇ ਚੰਗੀ ਤਰ੍ਹਾਂ ਫੈਲਾਓ। ਫਿਰ ਇਸ ਦੇ ਉੱਪਰ ਸਲਾਦ, ਪਿਆਜ਼ ਦਾ ਪੇਸਟ ਅਤੇ ਪਨੀਰ ਪਾ ਕੇ ਰੋਲ ਕਰੋ।
7. ਸਪਾਇਸੀ ਇੰਡੀਅਨ ਪਨੀਰ ਸੈਂਡਵਿਚ ਰੈਪ ਤਿਆਰ ਹੈ। ਸਰਵ ਕਰੋ।

## ਮੈਗੀ ਸੈਂਡਵਿਚ

*ਜੇ ਤੁਸੀਂ ਵੀ ਮੈਗੀ ਖਾਣ ਦੇ ਸ਼ੌਕੀਨ ਹੋ ਪਰ ਵਾਰ-ਵਾਰ ਉਹੀ ਬੋਰਿੰਗ ਤਰੀਕੇ ਨਾਲ ਮੈਗੀ ਖਾ ਕੇ ਬੋਰ ਹੋ ਗਏ ਹੋ ਤਾਂ ਇਸ ਵਾਰ ਤੁਸੀਂ ਘਰ 'ਚ ਮੈਗੀ ਸੈਂਡਵਿਚ ਬਣਾ ਸਕਦੇ ਹੋ। ਇਹ ਬਣਾਉਣ 'ਚ ਆਸਾਨ ਅਤੇ ਖਾਣ 'ਚ ਬੇਹੱਦ ਟੇਸਟੀ ਹੋਵੇਗਾ। ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ...*



### ਸਮੱਗਰੀ

- 2 ਵੱਡੇ ਚੱਮਚ ਤੇਲ
- 1 ਵੱਡਾ ਚੱਮਚ ਜੀਰਾ
- 60 ਗ੍ਰਾਮ ਪਿਆਜ਼
- 1/4 ਚੱਮਚ ਹਲਦੀ
- 1/4 ਚੱਮਚ ਕਾਲੀ ਮਿਰਚ ਪਾਊਡਰ
- 60 ਗ੍ਰਾਮ ਸ਼ਿਮਲਾ ਮਿਰਚ
- 60 ਗ੍ਰਾਮ ਗਾਜਰ
- 350 ਮਿਲੀਲੀਟਰ ਪਾਣੀ
- 2 ਵੱਡੇ ਚੱਮਚ ਮੈਗੀ ਮਸਾਲਾ
- 120 ਗ੍ਰਾਮ ਮੈਗੀ
- 1/2 ਚੱਮਚ ਨਮਕ
- ਬ੍ਰੈੱਡ ਸਲਾਈਸ
- ਕੈਚੱਪ ਸੁਆਦ ਮੁਤਾਬਕ
- ਤੇਲ

ਬਣਾਉਣ ਦੀ ਵਿਧੀ

1. ਇਕ ਪੈਨ 'ਚ 2 ਵੱਡੇ ਚੱਮਚ ਤੇਲ ਪਾ ਕੇ ਗਰਮ ਕਰੋ। ਇਸ 'ਚ ਵੱਡਾ ਚੱਮਚ ਜੀਰਾ ਪਾ ਕੇ ਚੰਗੀ ਤਰ੍ਹਾਂ ਨਾਲ ਮਿਲਾਓ।
2. ਇਸ ਤੋਂ ਬਾਅਦ ਇਸ 'ਚ 60 ਗ੍ਰਾਮ ਪਿਆਜ਼ ਪਾ ਕੇ ਭੁੰਨ ਲਓ। ਬਾਅਦ 'ਚ ਹਲਦੀ, ਕਾਲੀ ਮਿਰਚ ਪਾਊਡਰ ਪਾ ਕੇ ਚੰਗੀ ਤਰ੍ਹਾਂ ਨਾਲ ਮਿਲਾ ਲਓ।
3. ਫਿਰ 60 ਗ੍ਰਾਮ ਸ਼ਿਮਲਾ ਮਿਰਚ, 60 ਗ੍ਰਾਮ ਗਾਜਰ ਪਾ ਕੇ ਮਿਕਸ ਕਰ ਲਓ। ਇਸ ਨੂੰ 3 ਤੋਂ 5 ਮਿੰਟ ਤੱਕ ਪਕਾਓ।
4. ਇਸ ਮਿਸ਼ਰਣ 'ਚ 350 ਮਿਲੀਲੀਟਰ ਪਾਣੀ , 2 ਵੱਡੇ ਚੱਮਚ ਮੈਗੀ ਮਸਾਲਾ ਪਾਉਣ ਦੇ ਬਾਅਦ 120 ਗ੍ਰਾਮ ਮੈਗੀ ਪਾ ਕੇ ਚੰਗੀ ਤਰ੍ਹਾਂ ਨਾਲ ਪਾ ਲਓ।
5. ਇਸ 'ਚ 1/2 ਚੱਮਚ ਨਮਕ ਮਿਲਾ ਕੇ ਇਕ ਸਾਈਡ ਰੱਖ ਦਿਓ।
6. ਇਕ ਬਰੈੱਡ ਸਲਾਈਸ ਲਓ ਅਤੇ ਉਸ 'ਤੇ ਥੋੜ੍ਹਾ ਕੈਚੱਪ ਲਗਾਓ। ਇਸ ਦੇ ਉੱਪਰ ਥੋੜ੍ਹੀ ਜਿਹੀ ਮੈਗੀ ਪਾ ਕੇ ਚੰਗੀ ਤਰ੍ਹਾਂ ਨਾਲ ਫੈਲਾਓ।
7. ਇਸ ਤੋਂ ਬਾਅਦ ਇਸ 'ਤੇ ਕਦੂਕਸ ਕੀਤਾ ਹੋਇਆ ਪਨੀਰ ਪਾ ਕੇ ਉੱਪਰੋਂ ਦੂਜੀ ਬਰੈੱਡ ਸਲਾਈਸ ਲਗਾ ਦਿਓ।
8. ਇਸ ਤੋਂ ਬਾਅਦ ਸੈਂਡਵਿਚ ਨੂੰ ਗ੍ਰਿਲਰ 'ਚ ਰੱਖ ਦਿਓ ਅਤੇ ਬਰੱਸ਼ ਦੀ ਮਦਦ ਨਾਲ ਤੇਲ ਲਗਾਓ।
9. ਫਿਰ ਇਸ ਨੂੰ ਸੁਨਿਹਰਾ ਭੂਰਾ ਹੋਣ ਤੱਕ ਟੋਸਟ ਕਰ ਲਓ। ਇਸ ਨੂੰ ਗ੍ਰਿਲਰ 'ਚੋਂ ਕੱਢ ਕੇ ਅੱਧਾ ਕੱਟ ਲਓ।
10. ਤੁਹਾਡਾ ਮੈਗੀ ਸੈਂਡਵਿਚ ਤਿਆਰ ਹੈ ਇਸ ਨੂੰ ਸਰਵ ਕਰੋ।

# ਤਕਨਾਲੋਜੀ ਟਾਈਮਜ਼

## NVIDIA ਨੇ CGI ਵਾਂਗ ਦਿਸਣ ਵਾਲਾ ਬਲੂ ਰੋਬੋਟ ਕੀਤਾ ਲਾਂਚ



ਕਿਸੇ ਵੀ ਇਨਸਾਨ ਲਈ ਆਪਣੇ ਘਰ ਦੇ ਆਲੇ-ਦੁਆਲੇ ਇੱਕ ਮਦਦਗਾਰ ਰੋਬੋਟ ਸਾਥੀ ਹੋਣਾ ਸੁਪਨੇ ਵਾਂਗ ਹੈ। ਪਰ ਅਮਰੀਕੀ ਤਕਨੀਕੀ ਫਰਮ Nvidia ਹੁਣ ਇਸ ਨੂੰ ਹਕੀਕਤ ਬਣਾਉਣ ਲਈ ਉਤਸੁਕ ਕੰਪਨੀਆਂ ਵਿੱਚੋਂ ਇੱਕ ਹੈ। ਕੈਲੀਫੋਰਨੀਆ ਵਿੱਚ ਚਿੱਪ ਦਿੱਗਜ ਨੇ ਬਲੂ ਦਾ ਪਰਦਾਫਾਸ਼ ਕੀਤਾ, ਜੋ ਦੋ ਪੈਰਾਂ ਵਾਲਾ ਇੱਕ ਪਿਆਰਾ ਉੱਨਤ ਅੀ-ਸੰਚਾਲਿਤ ਰੋਬੋਟ ਹੈ ਅਤੇ ਸਿਰਫ 3 ਫੁੱਟ ਉੱਚਾ ਹੈ।

ਫੁਟੇਜ ਵਿੱਚ ਬਲੂ ਨੂੰ ਦਿਖਾਇਆ ਗਿਆ ਹੈ - ਜੋ ਕਿ ਪਿਕਸਰ ਕਲਾਸਿਕ ਵਾਲ-ਈ ਦੇ ਰੋਬੋਟ ਵਰਗਾ ਦਿਖਾਈ ਦਿੰਦਾ ਹੈ -Nvidia dy CEO Jensen Huang ਦੁਆਰਾ ਪੇਸ਼ ਕੀਤੇ ਜਾਣ ਦੇ ਬਾਅਦ ਸਟੇਜ 'ਤੇ ਚੱਲਦਾ ਦਿਖਾਈ ਦਿੰਦਾ ਹੈ। ਸਟਾਰਸ ਵਾਰਸ ਵਿਚ ਛ-3ਫੋ ਨਾਲ ਗੱਲ ਕਰਨ ਵਾਲੇ R2-D2 ਵਾਂਗ ਬਲੂ ਆਪਣੇ ਮਾਲਕ ਵੱਲ ਵੇਖਦੇ ਹੋਏ ਬੀਪ ਅਤੇ ਬਲੂਪ ਦੀ ਇਕ ਪਿਆਰੀ ਲੜੀ ਨਾਲ ਪ੍ਰਤੀਕਿਰਿਆ ਕਰਦਾ ਹੈ। NVIDIA ਅਤੇ Deepmind ਦੁਆਰਾ ਵਿਕਸਤ ਕੀਤੇ ਗਏ ਇੱਕ ਓਪਨ-ਸੋਰਸ ਭੌਤਿਕ ਵਿਗਿਆਨ ਇੰਜਣ ਨਿਊਟਨ 'ਤੇ ਚੱਲਦਾ ਹੈ। ਇਹ ਇੰਨਾ ਵਧੀਆ ਹੈ ਕਿ ਇਹ 3d ਰੈਂਡਰ ਵਰਗਾ ਲੱਗਦਾ ਹੈ, ਪਰ ਇਹ ਅਸਲ ਵਿੱਚ ਅਸਲੀ ਹੈ। ਹਾਲਾਂਕਿ ਅਜਿਹਾ ਲਗਦਾ ਹੈ ਕਿ ਬਲੂ 'ਤੇ ਅਜੇ ਵੀ ਬਹੁਤ ਸਾਰਾ ਕੰਮ ਕਰਨਾ ਬਾਕੀ ਹੈ।

## ਹੁਣ ਵਟਸਐਪ ਨੂੰ ਵੀ ਇੰਟਾਗ੍ਰਾਮ ਨਾਲ ਕੀਤਾ ਜਾ ਸਕੇਗਾ ਲਿੰਕ

ਮੇਟਾ ਵਟਸਐਪ ਦੇ iOS ਐਪ ਲਈ ਇਕ ਨਵੇਂ ਫੀਚਰ 'ਤੇ ਕੰਮ ਕਰ ਰਿਹਾ ਹੈ। ਇਸ ਨਵੇਂ ਫੀਚਰ ਨਾਲ ਯੂਜ਼ਰਸ ਆਪਣੇ ਇੰਸਟਾਗ੍ਰਾਮ ਪ੍ਰੋਫਾਈਲ ਨੂੰ ਆਪਣੇ ਵਟਸਐਪ ਅਕਾਊਂਟ ਨਾਲ ਲਿੰਕ ਕਰ ਸਕਣਗੇ। 'ਹਓਟਸਅਪਪ ਫੀਚਰ ਟਰੈਕਰ WABetaInfo ਦੁਆਰਾ ਦੇਖਿਆ ਗਿਆ, ਇਹ ਫੀਚਰ ਇਸ ਸਮੇਂ ਬੀਟਾ ਟੈਸਟਿੰਗ 'ਚ ਹੈ ਅਤੇ ਸੀਮਤ ਟੈਸਟਰਾਂ ਲਈ ਉਪਲਬਧ ਹੈ। ਆਓ WhatsApp ਦੇ ਆਉਣ ਵਾਲੇ ਫੀਚਰ ਬਾਰੇ ਵਿਸਥਾਰ 'ਚ ਜਾਣਦੇ ਹਾਂ।

WABetaInfo ਦੇ ਅਨੁਸਾਰ, ਇਹ ਫੀਚਰ iOS ਵਰਜਨ 25.7.10.70 ਲਈ WhatsApp ਬੀਟਾ 'ਚ ਦੇਖਿਆ ਗਿਆ ਸੀ। ਇਸ ਫੀਚਰ ਦੇ ਆਉਣ ਤੋਂ ਬਾਅਦ, ਉਪਭੋਗਤਾਵਾਂ ਕੋਲ ਆਪਣੇ WhatsApp ਪ੍ਰੋਫਾਈਲ 'ਤੇ ਆਪਣੇ ਇੰਸਟਾਗ੍ਰਾਮ ਪ੍ਰੋਫਾਈਲ ਲਿੰਕ ਨੂੰ ਪ੍ਰਦਰਸ਼ਿਤ ਕਰਨ ਦਾ ਵਿਕਲਪ ਹੋਵੇਗਾ। ਇਸ ਤੋਂ ਇਲਾਵਾ, ਇਹ ਲਿੰਕ ਉਪਭੋਗਤਾਵਾਂ ਦੀਆਂ ਪ੍ਰੋਫਾਈਲ ਫੋਟੋਆਂ ਅਤੇ ਨਾਵਾਂ ਦੇ ਹੇਠਾਂ ਦਿਖਾਈ ਦੇਣ ਦੀ ਉਮੀਦ ਹੈ, ਜਿਸ ਨਾਲ ਉਨ੍ਹਾਂ ਲੋਕਾਂ ਲਈ ਦਿੱਖ ਵਧੇਗੀ ਜੋ ਮੈਟਾ-ਮਾਲਕੀਅਤ ਵਾਲੇ ਪਲੇਟਫਾਰਮ 'ਤੇ ਆਪਣੇ ਖਾਤਿਆਂ ਨੂੰ ਜੋੜਨਾ ਚਾਹੁੰਦੇ ਹਨ। ਉਪਭੋਗਤਾਵਾਂ ਨੂੰ ਇਹ ਵੀ ਨਿਯੰਤਰਣ ਕਰਨ ਦੀ ਆਗਿਆ ਹੋਵੇਗੀ ਕਿ ਉਨ੍ਹਾਂ ਦੇ ਲਿੰਕ ਕੀਤੇ ਇੰਸਟਾਗ੍ਰਾਮ ਪ੍ਰੋਫਾਈਲਾਂ ਨੂੰ ਕੌਣ ਦੇਖ ਸਕਦਾ ਹੈ।

WhatsApp ਕਈ ਤਰ੍ਹਾਂ ਦੀਆਂ ਪ੍ਰਾਇਵੇਸੀ ਸੈਟਿੰਗਾਂ ਦੀ ਪੇਸ਼ ਕਰ ਰਿਹਾ ਹੈ, ਜਿਸ 'ਚ ਓਵਰਰੋਣ, My Contacts, My Contacts Except, ਅਤੇ No Buddy ਸ਼ਾਮਲ ਹਨ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਉਪਭੋਗਤਾਵਾਂ ਨੂੰ ਆਪਣੀ ਪ੍ਰੋਫਾਈਲ ਦ੍ਰਿਸ਼ਟੀ ਅਤੇ ਪ੍ਰਾਇਵੇਸੀ 'ਤੇ ਪੂਰਾ ਨਿਯੰਤਰਣ ਰੱਖਣਾ ਚਾਹੀਦਾ ਹੈ। ਇਹ ਫੀਚਰ ਪੂਰੀ ਤਰ੍ਹਾਂ ਵਿਕਲਪਿਕ ਹੋਵੇਗੀ, ਜਿਸ ਨਾਲ ਉਪਭੋਗਤਾਵਾਂ ਨੂੰ ਇਹ ਫੈਸਲਾ ਕਰਨ ਦੀ ਆਗਿਆ ਮਿਲੇਗੀ ਕਿ ਉਹ ਆਪਣੇ ਇੰਸਟਾਗ੍ਰਾਮ ਖਾਤੇ ਨੂੰ ਲਿੰਕ ਕਰਨਾ ਚਾਹੁੰਦੇ ਹਨ ਜਾਂ ਨਹੀਂ।

ਮੌਜੂਦਾ ਸਮੇਂ 'ਚ ਇੰਸਟਾਗ੍ਰਾਮ ਇਕਲੌਤਾ ਸੋਸ਼ਲ ਮੀਡੀਆ ਪਲੇਟਫਾਰਮ ਹੈ ਜੋ ਇਸ ਫੀਚਰ ਦਾ ਸਮਰਥਨ ਕਰਦਾ ਹੈ। ਹਾਲਾਂਕਿ, ਇਹ ਉਮੀਦ ਕੀਤੀ ਜਾਂਦੀ ਹੈ ਕਿ WhatsApp ਭਵਿੱਖ 'ਚ ਮੈਟਾ ਦੀ ਮਲਕੀਅਤ ਵਾਲੇ ਹੋਰ ਪਲੇਟਫਾਰਮਾਂ ਜਿਵੇਂ ਕਿ ਫੇਸਬੁੱਕ ਅਤੇ ਥ੍ਰੈਡਸ ਨੂੰ ਵੀ ਸਮਰਥਨ ਦੇ ਸਕਦਾ ਹੈ। ਅਜਿਹੇ ਬਦਲਾਅ ਮੈਟਾ ਦੀਆਂ ਸੋਸ਼ਲ ਨੈੱਟਵਰਕਿੰਗ ਅਤੇ ਮੈਸੇਜਿੰਗ ਸੇਵਾਵਾਂ ਵਿਚਕਾਰ ਏਕੀਕਰਨ ਨੂੰ ਹੋਰ ਵੀ ਆਸਾਨ ਬਣਾ ਸਕਦੇ ਹਨ।

ਤੁਹਾਨੂੰ ਦੱਸ ਦੇਈਏ ਕਿ ਇਸ ਵੇਲੇ ਇਹ ਫੀਚਰ ਟੈਸਟਿੰਗ ਅਧੀਨ ਹੈ ਪਰ ਕਥਿਤ ਤੌਰ 'ਤੇ ਸਿਰਫ਼ ਐਪਲ ਦੇ ਟੈਸਟਫਲਾਈਟ ਬੀਟਾ ਪ੍ਰੋਗਰਾਮ 'ਚ ਨਾਮ ਦਰਜ ਕੀਤੇ ਉਪਭੋਗਤਾ ਹੀ ਇਸ ਦੀ ਵਰਤੋਂ ਕਰ ਸਕਦੇ ਹਨ। WABetaInfo ਸੁਝਾਅ ਦਿੰਦਾ ਹੈ ਕਿ ਇਹ ਫੰਕਸ਼ਨ ਅਜੇ ਵੀ ਕੰਮ ਅਧੀਨ ਹੈ ਅਤੇ ਆਉਣ ਵਾਲੇ ਹਫ਼ਤਿਆਂ 'ਚ ਬੀਟਾ ਟੈਸਟਰਾਂ ਦੇ ਇਕ ਵੱਡੇ ਸਮੂਹ 'ਚ ਇਸ ਨੂੰ ਰੋਲਆਊਟ ਕੀਤਾ ਜਾ ਸਕਦਾ ਹੈ। ਇਸ ਤੋਂ ਪਹਿਲਾਂ, WhatsApp iOS ਲਈ ਟੈਸਟਿੰਗ 'ਚ ਇਕ ਸਮਾਨ ਫੀਚਰ ਦੇਖਿਆ ਗਿਆ ਸੀ ਪਰ ਇਹ ਸਿਰਫ ਪ੍ਰੀਵਿਊ ਮੋਡ 'ਚ ਉਪਲਬਧ ਸੀ।

# ਕਾਵਿ ਕਿਆਰੀ

## ਦੁਨੀਆਦਾਰੀ

ਦੁਨੀਆ ਵਿੱਚ ਜੇ ਰਹਿਣਾ ਐ
ਤਾਂ ਦੁਨੀਆ ਵਰਗਾ ਹੋਣਾ ਸਿੱਖ

ਹੱਸਦਾ ਚਿਹਰਾ ਸਾਹਮਣੇ ਰੱਖ
ਅੰਦਰ ਦਰਦ ਲੁਕਾਉਣਾ ਸਿੱਖ।

ਜੇ ਆਪਣੀ ਗੱਲ ਸੁਣਾਵੇਂਗਾ
ਕੋਈ ਨਹੀਂ ਏਥੇ ਸੁਣਨ ਵਾਲਾ

ਜੋ ਅਗਲੇ ਸੁਣਨੀ ਚਾਹੁੰਦੇ ਨੇ
ਬਸ ਉਹੀ ਗੱਲ ਸੁਣਾਉਣਾ ਸਿੱਖ।

ਮਿੱਟੀ ਨੂੰ ਕਹਿਕੇ ਸੋਨਾ ਵੇਚ
ਤੇ ਸੋਨੇ ਦੇ ਮੁੱਲ ਮਿੱਟੀ ਪਾ

ਹੱਥਾਂ ਤੇ ਸਰ੍ਹੋਂ ਜਮਾ ਦਿਆ ਕਰ
ਅੰਬਰਾਂ ਨੂੰ ਟਾਕੀ ਲਾਉਣਾ ਸਿੱਖ।

ਧਰਮੀ ਬਣ ਜਾ ਕਰਮੀ ਬਣ ਜਾ
ਤੇ ਕੋਈ ਧੰਦਾ ਤੋਰ ਪਾਖੰਡਾਂ ਦਾ

ਤੇਰੇ ਹੱਕ 'ਚ ਨਾਅਰੇ ਲੱਗਣਗੇ
ਧਰਮਾਂ ਦੇ ਨਾਂ ਭੜਕਾਉਣਾ ਸਿੱਖ।

ਹੱਕ ਨਾ ਮੰਗੀਂ ਸੱਚ ਨਾ ਬੋਲੀਂ
ਕਦੇ ਉਲਟ ਹਵਾਵਾਂ ਦੇ ਨਾ ਚੱਲੀਂ

ਜਾਗਦਿਆਂ ਰਹਿ ਸੁਪਨੇ ਨਾ ਵੇਖੀਂ
ਜੇ ਸੁਪਨੇ ਵੇਖਣੇ ਆ ਸੌਣਾ ਸਿੱਖ।

ਸ਼ਾਇਰਾ ਕਾਇਰਾਂ ਵਰਗਾ ਹੋਜਾ
ਕਲਮ ਨੂੰ ਕਾਬੂ ਦੇ ਵਿੱਚ ਰੱਖੀਂ

ਗੁਲਾਮੀ ਦੀ ਜੰਜੀਰਾਂ ਵਿੱਚ ਬਹਿਕੇ
'ਜੱਸੀ' ਜ਼ਸ਼ਨ ਮਨਾਉਣਾ ਸਿੱਖ।

ਲੇਖਕ : ਜਗਤਾਰ ਗਰੇਵਾਲ 'ਸਕਰੌਦੀ'
ਸੰਪਰਕ: 94630-36033

## ਮੇਰਾ ਜ਼ਖਮ

ਕਦੇ ਭਰਦਾ ਏ, ਕਦੇ ਛਿਲਦਾ ਏ,
ਕੁੱਝ ਹੋਰ ਨਹੀਂ, ਇਹ ਮੇਰਾ ਜ਼ਖਮ ।

ਕੁੱਝ ਹੁਣ ਦਾ ਏ, ਕੁੱਝ ਪਹਿਲਾਂ ਦਾ ਏ,
ਕੁੱਝ ਹਿਜ਼ਰ ਦਾ ਏ, ਕੁੱਝ ਵਸਲ ਦਾ ਏ,
ਕੁੱਝ ਹੋਰ ਨਹੀਂ, ਇਹ ਮੇਰਾ ਜ਼ਖਮ ।
ਇਹਦਾ ਅੰਗਾਂ ਉੱਤੇ ਨਿਸ਼ਾਨ ਨਹੀ,
ਮੇਰੀਆਂ ਅੱਖਾਂ ਵਿੱਚੋਂ ਦਿਖਦਾ ਏ,
ਕਦੇ ਭਰਦਾ ਏ, ਕਦੇ ਛਿਲਦਾ ਏ,
ਕੁੱਝ ਹੋਰ ਨਹੀਂ, ਇਹ ਮੇਰਾ ਜ਼ਖਮ ।

ਪਲ ਭਰ ਵੀ ਸੌਣ ਨਾ ਦਿੰਦਾ ਏ,
ਬੇਹੋਸ਼ੀ, 'ਚ ਹੋਸ਼ ਨਾ ਦਿੰਦਾ ਏ,
ਕੁੱਝ ਹੋਰ ਨਹੀਂ, ਇਹ ਮੇਰਾ ਜ਼ਖਮ ।
ਰੱਬ ਅੱਗੇ ਤਰਲੇ ਕਰਦਾ ਹਾਂ,
ਬਸ ਉਹੀ ਜਾਣੇ ਇਹ ਮੇਰਾ ਜਖਮ,
ਕਦੇ ਭਰਦਾ ਏ, ਕਦੇ ਛਿਲਦਾ ਏ,
ਕੁੱਝ ਹੋਰ ਨਹੀਂ, ਇਹ ਮੇਰਾ ਜ਼ਖਮ ।

ਸੱਟਾਂ ਤੇ ਸੱਟਾਂ ਖਾਂਦਾ ਹਾਂ,
ਹੈ ਇਕੋ ਹੀ ਸੱਟ ਮੇਰਾ ਜਖਮ,
ਕੁੱਝ ਹੋਰ ਨਹੀਂ, ਇਹ ਮੇਰਾ ਜ਼ਖਮ ।
ਉਹ ਆ ਜਾਵੇ ਤਾ ਸੁਕ ਜਾਵੇ,
ਹੈ ਜਿਸਦਾ ਦਿੱਤਾ ਇਹ ਮੇਰਾ ਜਖਮ,
ਕਦੇ ਭਰਦਾ ਏ, ਕਦੇ ਛਿਲਦਾ ਏ,
ਕੁੱਝ ਹੋਰ ਨਹੀ, ਇਹ ਮੇਰਾ ਜ਼ਖਮ ।

ਇਹਦਾ ਅੰਗਾਂ ਉੱਤੇ ਨਿਸ਼ਾਨ ਨਹੀ,
ਮੇਰੀਆਂ ਅੱਖਾਂ ਵਿੱਚੋਂ ਦਿਖਦਾ ਏ,
ਕੁੱਝ ਹੋਰ ਨਹੀਂ, ਇਹ ਮੇਰਾ ਜ਼ਖਮ ।

ਲੇਖਕ : ਸੰਦੀਪ ਕੁਮਾਰ

## ਸੱਜਣ

ਜਦ ਵੀ ਸੱਜਣ ਹੱਸ ਜਾਂਦੇ ਨੇ।
ਸਾਡੇ ਦਿਲ ਵਿੱਚ ਵਸ ਜਾਂਦੇ ਨੇ।
ਬੋਲ ਵੀ ਉਸਦੇ ਸ਼ਹਿਦ ਗੜੁੱਤੇ,
ਕੰਨੀਂ ਘੋਲ ਕੇ ਰਸ ਜਾਂਦੇ ਨੇ।

ਵਿੱਲੀਆਂ ਛੱਡ ਕੇ ਦਿਲ ਦੀਆਂ ਵਾਗਾਂ
ਡੋਰ ਇਸ਼ਕ ਦੀ ਕਸ ਜਾਂਦੇ ਨੇ।
ਚੰਨ ਜਿਹਾ ਮੁੱਖੜਾ ਤੱਕਣ ਖ਼ਾਤਰ
ਇਹ ਦੋ ਨੈਣ ਤਰਸ ਜਾਂਦੇ ਨੇ।

ਭੇਤ ਲੁਕਾਏ ਦਿਲ ਅੰਦਰ ਜੋ,
ਕਦੇ ਕਦੇ ਉਹ ਦੱਸ ਜਾਂਦੇ ਨੇ।
ਜੇ ਕਰੀਏ ਗੱਲ ਪਿਆਰਾਂ ਵਾਲੀ,
ਨੀਵੀਂ ਪਾ ਕੇ ਨੱਸ ਜਾਂਦੇ ਨੇ।

ਸੋਚ ਦੇ ਬੱਦਲ ਉੱਡਕੇ ਉਹਦੀਆਂ
ਜ਼ੁਲਫ਼ਾਂ ਦੇ ਵਿੱਚ ਫਸ ਜਾਂਦੇ ਨੇ।
ਔਸੀਆਂ ਪਾਉਂਦੇ ਪਾਉਂਦੇ ਸਾਡੇ,
ਇਹ ਪੋਟੇ ਸਾਰੇ ਘਸ ਜਾਂਦੇ ਨੇ।

ਇਸ਼ਕ 'ਚ ਕਮਲਾ ਹੋਇਆ 'ਬਾਘਾ'
ਲੋਕ ਇਹ ਤਾਅਨਾ ਕਸ ਜਾਂਦੇ ਨੇ।

ਲੇਖਕ : ਬਲਵਿੰਦਰ ਬਾਘਾ
ਸੰਪਰਕ: 94636-26920

## ਵੇਖੀਂ...

ਸ਼ੁੱਧ ਹਵਾ ਵਿੱਚ, ਬਾਣੀ ਦੀ ਤਰਾਵਟ ਹੋਵੇ।
ਕਿਤੇ ਵੀ ਨਾ, ਜ਼ਹਿਰਾਂ ਦੀ ਮਿਲਾਵਟ ਹੋਵੇ।

ਖੁੱਲ੍ਹ ਜਾਣ ਸਾਰੇ, ਲਾਂਘੇ ਮੁਹੱਬਤਾਂ ਵਾਲੇ,
ਨਫ਼ਰਤ ਜਿਹੀ ਕੋਈ, ਨਾ ਰੁਕਾਵਟ ਹੋਵੇ।

ਕਰਦੇ ਰਹੀਏ ਉੱਦਮ, ਤਰੱਕੀਆਂ ਲਈ,
ਨਾ ਮੱਥੇ ਵੱਟ, ਨਾ ਕੋਈ ਥਕਾਵਟ ਹੋਵੇ।

ਉਹੀ ਬਣੀਏ ਅੰਦਰੋਂ, ਜੋ ਵੀ ਬਾਹਰੋਂ ਹਾਂ,
ਮਨਾਂ 'ਚ ਅਹੰ ਦੀ, ਨਾ ਫੁਲਾਵਟ ਹੋਵੇ।

ਉੱਚੇ ਸੁੱਚੇ ਹੋਵਣ, ਰਾਜਸੀ ਕਿਰਦਾਰ ਜੋ,
ਨਾ ਅਡੰਬਰ, ਨਾ ਬਾਹਰੀ ਦਿਖਾਵਟ ਹੋਵੇ।

ਸੱਚੀਂ ਜੇ ਨਾਨਕ ਰਾਹ ਦੇ ਪਾਂਧੀ ਬਣੀਏ,
ਕਤਈ ਨਾ ਸੋਚਾਂ ਵਿੱਚ ਗਿਰਾਵਟ ਹੋਵੇ।

ਸਜਾ ਤੂੰ ਵੀ, ਦਿਲ ਦੇ ਘਰ ਨੂੰ 'ਨੌਹਰੇ',
ਵੇਖੀਂ! ਨਾ ਉੱਤੋਂ ਉੱਤੋਂ ਹੀ ਸਜਾਵਟ ਹੋਵੇ।

ਲੇਖਕ : ਚਰਨਜੀਤ ਨੌਹਰਾ
ਸੰਪਰਕ: 81466-46477

## ਦਿਲ ਦਾ ਕਾਅਬਾ

ਢਾਅ ਕੇ ਦਿਲ ਦਾ ਕਾਅਬਾ ਤੈਨੂੰ ।
ਮਿਲਿਆ ਕਿਹੜਾ ਤਮਗ਼ਾ ਤੈਨੂੰ ।

ਨੀਵਾਂ ਹੋ ਕੇ ਉੱਚਾ ਕਰ ਲੈ,
ਇਹ ਗੱਲ ਆਖੇ ਰੁਤਬਾ ਤੈਨੂੰ ।

ਉਲਫ਼ਤ ਦਾ ਈ ਠੁਮਕਾ ਲਾਵੀਂ,
ਆਖੇ ਦਿਲ ਦਾ ਤਬਲਾ ਤੈਨੂੰ ।

ਮੈਂ ਦੇ ਵਿਚ ਜਦ ਮੈਂ ਤੂੰ ਹੋਇਐ,
ਹੁਣ ਕਾਹਦਾ ਏ ਪਰਦਾ ਤੈਨੂੰ ।

ਆਖੇ ਤੇਰੇ ਲਈ ਆਂ 'ਆਸੀ'
ਖ਼ਾਲੀ ਕਬਰ ਦਾ ਕੁਤਬਾ ਤੈਨੂੰ ।

ਲੇਖਕ : ਆਸਿਫ਼ 'ਆਸੀ'

## ਅਕਲ ਦੀ ਗੱਲ

ਹਰਨ ਹੋਏ ਵਾਂਗ ਦੂਜਿਆਂ ਦੇ,
ਬੇਸ਼ਰਮੀ ਤੂੰ ਵੀ ਕਿਤੇ ਜੇ ਧਾਰ ਲੈਂਦਾ।
ਵਿੰਗਾ ਤੇਰਾ ਵੀ ਨਾ ਵਾਲ਼ ਹੁੰਦਾ,
ਭਗਵਾਂ ਪਾ ਜੇ ਨੀਲਾ ਉਤਾਰ ਲੈਂਦਾ।

ਮਨੋ ਉੱਤਲੇ ਰਹਿ ਕੇ ਨਾਲ ਫੋਕਾ,
ਔਖਾ ਸੌਖਾ ਹੋ ਕੇ ਸਾਰ ਲੈਂਦਾ।
ਸਮਾਂ ਮਿਲਦਿਆਂ ਜਾਂਦਾ ਪਲਟ ਬਾਜੀ,
ਮੁੜ ਫੇਰ ਤੋਂ ਲੁੱਟ ਬਹਾਰ ਲੈਂਦਾ।

ਵੇਲਾ ਬੀਤਿਆ ਮੁੜ ਨਾ ਹੱਥ ਆਉਂਦਾ,
ਗੱਲ ਦਿਲ ਦੇ ਨਾਲ ਵਿਚਾਰ ਲੈਂਦਾ।
ਫੁੱਲ ਕਮਲ ਦਾ ਜੇਬ੍ਹ 'ਤੇ ਟਹਿਕਣਾ ਸੀ,
ਕੱਢ ਮਨ 'ਚੋਂ ਜੇ ਹੰਕਾਰ ਲੈਂਦਾ।

ਨਾਲ ਮਲਾਹ ਜੇ ਲੈਂਦਾ ਪਾ ਯਾਰੀ,
ਬੇੜੀ 'ਭਗਤਾ' ਕਰ ਪਾਰ ਲੈਂਦਾ।
ਲੰਘ ਟੇਸ਼ਨੋ ਹੁਣ ਤਾਂ ਗਈ ਗੱਡੀ,
ਸੀ ਚੰਗਾ ਜੇ ਹੋ ਸਵਾਰ ਲੈਂਦਾ।

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : +1-604-751-1113

## ਗ਼ਜ਼ਲ

ਫ਼ਕੀਰਾ ਕੁਝ ਤਾਂ ਬੋਲ, ਦਿਲਾਂ ਵਿੱਚ ਦਹਿਸ਼ਤ ਕਿਉਂ ਹੈ।
ਚੁੱਪ ਕਿਉਂ ਕਾਇਨਾਤ, ਸਹਿਮੀ ਧਰਤ ਕਿਉਂ ਹੈ॥
ਉਹ ਮੁੱਠੀ ਭਰ ਨੇ ਜੋ, ਨਿੱਤ ਲੁੱਟੀ ਕੁੱਟੀ ਜਾਂਦੇ ਨੇ।
ਮਿੱਟੀ ਦੇ ਜਾਇਆਂ ਦੀ, ਬੇਬੱਸ ਹਾਲਤ ਕਿਉਂ ਹੈ॥

ਮਹਿਲਾਂ ਤੋਂ ਬਾਹਰ ਵੀ, ਇੱਕ ਹੋਰ ਦੁਨੀਆ ਵਸਦੀ ਹੈ।
ਫਿਰ ਕੇਵਲ, ਮਹਿਲਾਂ ਦੀ ਹਿਫ਼ਾਜ਼ਤ ਕਿਉਂ ਹੈ॥
ਲੋੜਾਂ ਥੋੜਾਂ ਖ਼ਾਹਿਸ਼ਾਂ, ਆਪਣੀਆਂ ਸਾਂਝੀਆਂ ਨੇ।
ਸੋਚੋ! ਕਿਹੜੀ ਗੱਲੋਂ, ਖਿਲਰੀ ਅੱਜ ਤਾਕਤ ਕਿਉਂ ਹੈ॥

ਮਸਲਾ ਰੋਟੀ ਰੋਜ਼ੀ ਦਾ, ਅਸੀਂ ਪਿੱਛੇ ਛੱਡ ਆਏ।
ਧਰਮਾਂ ਕਰਮਾਂ ਵਿੱਚ, ਪਿਸ ਰਹੀ ਖਲਕਤ ਕਿਉਂ ਹੈ॥
ਫੁੱਲ ਭੌਰੇ ਕਲੀਆਂ, ਇੱਕ ਜਿੰਦ ਇੱਕ ਜਾਨ ਸੱਭੇ।
ਦਿਲ ਦਾ ਕਾਲਾ ਮਾਲੀ, ਬੀਜਦਾ ਨਫ਼ਰਤ ਕਿਉਂ ਹੈ॥

ਆਉ ਕਲਮਾਂ ਵਾਲਿਓ, ਵਕਤ ਦੇ ਸਫ਼ੇ ਨੂੰ ਪੜ੍ਹੀਏ।
ਅੱਜ ਬਾਗੀ ਕਲਮਾਂ ਦੀ, ਹੁੰਦੀ ਸ਼ਨਾਖਤ ਕਿਉਂ ਹੈ॥
ਕੀ ਚਾਲ ਹੈ ਪੈਸੇ ਦੀ, ਜਾਂ ਕਿਰਦਾਰ ਜਮਾਤੀ ਹੈ।
ਚਿੱਟੇ ਭਗਵੇਂ ਦੇ ਸੰਗ, ਜੁੜਦੀ ਸ਼ਰਾਫ਼ਤ ਕਿਉਂ ਹੈ॥

ਬੰਨ੍ਹ ਮੰਡਾਸਾ ਔਲਖ, ਦਰਿਆ ਦੁੱਖਾਂ ਦੇ ਤਰੀਏ।
ਅੱਖਾਂ ਮੀਟ ਕਿਸੇ ਦੀ ਤੂੰ, ਕਰਨੀ ਇਬਾਦਤ ਕਿਉਂ ਹੈ॥

ਲੇਖਕ : ਸੁਖਦੇਵ ਸਿੰਘ ਔਲਖ
ਸੰਪਰਕ: 094647-70121

## ਮੇਰੀ ਕਿਤਾਬ

ਮੇਰੇ ਕਹਿਣ ਤੋਂ ਕੁਝ ਪਹਿਲਾਂ ਹੀ
ਮੇਰੀ ਲਿਖੀ ਕਿਤਾਬ ਬਣਕੇ ਆ
ਮੈਂ ਸੁਣਨੇ ਗੀਤ ਬਹਾਰ ਦੇ
ਤੂੰ ਮੇਰੀ ਰਬਾਬ ਬਣਕੇ ਆ
ਕੋਹਾਂ ਦੂਰ ਵੱਜੀ ਛੱਲ ਦਾ
ਅਹਿਸਾਸ ਬਣਕੇ ਆ
ਮੈਂ ਜਿਵੇਂ ਸ਼ਾਹਜਹਾਂ ਅੱਜ ਦਾ
ਤੂੰ ਮੇਰੀ ਮੁਮਤਾਜ ਬਣਕੇ ਆ
ਹੋਵੇ ਉਰਦੂ ਦਾ ਲੇਖਕ
ਗੁਲਾਮ ਅੱਬਾਸ ਬਣਕੇ ਆ
ਬਿਰਹੋਂ ਦੇ ਜੋ ਗੀਤ ਗਉਣ
ਤੂੰ ਸ਼ਿਵ ਕੁਮਾਰ ਬਣਕੇ ਆ।

ਲੇਖਕ : ਸੋਨੀ ਧੀਮਾਨ

## ਮਾਂ

ਹਨੇਰਿਆਂ ਦੇ ਗੱਫਿਆਂ 'ਚ
ਸੂਰਜ ਵਰਗਾ ਅਹਿਸਾਸ
ਕੁੱਖ... ਚੁੱਪ... ਧੁੱਪ...
ਤੇ ਭੁੱਖ ਦੇ ਸਹੀ ਅਰਥ ਸਮਝਾਉਂਦੀ
ਜਾਗਦੀ ਤੇ ਜਗਾਉਂਦੀ
ਬਿਖਰੇ ਰਾਹਾਂ 'ਚੋਂ ਨਾਜ਼ੁਕ
ਪੋਟਿਆਂ ਨਾਲ ਸੂਲਾਂ ਹਟਾਉਂਦੀ
ਖ਼ੁਦਾ ਤੋਂ ਮਹਾਨ
ਬੱਚੇ ਦਾ ਜਹਾਨ
ਭੀੜ ਤੋਂ ਵੱਖਰੀ ਪੀੜ
ਸਲ੍ਹਾਬੀ ਰੇਤ ਵਾਂਗ
ਤੁਰਦੀ...
ਖੁਰਦੀ...
ਰੁੜ੍ਹਦੀ...
ਤੇ ਫਿਰ ਜੁੜਦੀ
ਕਿਨਾਰਿਆਂ ਦੀ ਭਾਲ 'ਚ
ਜ਼ਿੰਦਗੀ ਸੰਗ ਲੜਦੀ
ਮੌਤ ਤੋਂ ਹਰਦੀ
ਪਰ ਮਰਦੀ ਨਹੀਂ
ਸਦਾ ਚੇਤਿਆਂ 'ਚ ਵਸਦੀ
ਮਾਂ ਕਦੇ ਮਰਦੀ ਨਹੀਂ
ਸਦਾ ਚੇਤਿਆਂ 'ਚ ਵਸਦੀ
ਮਾਂ ਕਦੇ ਮਰਦੀ ਨਹੀਂ।

ਲੇਖਕ : ਜਸਵੰਤ ਕੜਿਆਲ
ਸੰਪਰਕ: 98766-77387

## ਮਿੰਨਤਾਂ ਕਰ ਕਰ ਥੱਕੀ

ਮਿੰਨਤਾਂ ਕਰ ਕਰ ਥੱਕੀ
ਨੀ ਮੈਂ ਅੱਡੀਆਂ ਚੁੱਕ ਚੁੱਕ ਥੱਕੀ
ਇੱਕ ਵੀ ਧੁਰੇ ਮੈਨੂੰ ਪਾਰ ਨਾ ਲਾਇਆ
ਗੋਲ ਚੱਕਰ ਵਿੱਚ ਘੁੰਮੀ
ਜਿੰਦ ਨਿਮਾਣੀ ਹੁਣ ਕੂਕਾਂ ਮਾਰੇ
ਚੀਰ ਹੁੰਦੀ ਜਿਉਂ ਤਿੱਖੇ ਆਰੇ
ਆ ਮਿਲ ਯਾਰ ਨਿਮਾਣਣੀ
ਨਿੱਤ ਵਾਜਾਂ ਮਾਰੇ
ਹਉਕੇ ਹਾਵਾ ਹੂਕ ਛਡਾ ਦੇ
ਲਾ ਦੇ ਯਾਰ ਕਿਨਾਰੇ
ਮਾਧੋ ਹੁਸੈਨ ਤੇਰਾ ਪੱਲਾ ਫੜਿਆ
ਤਨ ਮਨ ਸਭ ਰੁਸ਼ਨਾ ਦੇ
ਮਿਲ ਜਾਵੇ ਕੋਈ ਸੋਹਣਾ ਮਾਧੋ
ਗੁੜ੍ਹੀਆਂ ਪ੍ਰੀਤਾਂ ਪਾਂਵਾਂ
ਮੈਂ ਵੀ ਘਰ ਦੇ ਵਿਹੜੇ ਦੇ ਵਿੱਚ
ਕੋਈ ਅੱਡਾ ਤਾਣੀਏ ਤਾਂਣਾਂ
ਹਿਜਰ ਦੀ ਰੇਸ਼ਮੀ ਤੰਦ ਪਾ ਕੇ
ਸੂਹੀ ਫੁਲਕਾਰੀ ਬਣਾਂਵਾਂ
ਸਿਰ ਤੇ ਲੈ ਕੇ ਮੈਂ ਵੀ ਆਖਾਂ
"ਮੈਂ ਨਾਂਹੀਂ ਸਭ ਤੂੰ".

ਲੇਖਕ : ਸੰਤੋਸ਼ ਰਾਮ

## ਕਲਮ

ਐ ਬੁਰਜੂਆ
ਤੂੰ ਖ਼ੌਫ਼ ਦੀਆਂ ਲਕੀਰਾਂ ਖਿੱਚ ਕੇ
ਚੁੱਪ 'ਤੇ ਪੈਂਤੜੇ ਨਾ ਅਜ਼ਮਾ
ਤੂੰ ਨਹੀਂ ਜਾਣਦਾ
ਹਨ੍ਹੇਰਾ ਹੋਰ ਡੂੰਘਾ ਹੋ ਜਾਂਦਾ
ਤੇ ਚੁੱਪ ਦਾ ਸ਼ੋਰ
ਵੀ ਬੜਾ ਖ਼ੌਫ਼ਨਾਕ ਹੁੰਦਾ
ਦਿਲ-ਓ ਦਿਮਾਗ ਦੀ ਲੋਅ
ਲਟ ਲਟ ਬਲਦੀ ਆ
ਕਦਰਾਂ ਕੀਮਤਾਂ ਦੀ ਹਿਫਾਜ਼ਤ
ਕਰਨ ਦਾ ਜਜ਼ਬਾ
ਮੁੱਢ ਕਦੀਮਾਂ ਤੋਂ ਹੀ
ਹੈ ਸਾਡੇ ਖੂਨ ਅੰਦਰ
ਤੇ ਸਮਰੱਥ ਕਲਮ ਸਦਾ
ਉਮੀਦ ਨੂੰ ਰੱਖਦੀ ਏ ਜ਼ਿੰਦਾ
ਤੇ ਲਗਾਤਾਰ ਸੰਘਰਸ਼ ਦੇ
ਰਾਹੇ ਤੋਰਦੀ ਆ।

ਲੇਖਕ : ਅਮਨਦੀਪ ਕੌਰ ਜੋਗਾ

## ਅਜੇ ਤੀਕਰ

ਅਜੇ ਅੰਗੂਰਾਂ ਤੀਕਰ ਹੱਥ ਨਾ ਉੱਪੜਦੇ।
ਅੰਗੂਰ ਅਜੇ ਤਾਂ ਜ਼ਖ਼ਮਾਂ ਦੇ ਹੀ ਉੱਚੜਦੇ।

ਦਰਦ ਗਲੋਟੇ ਤ੍ਰਿੰਝਣ ਵਿੱਚ ਜੇ ਉੱਧੜਦੇ।
ਬੇਦਰਦਾਂ ਦੇ ਤੰਬੂ ਹੁਣ ਤੱਕ ਉੱਜੜਦੇ।

ਉਨ੍ਹਾਂ ਤੀਕਰ ਕਦ ਇਹ ਅੱਖਰ ਉੱਪੜਦੇ।
ਕਾਗਜ਼ 'ਤੇ ਹਨ ਜ਼ਖ਼ਮ ਜਿਨ੍ਹਾਂ ਦੇ ਨੁੱਚੜਦੇ।

ਕੈਨਵਸ ਉੱਤੇ ਰੰਗ ਤਦੋਂ ਹੀ ਉੱਘੜਦੇ।
ਬੁਰਸ਼ਾਂ ਨੂੰ ਹੱਥ ਛੋਹਣ ਮੁਸੱਵਰ ਸੁੱਘੜ ਦੇ।

ਰੁੱਖਾਂ ਨਾਲ ਹੀ ਪੱਤਿਆਂ ਮੌਜ ਬਹਾਰ ਲਈ,
ਟੁੱਟ ਕੇ ਬਣਨ ਭੰਬੀਰੀ ਮੂਹਰੇ ਝੱਖੜ ਦੇ।

ਜੰਗਬਾਜ਼ਾਂ ਦੇ ਨਾਸੀਂ ਧੂੰਆਂ ਆਇਆ ਹੈ,
ਪੈਰ ਪੈਰ 'ਤੇ ਪੈਰ ਉਨ੍ਹਾਂ ਦੇ ਉੱਖੜਦੇ।

ਹਰਮਿੰਦਰ ਸਿੰਘ ਕੋਹਾਰਵਾਲਾ
ਸੰਪਰਕ: 98768-73735

## ਗ਼ਜ਼ਲ

ਕੋਰੇ ਵਰਕਿਆਂ ਉੱਪਰ ਜੇਕਰ ਸੱਚ ਲਿਖਾਂ।
ਅੱਖਾਂ ਦੇ ਵਿੱਚ ਅੱਥਰੂ ਭਰਕੇ ਗੱਚ ਲਿਖਾਂ।
ਹਰ ਰਿਸ਼ਤੇ ਦੀ ਮੌਤ ਦਾ ਕਾਰਨ ਪੈਸਾ ਹੀ,
ਸੱਚ ਲਿਖਾਂ ਤੇ ਚੜ੍ਹ ਕੇ ਕੋਠੇ ਨੱਚ ਲਿਖਾਂ।

ਮੇਰੀ ਤੇਰੀ ਸਭ ਦੀ ਇੱਕ ਹਕੀਕਤ ਇਹ,
ਕਰਕੇ ਨਾ ਮੈਂ ਇੱਕ ਫ਼ਿਰਕੇ ਨੂੰ ਟੱਚ ਲਿਖਾਂ।
ਵਿੱਚ ਹਵਾ ਦੇ ਉੱਡਦੀ ਨਾ ਮੈਂ ਗੱਲ ਲਿਖਾਂ,
ਹਰ ਰਿਸ਼ਤੇ ਦੀ ਰੂਹ ਦੇ ਵਿੱਚ ਮੈਂ ਰਚ ਲਿਖਾਂ।

ਹਰ ਰਿਸ਼ਤੇ ਦੀ ਉਮਰ ਹੈ ਇੱਥੇ ਗਰਜ਼ਾਂ ਨਾਲ,
ਕਿਉਂ ਨਾ ਇਸਨੂੰ ਕੂੜ-ਕਬਾੜ ਤੇ ਕੱਚ ਲਿਖਾਂ।
'ਪਾਰਸ' ਵੀ ਮੁਹਤਾਜ ਕਿਸੇ ਦੀ ਛੋਹ ਦਾ ਹੀ,
ਕਿੱਦਾਂ ਮੈਂ ਅਸਲੀਅਤ ਤੋਂ ਇਹ ਬਚ ਲਿਖਾਂ।

ਲੇਖਕ : ਪ੍ਰਤਾਪ 'ਪਾਰਸ' ਗੁਰਦਾਸਪੁਰੀ
ਸੰਪਰਕ: 99888-11681

## ਪੰਜਆਬ

ਕਦੇ-ਕਦੇ ਦਿਲ ਕਰਦਾ ਐ ।
ਕਿ ਮੈਂ ਰਾਵੀ ਹੋ ਜਾਵਾਂ ।

ਕੁੱਝ ਕੁ ਇਸ ਪਾਸੇ ਮੈਂ ਵੱਸ 'ਜਾਂ ।
ਕੁੱਝ ਕੁ ਉਸ ਪਾਸੜ ਖੋ ਜਾਵਾਂ ।

ਬਣ ਜਾਵਾਂ ਮੈਂ ਪਾਣੀ ।
ਹਰਿਮੰਦਰ ਤੇ ਮੈਂ ਬਰਸਾਂ ।

ਤੇ ਆਪਣਾ ਅੱਧਾ ਹਿੱਸਾ ਕਰ ।
ਨਨਕਾਣਾ ਵੀ ਧੋ ਆਵਾਂ ।

ਹੋ ਜਾਵਾਂ ਮੈਂ ਮਿੱਟੀ ।
ਤੇ ਮਿੱਟੀ ਨਾਲ ਮਿਲ ਜਾਵਾਂ ।

ਆਨੰਦ ਲਵਾਂ ਗੁਰਬਾਣੀ ਦਾ ।
ਅਜ਼ਾਨ ਦਾ ਲੁਤਫ਼ ਉਠਾਵਾਂ ।

ਰੂਪ ਧਾਰ ਲਵਾਂ ਪੰਛੀ ਦਾ ।
ਤੇ ਖ਼ੂਬ ਉਡਾਰੀਆਂ ਲਾਵਾਂ ।

ਉਸ ਮੁਲਕ 'ਚ ਵੜ ਕੇ ਮੈਂ ।
ਗੀਤ ਪਿਆਰ ਦਾ ਗਾਵਾਂ ।

ਸ਼ੁਰੂ ਕਰਾਂ ਮੈਂ ਐਧਰ ਲਿਖਣਾ ।
ਉੱਧਰ ਜਾਣ ਮੁਕਾਵਾਂ ।

ਦੋਵੇਂ ਹੱਸਦੇ ਵੱਸਦੇ ਵੱਸਣ ।
ਦਿਲ ਤੋਂ ਇਹੀ ਦੁਆਵਾਂ ।

ਲੇਖਕ : ਅਰਸ਼ਪ੍ਰੀਤ

# ਨਾਰੀ ਸੰਸਾਰ



## ਬੁਢਾਪੇ ਨੂੰ ਬਣਾਓ ਸੁਖਮਈ

ਲੇਖਕ : ਸੀਤੇਸ਼ ਕੁਮਾਰ

ਉਮਰ ਵਧਣ ਦੇ ਨਾਲ ਪ੍ਰੇਸ਼ਾਨੀਆਂ ਅਤੇ ਬਿਮਾਰੀਆਂ ਵਧ ਜਾਂਦੀਆਂ ਹਨ ਅਤੇ ਸਰੀਰਕ, ਮਾਨਸਿਕ ਚੁਸਤੀ ਵਿਚ ਕਮੀ ਆ ਜਾਂਦੀ ਹੈ। ਇਨ੍ਹਾਂ ਵਿਚੋਂ ਬਹੁਤੀਆਂ ਨੂੰ ਸੌਖਿਆਂ ਹੀ ਕਾਬੂ ਕੀਤਾ ਜਾ ਸਕਦਾ ਹੈ ਅਤੇ ਕੁਝ ਉਪਾਵਾਂ ਨਾਲ ਇਨ੍ਹਾਂ ਨੂੰ ਵਧਣ ਤੋਂ ਰੋਕ ਕੇ ਬੁਢਾਪੇ ਨੂੰ ਸੁਖਮਈ ਬਿਤਾਇਆ ਜਾ ਸਕਦਾ ਹੈ।

**ਰੋਜ਼ਮਰਾ ਸਹੀ ਹੋਵੇ :** ਉਮਰ ਵਧਣ ਦੇ ਨਾਲ-ਨਾਲ ਆਪਣੀ ਰੋਜ਼ਮਰਾ ਨੂੰ ਸਹੀ ਰੱਖਣਾ ਚਾਹੀਦਾ ਹੈ। ਸਵੇਰੇ ਉੱਠਣ ਤੋਂ ਲੈ ਕੇ ਰਾਤ ਨੂੰ ਸੌਣ ਤੱਕ ਆਪਣੇ ਸਾਰੇ ਕੰਮ ਸੰਜਮ ਨਾਲ, ਨਿਯਮਤ ਅਤੇ ਸਮੇਂ ਸਿਰ ਕਰਨੇ ਚਾਹੀਦੇ ਹਨ। ਸੌਣਾ, ਜਾਗਣਾ, ਸਰੀਰ ਦੀ ਬਾਹਰੀ-ਅੰਦਰੂਨੀ ਸਫ਼ਾਈ, ਭੋਜਨ, ਕਸਰਤ, ਟਹਿਲਣਾ, ਧਿਆਨ ਪਠਨ-ਪਾਠਨ, ਮਨੋਰੰਜਨ ਆਦਿ ਸਭ ਜੀਵਨ ਲਈ ਜ਼ਰੂਰੀ ਹੈ। ਇਨ੍ਹਾਂ ਨੂੰ ਸਹੀ ਰੱਖੋ।

**ਰੁੱਝੇ ਰਹੋ :** ਬੁਢਾਪੇ ਨੂੰ ਨਕਾਰਾ ਨਾ ਬਣਾਓ, ਵਿਅਰਥ ਵਿਚ ਸਮਾਂ ਨਾ ਗਵਾਓ। ਘਰ-ਪਰਿਵਾਰ ਦੇ ਛੋਟੇ-ਛੋਟੇ ਕੰਮਾਂ ਵਿਚ ਸਹਿਯੋਗ ਦਿਓ। ਉਨ੍ਹਾਂ ਨਾਲ ਘੁਲ-ਮਿਲ ਕੇ ਸਮਾਂ ਬਿਤਾਓ। ਬੱਚਿਆਂ, ਵੱਡਿਆਂ ਤੋਂ ਲੈ ਕੇ ਆਪਣੇ ਹਾਣੀਆਂ ਨਾਲ, ਗੁਆਂਢੀਆਂ ਅਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨਾਲ ਮਿੱਤਰਤਾ ਵਾਲਾ ਵਿਵਹਾਰ ਰੱਖੋ। ਇਸ ਨਾਲ ਪ੍ਰੇਸ਼ਾਨੀਆਂ ਘੱਟ ਹੋਣਗੀਆਂ, ਉਮਰ ਵਧੇਗੀ, ਤੰਦਰੁਸਤ ਰਹੋਗੇ ਅਤੇ ਸਮੇਂ ਦਾ ਸਦਉਪਯੋਗ ਹੋਵੇਗਾ।

**ਭੋਜਨ ਉਪਯੁਕਤ ਹੋਵੇ :** ਸਮੇਂ ਸਿਰ ਸਹੀ ਮਾਤਰਾ ਵਿਚ ਭੋਜਨ ਕਰੋ। ਉਹ ਪੋਸ਼ਟਿਕਤਾ ਨਾਲ ਭਰਪੂਰ ਹੋਵੇ। ਤਲੀਆਂ, ਭੁੰਨੀਆਂ ਅਤੇ ਜ਼ਿਆਦਾ ਨਮਕ, ਮਿਰਚ, ਮਸਾਲੇ ਵਾਲੀਆਂ ਚੀਜ਼ਾਂ, ਮਿੱਠੀਆਂ ਚੀਜ਼ਾਂ ਤੋਂ ਬਚੋ, ਇਨ੍ਹਾਂ ਨੂੰ ਘੱਟ ਖਾਓ। ਭੋਜਨ ਤਾਜ਼ਾ, ਸਾਦਾ ਅਤੇ ਪਚਣਯੋਗ ਹੋਵੇ। ਉਮਰ ਵਧਣ ਦੇ ਨਾਲ ਪਾਚਣ ਕਿਰਿਆ ਵਿਚ ਕਮੀ ਆਉਂਦੀ ਹੈ, ਇਸ ਲਈ ਭੋਜਨ ਜ਼ਿਆਦਾ ਨਾ ਕਰੋ। ਜਲਪਾਨ ਜ਼ਰੂਰ ਕਰੋ। ਮੌਸਮੀ ਫਲ, ਸਾਗ, ਸਬਜ਼ੀ ਦਾ ਸਵਾਦ ਜ਼ਰੂਰ ਲਓ। ਦੁੱਧ, ਦਹੀਂ ਦੀ ਵਰਤੋਂ ਕਰੋ। ਸਮੋਸਾ, ਕਚੌੜੀ, ਚਾਟ, ਚਾਹ, ਕੌਫੀ, ਤੰਬਾਕੂ, ਨਸ਼ਾ, ਸਿਗਰਟਨੋਸ਼ੀ ਤੋਂ ਦੂਰ ਰਹੋ। ਭੋਜਨ ਅਜਿਹਾ ਲਓ, ਜੋ ਛੇਤੀ ਪਚ ਜਾਵੇ।

**ਸਰੀਰਕ ਸਰਗਰਮੀ ਜ਼ਰੂਰੀ :** ਭੌਤਿਕ ਸੁੱਖ ਸਾਧਨਾਂ ਤੋਂ ਬਾਅਦ ਟਹਿਲਣਾ, ਕੰਮ, ਕਸਰਤ ਅਤੇ ਮਿਹਨਤ ਵਿਚ ਕੁਤਾਹੀ ਨਾ ਕਰੋ। ਉਹ ਕਾਰਜ ਜ਼ਰੂਰ ਕਰੋ, ਜਿਸ ਨਾਲ ਸਰੀਰਕ ਸਰਗਰਮੀ ਬਣੀ ਰਹੇ, ਕਿਉਂਕਿ ਇਸ ਦੀ ਸਰਗਰਮੀ ਨਾਲ ਬਿਮਾਰੀਆਂ ਆਪਣੇ-ਆਪ ਘੱਟ ਅਤੇ ਦੂਰ ਰਹਿੰਦੀਆਂ ਹਨ ਅਤੇ ਸਰੀਰ ਤੰਦਰੁਸਤ ਰਹਿੰਦਾ ਹੈ। ਗਤੀਹੀਣ ਵਿਅਕਤੀ ਦੇ ਸਰੀਰ ਵਿਚ ਰੋਗਾਂ ਦਾ ਵਾਸਾ ਹੁੰਦਾ ਹੈ। ਇਕ ਗੱਲ ਦਾ ਧਿਆਨ ਰੱਖੋ ਕਿ ਮਨ ਦੇ ਤੰਦਰੁਸਤ ਰਹਿਣ ਨਾਲ ਸਰੀਰ ਵੀ ਤੰਦਰੁਸਤ ਰਹਿੰਦਾ ਹੈ, ਇਸ ਲਈ ਆਪਣੇ ਮਨ ਨੂੰ ਸਹੀ ਅਤੇ ਤੰਦਰੁਸਤ ਰੱਖੋ। ਬੁਢਾਪੇ ਵਿਚ ਥਕਾਉਣ ਵਾਲਾ ਸਰੀਰਕ, ਮਾਨਸਿਕ ਕੰਮ ਨਾ ਕਰੋ। ਕੰਮ ਅਤੇ ਆਰਾਮ ਦੀ ਸਹੀ ਸਮਾਂ-ਵੰਡ ਹੋਵੇ।

**ਧਿਆਨ ਦਿਓ :**

- ਭੋਜਨ ਸੰਤੁਲਤ ਅਤੇ ਪੋਸ਼ਣ ਵਾਲਾ ਹੋਵੇ।
- ਭੋਜਨ ਵਿਚ ਫ਼ਲ, ਸਾਗ-ਸਬਜ਼ੀ ਜ਼ਰੂਰ ਹੋਵੇ।
- ਭੋਜਨ ਗਰਮ, ਤਾਜ਼ਾ, ਸਾਦਾ, ਪਚਣਯੋਗ ਹੋਵੇ।
- ਨਮਕ, ਸ਼ੱਕਰ, ਮਿਰਚ, ਮਸਾਲਿਆਂ ਦੀ ਬਹੁਤਾਤ ਤੋਂ ਬਚੋ।
- ਸਾਰੇ ਤਰ੍ਹਾਂ ਦੇ ਨਸ਼ਿਆਂ ਤੋਂ ਦੂਰ ਰਹੋ। ਚਾਹ, ਕੌਫੀ ਘੱਟ ਲਓ।
- ਜੇ ਕੋਈ ਬਿਮਾਰੀ ਹੋਵੇ ਤਾਂ ਉਸ ਦਾ ਇਲਾਜ ਜ਼ਰੂਰ ਕਰਾਓ।
- ਨਿਰਧਾਰਤ ਦਵਾਈ ਲਓ। ਸਮੇਂ-ਸਮੇਂ 'ਤੇ ਡਾਕਟਰ ਨੂੰ ਮਿਲੋ।
- ਸੁਸਤ ਨਾ ਰਹੋ। ਹਮੇਸ਼ਾ ਗਤੀਸ਼ੀਲ ਰਹੋ।
- ਜ਼ਿਆਦਾ ਖਰਚ ਨਾ ਕਰੋ। ਤਣਾਅ ਨਾ ਪਾਲੋ।
- ਘਰ-ਪਰਿਵਾਰ ਦੀ ਪ੍ਰੇਸ਼ਾਨੀ ਤੋਂ ਭੱਜੋ ਨਾ, ਉਸ ਨੂੰ ਸੁਲਝਾਓ।
- ਸਾਰਿਆਂ ਨਾਲ ਘੁਲੋ-ਮਿਲੋ। ਹੱਸੋ-ਹਸਾਓ, ਖਾਮੋਸ਼ ਨਾ ਰਹੋ।
- ਗੱਲਬਾਤ ਨਾਲ ਸਾਰੀਆਂ ਸਮੱਸਿਆਵਾਂ ਦਾ ਹੱਲ ਮਿਲ ਜਾਂਦਾ ਹੈ।
- ਸਮੇਂ ਸਿਰ ਸੌਵੋਂ ਅਤੇ ਜਾਗੋ। ਸਵੇਰ ਦੀ ਹਵਾ ਦਾ ਲਾਭ ਲਓ।
- ਸਮੇਂ-ਸਮੇਂ 'ਤੇ ਜਾਣੂਆਂ ਅਤੇ ਮਿੱਤਰਾਂ ਨੂੰ ਮਿਲੋ।
- ਕਿਸੇ ਵੀ ਚੀਜ਼ ਦੀ ਅੱਤ ਨਾ ਕਰੋ। ਇਹ ਨੁਕਸਾਨ ਪਹੁੰਚਾਉਂਦੀ ਹੈ।
- ਆਪਣੇ ਜ਼ਰੂਰੀ ਆਵੇਗਾਂ ਨੂੰ ਨਾ ਰੋਕੋ।
- ਬਿਮਾਰੀ ਨੂੰ ਨਾ ਛੁਪਾਓ। ਸਭ ਦਾ ਇਲਾਜ ਸੰਭਵ ਹੈ। ਕਿਸੇ ਨੂੰ ਛੁਪਾਉਣ, ਦਬਾਉਣ ਨਾਲ ਪ੍ਰੇਸ਼ਾਨੀ ਵਧਦੀ ਹੈ। ਜ਼ਰੂਰੀ ਮੈਡੀਕਲ ਟੈਸਟ ਕਰਵਾਉਣ ਤੋਂ ਝਿਜਕੋ ਨਾ।
- ਸੇਵਾ ਦੇ ਮੌਕਾ ਦਾ ਲਾਭ ਲਓ।
- ਕਦੇ-ਕਦੇ ਅਣਜਾਣਾਂ ਵਿਚ ਬੈਠ ਕੇ ਉਨ੍ਹਾਂ ਦੀਆਂ ਗੱਲਾਂ ਦਾ ਆਨੰਦ ਲਓ।
- ਕੋਈ ਵੀ ਦਿਸੇ, ਮੁਸਕਰਾਓ ਜ਼ਰੂਰ।

## ਸੁੰਦਰਤਾ ਵਧਾਉਣ ਵਿਚ ਸਹਾਇਕ ਹਨ ਸਬਜ਼ੀਆਂ



**ਗਾਜਰ**

ਗਾਜਰ ਜਿਥੇ ਸਾਡੇ ਦੰਦਾਂ ਅਤੇ ਅੱਖਾਂ ਲਈ ਲਾਭਦਾਇਕ ਹੈ, ਉਥੇ ਇਹ ਸੁੰਦਰਤਾ ਵਧਾਉਣ ਵਿਚ ਵੀ ਸਹਾਇਕ ਹੈ। ਗਾਜਰ ਨੂੰ ਪੀਸ ਕੇ ਉਸ ਦਾ ਰਸ ਕੱਢ ਲਓ ਅਤੇ ਇਸ ਵਿਚ ਥੋੜ੍ਹਾ ਜਿਹਾ ਦੁੱਧ ਅਤੇ ਆਂਡੇ ਦੀ ਜਰਦੀ ਮਿਲਾਓ। ਹਰ ਰੋਜ਼ ਨਹਾਉਣ ਤੋਂ ਪਹਿਲਾਂ ਇਸ ਲੋਸ਼ਨ ਦਾ ਲੇਪ ਚਿਹਰੇ 'ਤੇ ਕਰਨ ਨਾਲ ਚਮੜੀ ਦਾ ਖੁਰਦਰਾਪਨ ਦੂਰ ਹੁੰਦਾ ਹੈ।

**ਮੂਲੀ**

ਸਲਾਦ ਅਤੇ ਸਬਜ਼ੀ ਦੇ ਰੂਪ ਵਿਚ ਖਾਧੀ ਜਾਣ ਵਾਲੀ ਮੂਲੀ ਸੁੰਦਰਤਾ ਲਈ ਉੱਤਮ ਪਦਾਰਥ ਹੈ। ਤਾਜ਼ੀ ਮੂਲੀ ਨੂੰ ਕਸ ਲਓ ਅਤੇ ਉਸ ਦਾ ਰਸ ਕੱਢ ਲਓ। ਇਸ ਵਿਚ ਬਰਾਬਰ ਮਾਤਰਾ ਵਿਚ ਮੱਖਣ ਮਿਲਾ ਕੇ ਰੋਜ਼ਾਨਾ ਨਹਾਉਣ ਤੋਂ ਪਹਿਲਾਂ ਚਿਹਰੇ 'ਤੇ ਲੇਪ ਕਰੋ। ਇਸ ਨਾਲ ਤੁਹਾਡੀ ਚਮੜੀ ਝੁਰੜੀਆਂ ਤੋਂ ਮੁਕਤ ਹੋਵੇਗੀ ਅਤੇ ਚਮੜੀ ਵਿਚ ਨਿਖਾਰ ਆਵੇਗਾ।

**ਟਮਾਟਰ**

ਟਮਾਟਰ ਹਰ ਮੌਸਮ ਵਿਚ ਸਸਤਾ ਅਤੇ ਆਮ ਮਿਲਣ ਵਾਲਾ ਉਪਯੋਗੀ ਪਦਾਰਥ ਹੈ। ਜਿਥੇ ਇਹ ਭੋਜਨ ਨੂੰ ਸਵਾਦੀ ਬਣਾਉਣ ਵਿਚ ਸਹਿਯੋਗ ਦਿੰਦਾ ਹੈ, ਉਥੇ ਚਮੜੇ ਲਈ ਇਹ ਉੱਤਮ ਟਾਨਿਕ ਵੀ ਹੈ। ਤਾਜ਼ੇ ਅਤੇ ਲਾਲ ਟਮਾਟਰਾਂ ਦਾ ਰਸ ਕੱਢ ਕੇ ਬਰਾਬਰ ਮਾਤਰਾ ਵਿਚ ਨਿੰਬੂ ਮਿਲਾ ਲਓ ਅਤੇ ਰੋਜ਼ਾਨਾ ਚਿਹਰੇ 'ਤੇ ਮਲੋ। ਕੁਝ ਦੇਰ ਬਾਅਦ ਤਾਜ਼ੇ ਪਾਣੀ ਨਾਲ ਚਿਹਰਾ ਧੋ ਲਓ, ਇਸ ਨਾਲ ਤੁਹਾਡੀ ਚਮੜੀ ਵਿਚ ਚਮਕ ਆਵੇਗੀ।

-ਭਾਸ਼ਣਾ ਬਾਂਸਲ

## ਕਿਸ ਗੱਲ ਦੀ ਘਾਟ ਹੈ ਤੁਹਾਡੇ ਵਿਚ ?

ਲੇਖਕ : ਅਮਰਜੀਤ ਬਰਾੜ, ਮੋਬਾ: 94179-49079




ਘਾਟਾਂ ਤੇ ਔਗੁਣ ਹਰ ਵਿਅਕਤੀ ਵਿਚ ਹੀ ਹੁੰਦੇ ਹਨ ਪਰ ਕੁਝ ਕਮੀਆਂ, ਘਾਟਾਂ ਜਾਂ ਔਗੁਣ ਅਜਿਹੇ ਹੁੰਦੇ ਹਨ, ਜਿਹੜੇ ਸਾਡੇ ਗੁਣਾਂ ਦਾ ਵੀ ਨਾਸ਼ ਕਰ ਦਿੰਦੇ ਹਨ ਅਤੇ ਕੁਝ ਗੁਣ ਅਜਿਹੇ ਹੁੰਦੇ ਹਨ, ਜਿਨ੍ਹਾਂ ਨਾਲ ਸਾਡੇ ਔਗੁਣ ਅਤੇ ਕਮੀਆਂ ਵੀ ਗੁਣ ਅਤੇ ਯੋਗਤਾ ਬਣ ਜਾਂਦੇ ਹਨ। ਕੋਈ ਵੀ ਵਿਅਕਤੀ ਯੋਗਤਾ ਦੀ ਕਮੀ ਕਰਕੇ ਨਹੀਂ, ਬਲਕਿ ਹਿੰਮਤ, ਹੌਸਲਾ ਅਤੇ ਇਰਾਦੇ ਦੀ ਕਮੀ ਕਰਕੇ ਹੀ ਫੇਲ੍ਹ ਹੁੰਦਾ ਹੈ। ਤੁਹਾਡਾ ਕਿਸੇ 'ਤੇ ਵਿਸ਼ਵਾਸ ਭਾਵੇਂ ਘੱਟ ਹੋਵੇ ਪਰ ਤੁਹਾਡਾ ਆਪਣੇ-ਆਪ 'ਤੇ ਵਿਸ਼ਵਾਸ ਘੱਟ ਨਹੀਂ ਹੋਣਾ ਚਾਹੀਦਾ। ਜ਼ਿੰਦਗੀ ਵਿਚ ਦਰਦ ਉੱਤੇ ਜਿੱਤ ਤੁਹਾਨੂੰ ਮਜਬੂਤ ਬਣਾਉਂਦੀ ਹੈ। ਡਰ ਉੱਤੇ ਜਿੱਤ ਬਹਾਦਰ ਬਣਾਉਂਦੀ ਹੈ, ਚਿੰਤ ਉੱਤੇ ਜਿੱਤ ਚਿੰਤਕ ਬਣਾਉਂਦੀ ਹੈ ਅਤੇ ਗ਼ਰੀਬੀ ਉੱਤੇ ਜਿੱਤ ਤੁਹਾਨੂੰ ਖੁਸ਼ਹਾਲ ਬਣਾਉਂਦੀ ਹੈ। ਪਿਛਲੇ ਸਮੇਂ ਨੂੰ ਯਾਦ ਕਰਨਾ ਕੋਈ ਬੁਰਾ ਨਹੀਂ, ਬੀਤੇ ਸਮੇਂ 'ਤੇ ਝਾਤ ਮਾਰ ਲੈਣੀ ਵੀ ਬੁਰੀ ਨਹੀਂ ਪਰ ਤੁਰਦੇ-ਤੁਰਦੇ ਰੁਕ ਜਾਣਾ ਠੀਕ ਨਹੀਂ।

ਜੇਕਰ ਡਰੋਗੇ ਤਾਂ ਤੁਹਾਡੇ ਗੁਣਾਂ ਨੂੰ ਲੱਕੜੀ ਵਾਂਗ ਘੁਣ ਲੱਗ ਜਾਵੇਗਾ, ਜੋ ਹੌਲੀ-ਹੌਲੀ ਲੱਕੜੀ ਨੂੰ ਅੰਦਰੋਂ ਖੋਖਲਾ ਕਰਦੀ ਹੈ, ਭਾਵੇਂ ਕਿ ਉਹ ਉੱਪਰੋਂ ਸੁੰਦਰ ਹੀ ਨਜ਼ਰ ਆਉਂਦੀ ਹੈ। ਆਲਸ ਕਾਰਨ ਅੱਜ ਦਾ ਕੰਮ ਕੱਲ੍ਹ 'ਤੇ ਛੱਡੋਗੇ ਤਾਂ ਉਹ ਕੰਮ ਹੋਰ ਵੀ ਮੁਸ਼ਕਿਲ ਹੋ ਜਾਵੇਗਾ। ਕਿਸੇ ਨੂੰ ਮੁਆਫ਼ ਦਾ ਇਹ ਭਾਵ ਨਹੀਂ ਕਿ ਤੁਸੀਂ ਉਸ ਦੇ ਔਗੁਣਾਂ ਨੂੰ ਸਵੀਕਾਰ ਕਰ ਰਹੇ ਹੋ ਪਰ ਤੁਸੀਂ ਆਪਣੇ ਔਗੁਣਾਂ ਨੂੰ ਕਦੇ ਮੁਆਫ਼ ਨਾ ਕਰੋ। ਜ਼ਿੰਦਗੀ ਵਿਚ ਤੁਹਾਡਾ ਅਸਲ ਮੁਕਾਬਲਾ ਆਪਣੇ-ਆਪ ਨਾਲ ਹੈ। ਅਕਸਰ ਉਹ ਹਾਰ ਜਾਂਦੇ ਹਨ, ਜੋ ਸਿਰਫ ਜਿੱਤਣ ਲਈ ਤੁਹਾਡੀ ਜ਼ਿੰਦਗੀ ਦੀ ਅਸਲ ਲੜਾਈ ਤਾਂ ਆਪਣੇ-ਆਪ ਨਾਲ ਹੈ। ਤੁਸੀਂ ਆਪਣੇ-ਆਪ ਨੂੰ ਸੁਧਾਰੋ। ਆਪਣੀ ਕਿਸੇ ਸਰੀਰਕ ਕਮੀ ਦੀ ਚਿੰਤਾ ਨਾ ਕਰੋ, ਕਿਉਂਕਿ ਚਿੰਤਾ ਕਰਨ ਨਾਲ ਕਮੀ ਦੂਰ ਨਹੀਂ ਹੁੰਦੀ। ਅਸਲ ਮੁਸ਼ਕਿਲ ਮੁਸ਼ਕਿਲ ਨਹੀਂ ਹੁੰਦੀ, ਸਗੋਂ ਅਸਲ ਮੁਸ਼ਕਿਲ ਤਾਂ ਸਾਡੇ ਇਰਾਦੇ ਦੀ ਕਮੀ ਵਿਚ ਹੁੰਦੀ ਹੈ। ਜੇਕਰ ਤੁਹਾਡੇ ਵਿਚ ਆਪਣੀ ਗੱਲ ਕਹਿਣ ਦਾ ਪ੍ਰਭਾਵਸ਼ਾਲੀ ਢੰਗ ਹੋਵੇ ਤਾਂ ਤੁਹਾਡੀ ਖਾਮੋਸ਼ੀ ਦਾ ਵੀ ਰੁਤਬਾ ਉੱਚਾ ਹੁੰਦਾ ਹੈ। ਇਸ ਗੱਲ ਦੀ ਚਿੰਤਾ ਕਦੇ ਨਾ ਕਰੋ ਕਿ ਤੁਹਾਡੇ ਵਿਚ ਕੋਈ ਸਰੀਰਕ ਕਮੀ ਹੈ, ਕਿਉਂਕਿ ਇਸ ਲਈ ਤੁਸੀਂ ਖੁਦ ਜ਼ਿੰਮੇਵਾਰ ਨਹੀਂ। ਅਕਸਰ ਚਿੰਤਾ ਕਾਰਨ ਅਸੀਂ ਆਪਣੇ-ਆਪ ਨੂੰ ਸਸਤਾ ਵੇਚ ਦਿੰਦੇ ਹਾਂ। ਇਸ ਗੱਲ ਦੀ ਉਡੀਕ ਨਾ ਕਰੋ ਕਿ ਕੋਈ ਹੋਰ ਸਾਡੀ ਕੀਮਤ ਤੈਅ ਕਰੇਗਾ, ਬਲਕਿ ਤੁਸੀਂ ਆਪਣੀ ਕੀਮਤ ਆਪ ਤੈਅ ਕਰੋ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਤੁਸੀਂ ਅਸਲ ਵਿਚ ਕਿੰਨੇ ਕੀਮਤੀ ਹੋ।

ਤੁਸੀਂ ਜ਼ਿੰਦਗੀ ਵਿਚ ਕਿਸੇ ਵੀ ਵਿਅਕਤੀ ਨੂੰ ਆਪਣੀ ਐਨੀ ਆਦਤ ਨਾ ਬਣਾਓ ਕਿ ਜਦੋਂ ਉਹ ਬਦਲੇ ਤਾਂ ਤੁਸੀਂ ਖੁਦ ਨਾਲ ਵੀ ਨਫ਼ਰਤ ਕਰਨ ਲੱਗ ਪਵੋ। ਕਿਸੇ ਨੂੰ ਵੀ ਪਿਆਰ ਕਰਨਾ ਤੁਹਾਡਾ ਆਪਣਾ ਫ਼ੈਸਲਾ ਹੋ ਸਕਦਾ ਹੈ ਪਰ ਫਿਰ ਵੀ ਕੋਈ ਬਿਨਾਂ ਵਜ੍ਹਾ ਤੁਹਾਨੂੰ ਧੋਖਾ ਦਿੰਦਾ ਹੈ ਤਾਂ ਨਿਰਾਸ਼ ਨਾ ਹੋਵੋ, ਕਿਉਂਕਿ ਇਹ ਤੁਹਾਡਾ ਆਪਣਾ ਫ਼ੈਸਲਾ ਨਹੀਂ ਸੀ। ਸੱਚ ਹੈ ਕਿ ਨੁਕਸ ਹੋਣਾ ਕੋਈ ਵੱਡੀ ਗੱਲ ਨਹੀਂ ਪਰ ਉਸ ਬਾਰੇ ਪਤਾ ਹੋਣਾ ਵੱਡੀ ਗੱਲ ਹੈ। ਕਿਸੇ ਵੀ ਇਨਸਾਨ ਦਾ ਦੁੱਖ ਵੰਡਾਉਣਾ ਆਪਣੀ ਜ਼ਿੰਦਗੀ ਵਿਚ ਖੁਸ਼ੀਆਂ ਦੇ ਬੀਜ ਬੀਜਣ ਵਾਂਗ ਹੈ। ਲੋੜ ਪੈਣ ਵੇਲੇ ਕਿਸੇ ਦੇ ਕੰਮ ਆਉਣਾ ਆਪਣੀਆਂ ਹੀ ਮੁਸ਼ਕਿਲਾਂ ਨੂੰ ਹੱਲ ਕਰਨ ਦੇ ਬਰਾਬਰ ਹੈ। ਕਿਸਮਤ ਤੁਹਾਡੇ ਹੱਥ ਵਿਚ ਨਹੀਂ ਪਰ ਫ਼ੈਸਲਾ ਕਰਨਾ ਤੁਹਾਡੇ ਹੱਥ ਵਿਚ ਹੈ। ਤੁਹਾਡੇ ਦੁਆਰਾ ਕੀਤਾ ਗਿਆ ਇਕ ਵਧੀਆ ਫ਼ੈਸਲਾ ਤੁਹਾਡੀ ਕਿਸਮਤ ਬਦਲ ਸਕਦਾ ਹੈ। ਕਹਿੰਦੇ ਹਨ ਕਿ ਇੱਲ ਨੂੰ ਨਾ ਵਰਖਾ ਪਸੰਦ ਹੈ ਅਤੇ ਨਾ ਹਨੇਰੀ। ਇਸ ਲਈ ਉਹ ਬੱਦਲਾਂ ਤੋਂ ਵੀ ਉੱਚੀ ਅਸਮਾਨ ਵਿਚ ਉੱਡਦੀ ਹੈ। ਤੁਸੀਂ ਵੀ ਆਪਣੀ ਜ਼ਿੰਦਗੀ ਵਿਚ ਆਪਣੀਆਂ ਨਿੱਕੀਆਂ-ਨਿੱਕੀਆਂ ਮੁਸ਼ਕਿਲਾਂ, ਝੋਰਿਆਂ, ਫਿਕਰਾਂ ਅਤੇ ਚਿੰਤਾਵਾਂ ਤੋਂ ਉੱਪਰ ਉੱਠ ਕੇ ਆਪਣੀ ਜ਼ਿੰਦਗੀ ਨੂੰ ਖੁਸ਼ਹਾਲ ਬਣਾ ਸਕਦੇ ਹੋ। ਆਖਰ ਕਿਸ ਗੱਲ ਦੀ ਕਮੀ ਹੈ ਤੁਹਾਡੇ ਵਿਚ। ਜੇਕਰ ਸੱਚਮੁੱਚ ਕਮੀ ਹੈ ਤਾਂ ਉਹ ਕਮੀ ਹੈ ਇਰਾਦੇ ਦੀ, ਪਕਿਆਈ ਦੀ, ਚਲਦੇ ਰਹਿਣ ਦੇ ਨਿਸ਼ਚੇ ਦੀ, ਕੰਮ ਕਰਨ ਦੇ ਜੋਸ਼ ਦੀ, ਪ੍ਰੇਰਨਾ ਰੂਪੀ ਖੁਰਾਕ ਦੀ। ਤੁਹਾਡੇ ਆਦਰਸ਼ ਨੀਵੇਂ ਨਹੀਂ ਹੋਣੇ ਚਾਹੀਦੇ। ਤੁਹਾਡਾ ਉਤਸ਼ਾਹ ਬੌਣਾ ਨਹੀਂ ਹੋਣਾ ਚਾਹੀਦਾ। ਤੁਹਾਡਾ ਟੀਚਾ ਛੋਟਾ ਨਹੀਂ ਹੋਣਾ ਚਾਹੀਦਾ। ਤੁਹਾਡਾ ਇਸਤਰੀ ਹੋਣਾ ਹੀ ਅਸਲ ਵਿਚ ਜ਼ਿੰਦਗੀ ਦੀ ਸਭ ਤੋਂ ਵੱਡੀ ਖ਼ੂਬਸੂਰਤੀ ਅਤੇ ਪ੍ਰਾਪਤੀ ਹੈ।



# CLASSIFIEDS & MATRIMONIALS



## BRIDE WANTED

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## Looking for Nanny/Home Support Worker

We are looking for a compassionate, Punjabi-speaking caregiver male/ female for our 85-year-old mother. The ideal candidate must be able to stay at home with her, assist with driving to appointments, and help with light cleaning. If interested, please contact us for more details : **604-726-4638, 604-926-1526.**

**Email : Kahlonkamal @yahoo.com**

## BRIDE WANTED

ਇੰਡੀਆ ਰਹਿੰਦੀ ਵਾਲਮੀਕ, ਮੱਜ਼ਬੀ ਸਿੱਖ ਲੜਕੀ, ਉਮਰ 36 ਸਾਲ, ਐਮ. ਐਸ. ਸੀ. (ਫੈਸ਼ਨ ਡਿਜ਼ਾਇਨਿੰਗ), ਪ੍ਰਾਈਵੇਟ ਟੀਚਰ, ਲਈ ਕੈਨੇਡਾ ਵਿੱਚ ਪੀ.ਆਰ. ਜਾਂ ਵਰਕ ਪਰਮਿਟ ਲੜਕੇ ਦੀ ਭਾਲ ਹੈ। ਲੜਕੀ ਤਲਾਕਸ਼ੁਦਾ ਹੈ ਵਿਆਹ ਤੋਂ ਕੁਝ ਦਿਨ ਬਾਅਦ ਹੀ ਤਲਾਕ ਹੋ ਗਿਆ ਸੀ। ਪਿਤਾ ਸਿਹਤ ਵਿਭਾਗ ਤੋਂ ਸੇਵਾ ਮੁਕਤ ਹਨ। ਇੱਕ ਭਰਾ ਹੈਲਥ ਇੰਸਪੈਕਟਰ, ਇੱਕ ਭਰਾ ਕੈਨੇਡਾ ਵਿੱਚ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : +1 - 604-725-0178 AP 13-02

.............................................

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

.............................................

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

.............................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

# ਪੇਂਡੂ ਅਰਥਚਾਰਾ ਅਤੇ ਵਿਕਾਸ ਦੀ ਵੰਗਾਰ

ਲੇਖਕ : ਪ੍ਰੋ. ਮੇਹਰ ਮਾਣਕ

ਭਾਰਤ ਦੀ ਆਬਾਦੀ ਦਾ ਬਹੁਤਾ ਹਿੱਸਾ ਖੇਤੀਬਾੜੀ ਦੇ ਕੰਮਕਾਜ ਵਿੱਚ ਲੱਗਿਆ ਹੋਇਆ ਹੈ ਅਤੇ ਇਹ ਜੀਡੀਪੀ ਵਿੱਚ 10 ਫੀਸਦੀ ਯੋਗਦਾਨ ਪਾ ਰਿਹਾ ਹੈ। ਦੇਸ਼ ਅੰਦਰ ਬਹੁਗਿਣਤੀ ਛੋਟੇ ਕਿਸਾਨਾਂ ਦੀ ਹੈ ਜੋ ਪੇਂਡੂ ਅਰਥਚਾਰੇ ਵਿੱਚ ਰੀੜ੍ਹ ਦੀ ਹੱਡੀ ਵਜੋਂ ਕੰਮ ਕਰਦੇ ਹਨ ਪਰ ਅਜਿਹੇ ਅਰਥਚਾਰੇ ਦੇ ਦਰਦਾਂ ਅੰਦਰ ਕਿਸੇ ਸਰਕਾਰ ਨੇ ਝਾਕਣ ਦੀ ਕੋਸ਼ਿਸ਼ ਨਹੀਂ ਕੀਤੀ। ਪੰਜਾਬ ਵਿੱਚ ਫ਼ਸਲਾਂ ਦੀ ਹਰਿਆਲੀ ਅਤੇ ਖੁੱਲ੍ਹੇ ਡੁੱਲ੍ਹੇ ਮਾਹੌਲ ਤੇ ਸੁਭਾਅ ਦੇਖ ਕੇ ਲੱਗਦਾ ਹੈ ਕਿ ਇਹ ਲੋਕ ਪਤਾ ਨਹੀਂ ਕਿੰਨੇ ਖੁਸ਼ਹਾਲ ਹੋਣਗੇ; ਹਕੀਕਤ ਇਸ ਦੇ ਉਲਟ ਹੈ। ਬਾਕੀ ਦੀਆਂ ਗੱਲਾਂ ਛੱਡੋ, ਖੇਤੀ ਅੰਦਰ ਕੀਮਤਾਂ ਦੀ ਹੀ ਗੱਲ ਕਰੀਏ ਤਾਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਪੰਜਾਬ ਦਾ ਅਰਥਚਾਰਾ ਕੰਗਾਲੀ ਦਾ ਸ਼ਿਕਾਰ ਕਿਉਂ ਹੋਇਆ। ਪਿੰਡਾਂ 'ਚ ਵਸਦੀ ਵਸੋਂ ਭਾਵੇਂ ਕਿਸੇ ਵੀ ਪਾਰਟੀ ਦੀ ਸਿਆਸੀ ਤਾਕਤ ਤੈਅ ਕਰਦੀ ਹੈ ਪਰ ਹੁਣ ਤੱਕ ਤਕਰੀਬਨ ਸਾਰੀਆਂ ਹੀ ਸਿਆਸੀ ਧਿਰਾਂ ਨੇ ਇਨ੍ਹਾਂ ਦੇ ਚਿਹਰਿਆਂ ਉੱਤੇ ਲਿਖੀ ਇਬਾਰਤ ਪੜ੍ਹਨ ਦੀ ਥਾਂ ਇਨ੍ਹਾਂ ਵੱਲ ਪਿੱਠ ਕਰ ਕੇ ਰੱਖੀ ਹੈ। ਇਸ ਦੀ ਵਜ੍ਹਾ ਸ਼ਾਇਦ ਪੇਂਡੂ ਸਮਾਜ ਦੀ ਸਾਦਗੀ, ਭੁੱਲ ਜਾਣ ਤੇ ਵਿਸ਼ਵਾਸ ਕਰਨ ਦੀ ਬਿਰਤੀ ਅਤੇ ਸਿਆਸੀ ਨੇਤਾਵਾਂ ਪ੍ਰਤੀ ਆਸ਼ਾਵਾਂ ਤੇ ਮਨ ਵਿੱਚ ਸਤਿਕਾਰ ਰਿਹਾ ਹੈ।

ਪੰਜਾਬ ਅੱਜ ਵੀ 18-22 ਫੀਸਦੀ ਚੌਲ ਅਤੇ 45 ਫੀਸਦੀ ਕਣਕ ਦੇਸ਼ ਦੇ ਅੰਨ ਭੰਡਾਰਾਂ ਵਿੱਚ ਦੇ ਰਿਹਾ ਹੈ। ਪੰਜਾਬ ਦੇ ਲੋਕ ਤਕੜੇ ਕਾਮੇ ਹੋਣ ਦੇ ਬਾਵਜੂਦ ਹਰੀ ਕ੍ਰਾਂਤੀ ਦੇ ਦੌਰ ਸਮੇਂ ਬਣਾਇਆ ਆਪਣਾ ਸਥਾਨ ਬਰਕਰਾਰ ਨਹੀਂ ਰੱਖ ਸਕੇ। 1970ਵਿਆਂ ਤੋਂ ਲੈ ਕੇ 90ਵਿਆਂ ਦੇ ਸ਼ੁਰੂ ਤੱਕ ਪੰਜਾਬ ਵਿਕਾਸ ਦਰ ਅਤੇ ਪ੍ਰਤੀ ਵਿਅਕਤੀ ਆਮਦਨ ਵਿੱਚ ਮੋਹਰੀ ਸੂਬਾ ਸੀ ਪਰ ਉਸ ਤੋਂ ਬਾਅਦ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਇਹ ਹੇਠਾਂ ਖਿਸਕਦਾ-ਖਿਸਕਦਾ 2022-23 ਵਿੱਚ 10ਵੇਂ ਸਥਾਨ ਉੱਤੇ ਪਹੁੰਚ ਗਿਆ। ਪੰਜਾਬ ਦਾ ਖੇਤੀ ਅਰਥਚਾਰਾ ਬਹੁਤ ਸਾਰੇ ਕਾਰਨਾਂ ਜਿਨ੍ਹਾਂ ਵਿੱਚ ਖੇਤੀ ਪੈਦਾਵਾਰ ਵਿੱਚ ਖੜੋਤ, ਖੇਤੀ ਲਾਗਤਾਂ ਦਾ ਹੱਦੋਂ ਜ਼ਿਆਦਾ ਵਧਣਾ, ਆਮਦਨ ਘਟਣਾ, ਕੁਦਰਤੀ ਤੇ ਹੋਰ ਕਾਰਨਾਂ ਕਰ ਕੇ ਫਸਲਾਂ ਦਾ ਖਰਾਬਾ, ਖੇਤੀ ਜਿਣਸਾਂ ਦੇ ਭਾਅ ਵਿੱਚ ਨਿਗੂਣਾ ਵਾਧਾ ਆਦਿ ਸ਼ਾਮਲ ਹੈ, ਕਰ ਕੇ ਬੁਰੀ ਤਰ੍ਹਾਂ ਸੰਕਟ ਦਾ ਸ਼ਿਕਾਰ ਹੋ ਗਿਆ। ਪਿਛਲੇ ਕੁਝ ਦਹਾਕਿਆਂ ਦੀ ਰੇਟ ਲਿਸਟ 'ਤੇ ਨਿਗ੍ਹਾ ਮਾਰੀਏ ਤਾਂ ਪਤਾ ਲੱਗ ਜਾਂਦਾ ਹੈ ਕਿ ਸੂਬੇ ਅੰਦਰ ਜਿੱਥੇ ਡੀਜ਼ਲ ਦਾ ਰੇਟ 110 ਗੁਣਾ, ਖਾਦਾਂ ਦੇ ਰੇਟ 110 ਤੋਂ 140 ਗੁਣਾ ਅਤੇ ਖੇਤੀ ਮਸ਼ੀਨਰੀ ਦੇ ਰੇਟ 60 ਤੋਂ 70 ਗੁਣਾ ਵਧੇ, ਉਥੇ ਖੇਤੀ ਜਿਣਸਾਂ ਦੇ ਭਾਅ ਵਿੱਚ 30 ਗੁਣਾ ਤੋਂ ਵੀ ਨਹੀਂ ਵਧੇ। ਪਰਿਵਾਰ ਸਮੇਤ ਲੱਕ ਤੋੜਵੀਂ ਮਿਹਨਤ ਕਰ ਕੇ ਜਿਣਸਾਂ ਦਾ ਵਾਜਿਬ ਭਾਅ ਨਾ ਮਿਲਣ ਕਾਰਨ ਇਸ ਨੇ ਪੇਂਡੂ ਅਰਥਚਾਰੇ ਦੇ ਸੰਕਟ ਦਾ ਮੁੱਢ ਬੰਨ੍ਹ ਦਿੱਤਾ। ਕਿਸਾਨ ਮਜਬੂਰੀ ਵੱਸ ਕਰਜ਼ਾ ਚੁੱਕਦਾ ਗਿਆ ਅਤੇ ਉਸ ਪੱਧਰ ਦੀ ਆਮਦਨ ਨਾ ਹੋਣ ਕਾਰਨ ਕਰਜ਼ਈ ਹੁੰਦਾ ਗਿਆ। 1997 ਵਿੱਚ ਸਮੁੱਚੀ ਕਿਸਾਨੀ ਸਿਰ 5700 ਕਰੋੜ ਰੁਪਏ ਕਰਜ਼ਾ ਸੀ ਜੋ 2022-23 ਵਿੱਚ ਵਧ ਕੇ 73673 ਕਰੋੜ ਰੁਪਏ ਹੋ ਗਿਆ। ਅੱਜ ਪੰਜਾਬ ਦੇ ਹਰ ਕਿਸਾਨ ਦੇ ਸਿਰ ਔਸਤਨ 2.05 ਲੱਖ ਰੁਪਏ ਕਰਜ਼ਾ ਹੈ। ਇਸ ਕਰ ਕੇ ਕਰਜ਼ੇ ਦੇ ਲਗਾਤਾਰ ਵਧਦੇ ਦਬਾਅ ਕਾਰਨ ਕਿਸਾਨੀ ਅਰਥਚਾਰਾ ਅਤੇ ਸਮਾਜਿਕ ਭਾਈਚਾਰਾ ਕਈ ਦਹਾਕਿਆਂ ਤੋਂ ਆਪਣੇ ਆਪ ਨੂੰ ਆਰਥਿਕ, ਸਮਾਜਿਕ ਅਤੇ ਮਾਨਸਿਕ ਤੌਰ 'ਤੇ ਟੁੱਟਿਆ ਮਹਿਸੂਸ ਕਰ ਰਿਹਾ ਹੈ। ਵੱਸੋਂ ਬਾਹਰੇ ਹੋਏ ਹਾਲਾਤ ਕਾਰਨ ਛੋਟੀ ਕਿਸਾਨੀ ਜਾਂ ਤਾਂ ਖੇਤੀ ਤੋਂ ਬਾਹਰ ਹੋ ਰਹੀ ਹੈ ਜਾਂ ਬੇਵਸੀ ਦੀ ਹਾਲਤ ਵਿੱਚ ਲਗਾਤਾਰ ਅਸਹਿ ਮਾਨਸਿਕ ਦਬਾਅ ਕਾਰਨ ਆਤਮਘਾਤ ਦੇ ਰਾਹ ਪੈ ਰਹੀ ਹੈ।

ਹਰੀ ਕ੍ਰਾਂਤੀ ਨੇ ਜਿੱਥੇ ਕਾਮਾ ਵਰਗ ਲਈ ਸ਼ੁਰੂ-ਸ਼ੁਰੂ ਵਿੱਚ ਖੇਤੀ ਕੰਮ ਸੁਖਾਲਾ ਕਰਨ ਦੇ ਨਾਲ-ਨਾਲ ਹੋਰ ਧੰਦਿਆਂ ਨੂੰ ਜਨਮ ਦਿੱਤਾ ਪਰ ਵਕਤ ਗੁਜ਼ਰਨ ਨਾਲ ਪਿੰਡਾਂ ਦੇ ਕਾਮਾ ਵਰਗ ਦੇ ਰਵਾਇਤੀ ਧੰਦੇ ਜਾਂਦੇ ਰਹੇ; ਹੌਲੀ-ਹੌਲੀ ਮਸ਼ੀਨੀਕਰਨ ਨੇ ਕਾਮੇ ਨੂੰ ਖੇਤੀ ਵਿੱਚੋਂ ਵੀ ਬਾਹਰ ਕੱਢ ਦਿੱਤਾ। ਅੱਜ ਉਸ ਨੂੰ ਖੇਤੀ ਵਿੱਚ ਕੁਝ ਦਿਨ ਹੀ ਕੰਮ ਮਿਲਦਾ ਹੈ। ਇਨ੍ਹਾਂ ਕੁਝ ਦਿਨਾਂ ਦੀ ਸੀਮਤ ਕਮਾਈ ਦੇ ਸਹਾਰੇ ਉਹ ਆਪਣਾ ਜੀਵਨ ਨਿਰਬਾਹ ਨਹੀਂ ਕਰ ਸਕਦਾ। ਇਉਂ ਪਿੰਡਾਂ ਵਿੱਚ ਰਹਿੰਦਾ ਮਜ਼ਦੂਰ ਹੁਣ ਖੇਤਾਂ ਵਿੱਚ ਕੰਮ ਕਰਨ ਵਾਲਾ ਖੇਤ ਮਜ਼ਦੂਰ ਨਹੀਂ ਰਿਹਾ। ਉਸ ਨੂੰ ਰੋਜ਼ਮੱਰਾ ਜ਼ਿੰਦਗੀ ਬਸਰ ਕਰਨ ਲਈ ਖੇਤੀ ਤੋਂ ਬਾਹਰ ਕੰਮ ਦੇ ਮੌਕੇ ਤਲਾਸ਼ਣੇ ਪੈਂਦੇ ਹਨ। ਪਿੰਡਾਂ ਵਿੱਚ ਰਹਿਣ ਵਾਲੇ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਬੇਜ਼ਮੀਨੇ ਕਾਮਾ ਵਰਗਾਂ ਦਾ ਹੌਲੀ-ਹੌਲੀ ਉਜਾੜਾ ਹੁੰਦਾ ਗਿਆ। ਵੱਖ-ਵੱਖ ਕੰਮਾਂ-ਕਾਰਾਂ ਨਾਲ ਜੁੜੇ ਛੋਟੇ-ਛੋਟੇ ਕਾਮਾ ਵਰਗ ਲੁਪਤ ਹੋ ਗਏ। ਪੇਂਡੂ ਅਰਥਚਾਰੇ ਵਿੱਚ ਅਹਿਮ ਰੋਲ ਅਦਾ ਕਰਦੇ ਵੱਖ-ਵੱਖ ਜਾਤੀਆਂ ਦੇ ਧੰਦਿਆਂ ਨੂੰ ਬਾਜ਼ਾਰ ਕਦੋਂ ਖਾ ਗਿਆ, ਕਿਸੇ ਨੂੰ ਕੋਈ ਖ਼ਬਰ ਨਹੀਂ। ਇਨ੍ਹਾਂ ਦੇ ਉਜਾੜੇ ਦੀ ਕਿਧਰੇ ਕੋਈ ਕਨਸੋਅ ਵੀ ਸੁਣਾਈ ਨਹੀਂ ਦਿੱਤੀ। ਪਿੰਡਾਂ ਵਿੱਚ ਵਸਦੀ ਉਨ੍ਹਾਂ ਦੀ ਤੀਜੀ ਚੌਥੀ ਪੁਸ਼ਤ ਆਪਣੇ ਰਵਾਇਤੀ ਧੰਦਿਆਂ ਤੋਂ ਕਿਤੇ ਦੂਰ ਜਾਂ ਤਾਂ ਕਸਬਿਆਂ ਤੇ ਸ਼ਹਿਰਾਂ ਵੱਲ ਰੋਜ਼ੀ ਰੋਟੀ ਲਈ ਪਰਵਾਸ ਕਰ ਗਈ ਜਾਂ ਬਸ ਪਿੰਡਾਂ ਵਿੱਚ ਹੀ ਰਹਿਣ ਜੋਗੀ ਰਹਿ ਗਈ। ਹਾਲਾਤ ਵਿੱਚ ਆਈ ਤਬਦੀਲੀ ਕਾਰਨ ਹੁਣ ਖੇਤ ਮਜ਼ਦੂਰ ਸੰਗਠਨ ਵੀ ਆਧਾਰ ਗੁਆ ਚੁੱਕੇ ਹਨ। ਦੂਜੇ, ਸਰਕਾਰ ਵੱਲੋਂ ਮੁਫ਼ਤ ਰਾਸ਼ਨ ਅਤੇ ਲੋਕ ਭਲਾਈ ਸਕੀਮਾਂ ਨੇ ਕਾਮੇ ਵਰਗ ਦੀ ਕਿਰਤ ਸ਼ਕਤੀ ਉੱਤੇ ਗਹਿਰੀ ਚੋਟ ਮਾਰੀ ਹੈ। ਉਸ ਨੂੰ ਘਰੇ ਬੈਠ ਕੇ ਆਟਾ, ਦਾਲ, ਚੌਲ ਮਿਲ ਰਹੇ ਹਨ। ਹੁਣ ਹਾਲਤ ਇਹ ਹੈ ਕਿ ਪਿੰਡਾਂ ਵਿੱਚ ਮਜ਼ਦੂਰ ਭਾਲਣ ਵਿੱਚ ਵੀ ਦਿੱਕਤ ਆ ਰਹੀ ਹੈ। ਕਾਮਿਆਂ ਦਾ ਉਹ ਵਰਗ ਜਿਸ ਨੇ ਆਪਣੀ ਸ਼ਕਤੀ ਅਤੇ ਸੂਝ ਨਾਲ ਅੱਗੇ ਲੱਗ ਕੇ ਸਮਾਜਿਕ ਤਬਦੀਲੀ ਕਰਨੀ ਸੀ, ਉਹ ਅੱਜ ਜਿੱਥੇ ਲਾਲਸਾ ਦਾ ਸ਼ਿਕਾਰ ਹੋ ਕੇ ਭਾਰੂ ਸਿਆਸੀ ਧਿਰਾਂ ਦਾ ਪਿੱਛਲੱਗ ਬਣ ਰਿਹਾ ਹੈ ਉਥੇ ਵਿਹਲੇ ਬੈਠਣ ਕਾਰਨ ਨਸ਼ਿਆਂ ਦਾ ਸ਼ਿਕਾਰ ਵੀ ਹੋ ਰਿਹਾ ਹੈ।

ਇਸ ਤੋਂ ਇਲਾਵਾ ਕੇਂਦਰ ਸਰਕਾਰ ਨੇ ਸਾਲ 2020 ਵਿੱਚ ਤਿੰਨ ਖੇਤੀ ਕਾਨੂੰਨ ਲਿਆਂਦੇ ਜਿਨ੍ਹਾਂ ਦਾ ਮਕਸਦ ਖੇਤੀ ਦੇ ਬਹੁ-ਪਰਤੀ ਸਮਾਜਿਕ ਸਮੂਹਿਕ ਵਿਕਾਸ ਦੀ ਥਾਂ ਕਾਰਪੋਰੇਟੀ ਵਿਕਾਸ ਸੀ। ਸਿੱਟੇ ਵਜੋਂ ਕਿਸਾਨਾਂ ਨੂੰ ਲੰਮਾ ਅੰਦੋਲਨ ਕਰ ਕੇ ਇਹ ਕਾਨੂੰਨ ਵਾਪਸ ਕਰਵਾਉਣੇ ਪਏ। ਉਂਝ, ਕੇਂਦਰ ਸਰਕਾਰ ਨੇ ਹੁਣ ਫਿਰ ਨਵੇਂ ਮੰਡੀ ਖਰੜੇ ਤਹਿਤ ਪ੍ਰਾਸੈਸਿੰਗ, ਬਰਾਮਦ, ਸੰਗਠਿਤ ਪ੍ਰਚੂਨ ਵਿਕਰੇਤਾ ਅਤੇ ਥੋਕ ਖਰੀਦਦਾਰਾਂ ਨੂੰ ਸਿੱਧਾ ਖੇਤਾਂ ਵਿੱਚੋਂ ਹੀ ਖ਼ਰੀਦ ਕਰਨ ਦੀ ਮਨਜ਼ੂਰੀ ਦੀ ਗੱਲ ਕਹੀ ਹੈ; ਨਾਲ ਹੀ ਕਿਹਾ ਹੈ ਕਿ ਵੇਅਰ ਹਾਊਸ, ਸਾਈਲੋਜ, ਕੋਲਡ ਸਟੋਰਾਂ ਨੂੰ 'ਫੜ੍ਹ' ਐਲਾਨਿਆ ਜਾਵੇ। ਇਸ ਤਰ੍ਹਾਂ ਇਸ ਮਸੌਦੇ ਰਾਹੀਂ ਜਿੱਥੇ ਕਿਸਾਨੀ ਦੇ ਫਾਇਦੇ ਦੇ ਪਰਦੇ ਹੇਠ ਦਿਓਕੱਦ ਤਾਕਤਾਂ ਦੇ ਨਫਿਆਂ ਲਈ ਰਾਹ ਮੋਕਲਾ ਕੀਤਾ ਗਿਆ ਹੈ ਉੱਥੇ ਹੀ ਖੇਤੀ ਉਤਪਾਦ ਮਾਰਕੀਟ ਕਮੇਟੀ (ਏਪੀਐੱਮਸੀ) ਦੇ ਮੁਕਾਬਲੇ ਪ੍ਰਾਈਵੇਟ ਮੰਡੀਆਂ ਦੇ ਪਸਾਰੇ ਰਾਹੀਂ ਆ ਰਹੇ ਸਮਿਆਂ ਵਿੱਚ ਕਿਸਾਨੀ ਨੂੰ ਬੇਵਸ ਕਰ ਕੇ ਦਿਓਕੱਦ ਵਪਾਰੀਆਂ ਦੇ ਰਹਿਮ-ਓ-ਕਰਮ ਉੱਤੇ ਛੱਡਣ ਲਈ ਇਹ ਖਰੜਾ ਤਿਆਰ ਕੀਤਾ ਹੈ। ਇਸ ਮੰਡੀ ਸਿਸਟਮ ਵਿੱਚ ਇਕੱਲੇ ਕਿਸਾਨ ਜਾਂ ਲੋਕਲ ਆੜ੍ਹਤੀ ਵਰਗ ਦੀ ਤਬਾਹੀ ਨਹੀਂ ਸਗੋਂ ਇਸ ਦੇ ਬਹੁ-ਪਰਤੀ ਮਾਰੂ ਅਸਰ ਹੋਣਗੇ। ਮੰਡੀਆਂ ਵਿੱਚ ਕੰਮ ਕਰਦੇ ਪੱਲੇਦਾਰ, ਸਫ਼ਾਈ ਮਜ਼ਦੂਰ, ਚਾਹ ਬਣਾਉਣ ਵਾਲੇ, ਬਰਤਨ ਸਾਫ਼ ਕਰਨ ਵਾਲੇ, ਖੋਖਿਆਂ ਵਾਲੇ, ਕਰਿਆਨਾ, ਦਵਾਈਆਂ, ਹੋਰ ਲੋੜੀਂਦਾ ਸਮਾਨ ਵੇਚਣ ਵਾਲੇ ਅਤੇ ਦੁਕਾਨਾਂ 'ਤੇ ਕੰਮ ਕਰਨ ਵਾਲੇ, ਰੇਹੜੀ ਫੜ੍ਹੀ ਵਾਲੇ, ਬੂਟ ਪਾਲਿਸ਼ ਕਰਨ ਵਾਲੇ ਆਦਿ ਅਨੇਕ ਧੰਦਿਆਂ ਨਾਲ ਜੁੜੇ ਕਾਮੇ ਵੱਡੇ-ਵੱਡੇ ਅਦਾਰਿਆਂਦੇ ਪਸਾਰੇ ਰਾਹੀਂ ਖ਼ਤਮ ਹੋ ਜਾਣਗੇ। ਇਹ ਉਹ ਸਮਾਜਿਕ ਪਰਤਾਂ ਹਨ ਜਿਨ੍ਹਾਂ ਦਾ ਆਪਣੇ ਕਿੱਤਿਆਂ 'ਤੇ ਆਧਾਰਿਤ ਕੋਈ ਜਥੇਬੰਦਕ ਤਾਣਾ-ਬਾਣਾ ਨਹੀਂ ਅਤੇ ਨਾ ਹੀ ਕੋਈ ਆਪਣੀ ਵੱਖਰੀ ਹੋਂਦ ਜਤਾਉਂਦੀ ਆਵਾਜ਼ ਹੈ। ਇਸ ਕਰ ਕੇ ਇਹ ਅੰਦੋਲਨ ਸਿਰਫ ਕਿਸਾਨਾਂ ਦਾ ਨਹੀਂ ਸਗੋਂ ਛੋਟੇ-ਛੋਟੇ ਤਮਾਮ ਧੰਦਿਆਂ ਨਾਲ ਜੁੜੇ ਕਾਮਿਆਂ, ਛੋਟੇ ਵਪਾਰੀਆਂ, ਦੁਕਾਨਦਾਰਾਂ ਅਤੇ ਮੰਡੀ ਉੱਤੇ ਨਿਰਭਰ ਇਨ੍ਹਾਂ ਤਮਾਮ ਲੋਕਾਂ ਦਾ ਵੀ ਹੈ।

ਇਹ ਗੱਲ ਨੋਟ ਕਰਨ ਵਾਲੀ ਹੈ ਕਿ ਅੱਜ ਕਿਸਾਨ ਕੋਲ ਸਮਾਜਿਕ ਜਥੇਬੰਦਕ ਸ਼ਕਤੀ ਹੈ, ਉਸ ਕੋਲ ਅੰਦੋਲਨ ਲੜਨ ਲਈ ਆਪਣੀ ਆਰਥਿਕ ਸ਼ਕਤੀ ਵੀ ਹੈ। ਅਜੋਕੇ ਦੌਰ ਵਿੱਚ ਇਨ੍ਹਾਂ ਦੋਵੇਂ ਸ਼ਕਤੀਆਂ ਦੀ ਗੈਰ-ਹਾਜ਼ਰੀ ਵਿੱਚ ਕਿਸੇ ਸੰਘਰਸ਼ ਦੀ ਤਵੱਕੋ ਨਹੀਂ ਕੀਤੀ ਜਾ ਸਕਦੀ। ਇਸ ਦੇ ਨਾਲ ਹੀ ਮਸਲਾ ਏਕਤਾ ਦਾ ਵੀ ਹੈ। ਇਸ ਕਰ ਕੇ ਕਿਸਾਨ ਧਿਰਾਂ ਨੂੰ ਵਿਆਪਕ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਮੂਹਿਕ ਯਤਨਾਂ ਰਾਹੀਂ ਹਰ ਪਾਸਿਓਂ ਸਹਿਯੋਗ ਲੈਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ ਅਤੇ ਲਾਮਬੰਦੀ ਦੇ ਆਪਣੇ ਰਵਾਇਤੀ ਸੰਘਰਸ਼ ਦੇ ਦਾਅ ਪੇਚਾਂ ਉੱਤੇ ਪੜਚੋਲਵੀਂ ਨਜ਼ਰ ਮਾਰਦਿਆਂ ਖੁੱਲ੍ਹੇ ਦਿਲ ਨਾਲ ਮੁੜ ਗੌਰ ਕਰਨੀ ਚਾਹੀਦੀ ਹੈ। ਜ਼ਾਹਿਰ ਹੈ ਕਿ ਬਦਲ ਚੁੱਕੇ ਹਾਲਾਤ ਵਿੱਚ ਸੰਘਰਸ਼ ਦੇ ਬਦਲਵੇਂ ਰੂਪ ਤਲਾਸ਼ਣ ਦੀ ਜ਼ਰੂਰਤ ਹੈ ਤਾਂ ਕਿ ਆਮ ਜਨ-ਜੀਵਨ ਵੀ ਪ੍ਰਭਾਵਿਤ ਨਾ ਹੋਵੇ ਅਤੇ ਅਵਾਮ ਦੀ ਹਮਦਰਦੀ ਤੇ ਹਮਾਇਤ ਵੀ ਬਣੀ ਰਹੇ।

ਜਿੱਥੋਂ ਤੱਕ ਪੰਜਾਬ ਸਰਕਾਰ ਦੀ ਗੱਲ ਹੈ, ਇਸ ਨੇ ਭਾਵੇਂ ਵਿਧਾਨ ਸਭਾ ਸੈਸ਼ਨ ਬੁਲਾ ਕੇ ਕੇਂਦਰ ਦਾ ਮੰਡੀ ਖਰੜਾ ਰੱਦ ਕਰ ਦਿੱਤਾ ਹੈ, ਫਿਰ ਵੀ ਸਰਕਾਰ ਨੂੰ ਆਪਣੀ ਹਾਂ ਪੱਖੀ ਸੋਚ ਤਹਿਤ ਕਿਸਾਨ ਨੇਤਾਵਾਂ ਨਾਲ ਗੱਲਬਾਤ ਰਾਹੀਂ ਮਸਲਿਆਂ ਦੇ ਹੱਲ ਲਈ ਪਹਿਲਕਦਮੀ ਕਰਨੀ ਚਾਹੀਦੀ ਹੈ। ਸਰਕਾਰ ਨੂੰ ਕਿਸਾਨ ਧਿਰਾਂ ਨਾਲ ਟਕਰਾਓ ਤੋਂ ਬਚਦਿਆਂ ਪੰਜਾਬ ਦੇ ਵਿਕਾਸ ਲਈ ਆਮ ਕਰ ਕੇ ਅਤੇ ਖੇਤੀ ਦੇ ਵਿਕਾਸ ਲਈ ਖਾਸ ਕਰ ਕੇ ਸਾਰੀਆਂ ਧਿਰਾਂ ਨਾਲ ਸੰਵਾਦ ਦੇ ਜ਼ਰੀਏ ਨੀਤੀਗਤ ਫ਼ੈਸਲੇ ਕਰਨ ਦੀ ਅਥਾਹ ਜ਼ਰੂਰਤ ਹੈ ਤਾਂ ਕਿ ਪੰਜਾਬ ਦੇ ਅਰਥਚਾਰੇ ਅਤੇ ਸਮਾਜਿਕ ਜੀਵਨ ਨੂੰ ਪੈਰਾਂ ਸਿਰ ਖੜ੍ਹਾ ਕੀਤਾ ਜਾ ਸਕੇ। ਇਸੇ ਵਿੱਚ ਹੀ ਸਭ ਦੀ ਭਲਾਈ ਹੈ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਅਤੇ ਈਕੋ ਸਿੱਖ ਵਲੋਂ ਸਿਟੀ ਆਫ਼ ਸਰੀ ਦੇ ਸਹਿਯੋਗ ਨਾਲ ਮਨਾਇਆ ਗਿਆ 'ਸਿੱਖ ਵਾਤਾਵਰਣ ਦਿਵਸ'

ਸਰੀ, (ਸਿਮਰਨਜੀਤ ਸਿੰਘ) : ਸ੍ਰੀ ਗੁਰੂ ਹਰਿ ਰਾਇ ਜੀ ਨੂੰ ਸਮਰਪਿਤ, ਸ੍ਰੀ ਗੁਰੂ ਸਿੰਘ ਸਭਾ ਗੁਰਦਵਾਰਾ ਸਰੀ, ਈਕੋਸਿੱਖ ਜਥੇਬੰਦੀ ਵਲੋਂ ਸਿਟੀ ਆਫ਼ ਸਰੀ ਦੇ ਸਹਿਯੋਗ ਨਾਲ ਸ਼ੁਰੂ ਕੀਤੀ ਵਿਸ਼ਵ ਪੱਧਰੀ ਵਾਤਾਵਰਣ ਲਹਿਰ 'ਸਿੱਖ ਵਾਤਾਵਰਣ ਦਿਵਸ' ਨੂੰ ਪ੍ਰਮੁੱਖ ਰੱਖਦਿਆਂ ਬੀਤੇ ਵੀਰਵਾਰ 16 ਮਾਰਚ (1 ਚੇਤ 557) ਨਾਨਕਸ਼ਾਹੀ ਨਵੇਂ ਸਾਲ ਵਾਲੇ ਦਿਨ ਨੂੰ ਡੋਮੀਨਿਅਨ ਪਾਰਕ 8225 - 134 ਸਟਰੀਟ ਸਰੀ ਵਿਖੇ ਵਿਖੇ ਸੰਗਤਾਂ ਅਤੇ ਸਕੂਲ ਦੇ ਬੱਚੇ-ਬੱਚੀਆਂ ਵਲੋਂ 450 ਦਰਖ਼ਤ ਲਗਾਏ ਗਏ।

ਇਸ ਮੌਕੇ ਗੁਰਦਵਾਰਾ ਸਾਹਿਬ ਦੇ ਪ੍ਰਧਾਨ, ਭਾਈ ਜਸਵਿੰਦਰ ਸਿੰਘ ਖਹਿਰਾ ਜੀ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ, "ਅੱਜ ਮਾਤਾ ਧਰਤ ਨੂੰ ਬਚਾਉਣ ਲਈ ਸਿਖਾਂ ਨੂੰ ਗੁਰੂ ਹਰਿ ਰਾਇ ਜੀ ਵਾਂਗ ਦਾਮਨ ਸੰਕੋਚ ਕੇ ਚਲਣ ਦੀ ਲੋੜ ਹੈ, ਅਤੇ ਇਕ ਜੁੱਟ ਹੋਕੇ ਰੁੱਖ ਲਗਾਉਣ, ਪਾਣੀ ਬਚਾਉਣ ਤੇ ਬਿਜਲੀ-ਤੇਲ ਦੀ ਦੁਰਵਰਤੋਂ ਨੂੰ ਰੋਕਣ ਲਈ ਤਨ ਮਨ ਧਨ ਲਗਾ ਕੇ ਪੂਰੀ ਪਲੈਨਿੰਗ ਦੀ ਲੋੜ ਹੈ।" ਖਹਿਰਾ ਜੀ ਨੇ ਆਉਣ ਵਾਲੇ ਸਮੇਂ ਵਿਚ ਈਕੋਸਿਖ ਤੇ ਹੋਰ ਵੀ ਜਥੇਬੰਦੀਆਂ ਨਾਲ ਅਜਿਹੇ ਵਾਤਾਵਰਨ ਸੰਬੰਧੀ ਹੋਰ ਵੀ ਪ੍ਰੋਗਰਾਮ ਉਲੀਕਣ ਦਾ ਵਿਚਾਰ ਪਰਗਟ ਕੀਤਾ। ਇਸ ਮੌਕੇ ਸੰਗਤਾਂ ਅਤੇ ਬੱਚੇ-ਬੱਚੀਆਂ ਲਈ ਗੁਰਦੁਆਰਾ ਸਾਹਿਬ ਵਲੋਂ ਵਿਸ਼ੇਸ਼ ਤੌਰ 'ਤੇ ਚਾਹ-ਪਾਣੀ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ। ਸੰਗਤਾਂ ਅਤੇ ਸਿਟੀ ਆਫ਼ ਸਰੀ ਵੱਲੋਂ ਇਸ ਵਿਸ਼ੇਸ਼ ਕਾਰਜ ਦੀ ਗੁਰਦੁਆਰਾ ਕਮੇਟੀ ਦੀ ਬਹੁਤ ਸ਼ਲਾਘਾ ਕੀਤੀ ਗਈ।

☛ ਸਬੰਧਤ ਫੋਟੋਆਂ ਵੇਖੋ ਅਗਲੇ ਸਫ਼ੇ 'ਤੇ

# ਬੀ.ਸੀ. ਨਰਸਾਂ ਯੂਨੀਅਨ ਵਲੋਂ ਸੁਰੱਖਿਆ ਲਈ ਹੋਰ ਵਧੇਰੇ ਕਦਮ ਚੁੱਕਣ ਦੀ ਮੰਗ

## ਪਿਛਲੇ ਹਫ਼ਤੇ ਲੈਂਗਲੀ ਮੈਮੋਰੀਅਲ ਹਸਪਤਾਲ 'ਚ ਹੋਇਆ ਸੀ ਨਰਸ 'ਤੇ ਹਮਲਾ




ਸਰੀ, (ਸਿਮਰਨਜੀਤ ਸਿੰਘ): ਲੈਂਗਲੀ ਮੈਮੋਰੀਅਲ ਹਸਪਤਾਲ 'ਚ ਨਰਸ 'ਤੇ ਹੋਏ ਹਮਲੇ ਤੋਂ ਬਾਅਦ ਬ੍ਰਿਟਿਸ਼ ਕੋਲੰਬੀਆ ਦੀ ਨਰਸਾਂ ਦੀ ਯੂਨੀਅਨ ਨੇ ਹਸਪਤਾਲਾਂ ਵਿੱਚ ਨਰਸਾਂ ਦੀ ਸੁਰੱਖਿਆ ਨੂੰ ਲੈ ਕੇ ਵਧੇਰੇ ਠੋਸ ਉਪਰਾਲੇ ਕਰਨ ਦੀ ਮੰਗ ਕੀਤੀ ਹੈ।

ਲੈਂਗਲੀ ਮੈਮੋਰੀਅਲ ਹਸਪਤਾਲ ਵਿੱਚ 8 ਮਾਰਚ ਨੂੰ ਇੱਕ ਨਰਸ 'ਤੇ ਹਮਲਾ ਕੀਤਾ ਗਿਆ, ਜਿਸ ਵਿੱਚ ਇੱਕ ਵਿਅਕਤੀ ਨੇ "ਤੇਜ਼ਧਾਰ ਹਥਿਆਰ" ਦੀ ਵਰਤੋਂ ਕੀਤੀ। ਪੁਲਿਸ ਨੇ ਇਸ ਮਾਮਲੇ ਵਿੱਚ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ, ਹਮਲੇ ਦੌਰਾਨ ਨਰਸ ਨੂੰ ਗੰਭੀਰ ਸੱਟਾਂ ਨਹੀਂ ਆਈਆਂ। ਹਾਲਾਂਕਿ, ਇਹ ਨਰਸ ਯੂਨੀਅਨ ਦੀ ਮੈਂਬਰ ਨਹੀਂ ਸੀ, ਪਰ ਇਹ ਘਟਨਾ ਦੱਸਦੀ ਹੈ ਕਿ ਹਸਪਤਾਲਾਂ ਵਿੱਚ ਨਰਸਾਂ ਦੀ ਸੁਰੱਖਿਆ ਤੇਜ਼ੀ ਨਾਲ ਚੁਣੌਤੀ ਬਣ ਰਹੀ ਹੈ।

ਯੂਨੀਅਨ ਦੀ ਪ੍ਰਧਾਨ ਐਡਰੀਆਨ ਗੀਅਰ ਨੇ ਦੱਸਿਆ ਕਿ ਹਸਪਤਾਲਾਂ ਵਿੱਚ ਨਰਸਾਂ 'ਤੇ ਹੋਣ ਵਾਲੇ ਹਮਲੇ ਵਧ ਰਹੇ ਹਨ। ਉਨ੍ਹਾਂ ਨੇ ਅੰਕੜਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਹਰ ਮਹੀਨੇ ਲਗਭਗ 46 ਗੰਭੀਰ ਹਮਲੇ ਹੋ ਰਹੇ ਹਨ, ਜਿਨ੍ਹਾਂ ਕਾਰਨ ਨਰਸਾਂ ਨੂੰ ਵਰਕ-ਸੇਫ਼ ਬੀ.ਸੀ. ਕੋਲ "ਟਾਈਮ-ਲਾਸ" ਦਾਅਵਾ ਪੇਸ਼ ਕਰਨਾ ਪੈਂਦਾ ਹੈ। ਇਹ ਅੰਕੜੇ ਸਿਰਫ਼ ਉਨ੍ਹਾਂ ਹਮਲਿਆਂ ਦੀ ਗਿਣਤੀ ਦੱਸਦੇ ਹਨ, ਜਿਨ੍ਹਾਂ ਕਾਰਨ ਨਰਸਾਂ ਨੂੰ ਛੁੱਟੀ ਲੈਣੀ ਪਈ। ਇਸ ਵਿੱਚ ਉਹ ਹਮਲੇ ਸ਼ਾਮਲ ਨਹੀਂ ਹਨ ਜੋ ਸ਼ਾਰੀਰੀਕ ਜਾਂ ਮਨੋਵੈਗਿਆਨਕ ਨੁਕਸਾਨ ਪਹੁੰਚਾਉਂਦੇ ਹਨ, ਪਰ ਜਿਨ੍ਹਾਂ ਲਈ ਕੋਈ ਦਾਅਵਾ ਦਰਜ ਨਹੀਂ ਕਰਾਇਆ ਜਾਂਦਾ।

ਗੀਅਰ ਨੇ ਕਿਹਾ ਕਿ ਹਾਲਾਤ ਇਸ ਕਰਕੇ ਵੀ ਖ਼ਰਾਬ ਹੋ ਰਹੇ ਹਨ ਕਿਉਂਕਿ ਕਿਸੇ ਹਿੰਸਕ ਮਰੀਜ਼ ਬਾਰੇ ਜਾਣਕਾਰੀ ਇੱਕ ਹਸਪਤਾਲ ਤੋਂ ਦੂਜੇ ਤੱਕ ਨਹੀਂ ਜਾ ਰਹੀ। ਜੇਕਰ ਕਿਸੇ ਮਰੀਜ਼ ਨੇ ਪਹਿਲਾਂ ਵੀ ਕਿਸੇ ਹਸਪਤਾਲ ਵਿੱਚ ਹਿੰਸਕ ਵਿਵਹਾਰ ਕੀਤਾ ਹੋਇਆ ਹੈ, ਤਾਂ ਇਹ ਜਾਣਕਾਰੀ ਹੋਰ ਹਸਪਤਾਲਾਂ ਤੱਕ ਪਹੁੰਚਣੀ ਚਾਹੀਦੀ ਹੈ ਤਾਂ ਜੋ ਕਰਮਚਾਰੀਆਂ ਨੂੰ ਅੱਗੇ ਤੋਂ ਸਾਵਧਾਨ ਕੀਤਾ ਜਾ ਸਕੇ।

**ਹਥਿਆਰ ਲੈ ਕੇ ਹਸਪਤਾਲ 'ਚ ਆਉਣ 'ਤੇ ਰੋਕ ਲਗਾਉਣ ਦੀ ਮੰਗ**

ਯੂਨੀਅਨ ਨੇ ਇਹ ਵੀ ਮੰਗ ਕੀਤੀ ਹੈ ਕਿ ਹਸਪਤਾਲਾਂ ਵਿੱਚ ਹਥਿਆਰ ਲੈ ਕੇ ਆਉਣ 'ਤੇ ਸਖ਼ਤ ਰੋਕ ਲਗਾਈ ਜਾਵੇ। ਗੀਅਰ ਨੇ ਦਲੀਲ ਦਿੱਤੀ ਕਿ ਜਿਵੇਂ ਹਵਾਈ ਜਹਾਜ਼ 'ਤੇ ਹਥਿਆਰ ਲੈ ਜਾਣ ਦੀ ਇਜਾਜ਼ਤ ਨਹੀਂ ਹੁੰਦੀ, ਓਹੀ ਨੀਤੀ ਹਸਪਤਾਲਾਂ ਵਿੱਚ ਵੀ ਲਾਗੂ ਹੋਣੀ ਚਾਹੀਦੀ ਹੈ। ਨਰਸਾਂ ਨੇ ਮੰਗ ਕੀਤੀ ਹੈ ਕਿ ਮਰੀਜ਼ਾਂ ਦੀਆਂ ਨਿੱਜੀ ਚੀਜ਼ਾਂ (ਜਿਵੇਂ ਕਿ ਚਾਕੂ ਜਾਂ ਹੋਰ ਨੁਕਸਾਨਦੇਹ ਚੀਜ਼ਾਂ) ਨੂੰ ਇਕ ਵਿਸ਼ੇਸ਼ ਸੁਰੱਖਿਅਤ ਥਾਂ 'ਤੇ ਰੱਖਿਆ ਜਾਵੇ ਅਤੇ ਉਨ੍ਹਾਂ ਨੂੰ ਛੱਡਣ ਵੇਲੇ ਹੀ ਵਾਪਸ ਦਿੱਤਾ ਜਾਵੇ।

**ਸੁਰੱਖਿਆ ਲਈ 750 ਨਵੇਂ ਕਰਮਚਾਰੀ ਨਿਯੁਕਤ**

ਬੀ.ਸੀ. ਦੀ ਸਿਹਤ ਮੰਤਰੀ ਜੋਸੀ ਓਸਬੋਰਨ ਨੇ ਲੈਂਗਲੀ ਹਸਪਤਾਲ ਹਮਲੇ ਨੂੰ "ਭਿਆਨਕ ਘਟਨਾ" ਕਰਾਰ ਦਿੱਤਾ ਅਤੇ ਕਿਹਾ ਕਿ ਹਸਪਤਾਲਾਂ ਵਿੱਚ ਸੁਰੱਖਿਆ ਉਨ੍ਹਾਂ ਦੀ ਪਹਿਲ ਹੈ। ਉਨ੍ਹਾਂ ਨੇ ਦੱਸਿਆ ਕਿ 2022 ਤੋਂ ਲੈ ਕੇ, ਸੂਬੇ ਵਿੱਚ 750 "ਰਿਲੇਸ਼ਨਲ ਸਿਕਿਉਰਿਟੀ" ਅਧਿਕਾਰੀ ਨਿਯੁਕਤ ਕੀਤੇ ਗਏ ਹਨ। ਇਹ ਅਧਿਕਾਰੀ ਹਿੰਸਕ ਵਿਅਕਤੀਆਂ ਨੂੰ ਪਛਾਣਣ, ਹਮਲਿਆਂ ਨੂੰ ਕੰਟਰੋਲ ਕਰਨ ਅਤੇ ਸੁਰੱਖਿਆ ਦੇ ਮਾਪਦੰਡ ਠੀਕ ਢੰਗ ਨਾਲ ਲਾਗੂ ਕਰਨ ਦੀ ਵਿਸ਼ੇਸ਼ ਤਾਲੀਮ ਪ੍ਰਾਪਤ ਹਨ।

ਗੀਅਰ ਨੇ ਦੱਸਿਆ ਕਿ ਰਿਲੇਸ਼ਨਲ ਸਿਕਿਊਰਟੀ ਪ੍ਰੋਗਰਾਮ ਵੱਡੇ ਸ਼ਹਿਰਾਂ ਵਿੱਚ ਲਾਗੂ ਕੀਤਾ ਗਿਆ ਹੈ, ਪਰ ਦੂਰ-ਦਰਾਜ਼ ਅਤੇ ਪਿੰਡਾਂ ਦੇ ਹਸਪਤਾਲਾਂ ਵਿੱਚ ਇਹ ਸੇਵਾਵਾਂ ਉਪਲਬਧ ਨਹੀਂ। ਇਨ੍ਹਾਂ ਥਾਵਾਂ 'ਤੇ ਨਰਸਾਂ ਨੂੰ ਸਿਰਫ਼ ਆਰ.ਸੀ.ਐਮ.ਪੀ. 'ਤੇ ਭਰੋਸਾ ਕਰਨਾ ਪੈਂਦਾ ਹੈ। ਕਈ ਵਾਰ ਪੁਲਿਸ ਸਟੇਸ਼ਨ ਕਾਫੀ ਦੂਰ ਹੁੰਦਾ ਹੈ, ਜਿਸ ਕਾਰਨ ਸੁਰੱਖਿਆ ਵਿੱਚ ਦੇਰੀ ਹੋ ਜਾਂਦੀ ਹੈ।


**ਸੁਰੱਖਿਆ ਪੈਮਾਨਿਆਂ 'ਤੇ ਹੋਰ ਕੰਮ ਕਰਨ ਦੀ ਲੋੜ – ਮੰਤਰੀ**

ਓਸਬੋਰਨ ਨੇ ਕਿਹਾ ਕਿ ਨੌਕਰੀ 'ਤੇ ਹੋਣ ਵਾਲੇ ਹਮਲਿਆਂ ਦੀ ਰਿਪੋਰਟ ਕਰਨਾ ਬਹੁਤ ਜ਼ਰੂਰੀ ਹੈ। ਇਹ ਰਿਪੋਰਟਾਂ ਸਿਹਤ ਅਧਿਕਾਰੀਆਂ ਨੂੰ ਸਹੀ ਢੰਗ ਨਾਲ ਸੁਰੱਖਿਆ ਨੀਤੀਆਂ ਬਣਾਉਣ ਵਿੱਚ ਮਦਦ ਕਰ ਸਕਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸੂਬਾ ਨਰਸਾਂ ਦੀ ਯੂਨੀਅਨ ਨਾਲ ਮਿਲ ਕੇ ਹਿੰਸਾ-ਨਿਵਾਰਣ ਅਤੇ ਸੁਰੱਖਿਆ ਪ੍ਰਬੰਧਾਂ 'ਤੇ ਹੋਰ ਕੰਮ ਕਰੇਗਾ।

ਬੀ.ਸੀ. 'ਚ ਨਰਸਾਂ 'ਤੇ ਹੋ ਰਹੇ ਹਮਲੇ ਚਿੰਤਾ ਦਾ ਵਿਸ਼ਾ ਬਣ ਰਹੇ ਹਨ। ਯੂਨੀਅਨ ਨੇ ਹਿੰਸਕ ਮਰੀਜ਼ਾਂ ਦੀ ਜਾਣਕਾਰੀ ਸਾਂਝੀ ਕਰਨ, ਹਥਿਆਰ 'ਤੇ ਪਾਬੰਦੀ ਅਤੇ ਰਿਲੇਸ਼ਨਲ ਸਿਕਿਊਰਟੀ 'ਤੇ ਹੋਰ ਧਿਆਨ ਦੇਣ ਦੀ ਮੰਗ ਕੀਤੀ ਹੈ। ਸਿਹਤ ਮੰਤਰੀ ਨੇ ਯਕੀਨ ਦਿਵਾਇਆ ਹੈ ਕਿ ਸੂਬਾ ਹਿੰਸਾ-ਨਿਵਾਰਣ ਅਤੇ ਨਰਸਾਂ ਦੀ ਸੁਰੱਖਿਆ ਲਈ ਹੋਰ ਠੋਸ ਕਦਮ ਚੁੱਕੇਗਾ। This report was written by Simranjit Singh as part of the Local Journalism Initiative.

# ਬੀ.ਸੀ. ਵਿੱਚ ਖਸਰੇ ਦੀ ਵੈਕਸੀਨੇਸ਼ਨ ਨਹੀਂ ਕਰਵਾ ਰਹੇ ਲੋਕ, ਵੈਕਸੀਨੇਸ਼ਨ ਦਰ 'ਚ ਆਈ ਗਿਰਾਵਟ

## ਵੈਕਸੀਨੇਸ਼ਨ ਦਰ ਸਿਰਫ਼ 65.6% ਹੋਣ 'ਤੇ ਮਾਹਿਰਾਂ ਨੇ ਜਤਾਈ ਚਿੰਤਾ




**ਵੈਨਕੂਵਰ (ਸਿਮਰਨਜੀਤ ਸਿੰਘ):** ਬ੍ਰਿਟਿਸ਼ ਕੋਲੰਬੀਆ ਦੇ ਕੁਝ ਹਿੱਸਿਆਂ ਵਿੱਚ ਖਸਰੇ ਦੀ ਵੈਕਸੀਨੇਸ਼ਨ ਦਰ ਘੱਟ ਹੋਣ ਕਾਰਨ ਵਿਗਿਆਨੀ ਚਿੰਤਤ ਹਨ। ਬੀ.ਸੀ. ਸੈਂਟਰ ਫ਼ੋਰ ਡਿਜ਼ੀਜ਼ ਕੰਟਰੋਲ (BCCDC) ਵਲੋਂ ਜਾਰੀ ਕੀਤੀਆਂ ਅੰਕੜਿਆਂ ਅਨੁਸਾਰ, ਕਈ ਖੇਤਰਾਂ ਵਿੱਚ ਬੱਚਿਆਂ ਨੂੰ ਸਮੇਂ-ਸਮੇਂ 'ਤੇ ਵੈਕਸੀਨ ਨਹੀਂ ਲਗਾਈ ਜਾ ਰਹੀ। ਪੂਰੇ ਸੂਬੇ ਵਿੱਚ ਖਸਰੇ ਦੀ ਵੈਕਸੀਨੇਸ਼ਨ ਦਰ ਸਿਰਫ਼ 65.6% ਹੈ।

ਵੈਨਕੂਵਰ ਇਨਫੈਕਸ਼ਸ ਡਿਜ਼ੀਜ਼ਸ ਸੈਂਟਰ ਦੇ ਮੈਡੀਕਲ ਡਾਇਰੈਕਟਰ ਡਾ. ਬਰਾਇਨ ਕਾਨਵੇ ਨੇ ਕੈਨੇਡੀਅਨ ਪੰਜਾਬ ਟਾਈਮਜ਼ ਨਾਲ ਗੱਲਬਾਤ ਦੌਰਾਨ ਦੱਸਿਆ ਕਿ, "ਮੇਰੀ ਜਾਣਕਾਰੀ ਅਨੁਸਾਰ, ਬ੍ਰਿਟਿਸ਼ ਕੋਲੰਬੀਆ ਵਿੱਚ ਤਿੰਨ ਖਸਰੇ ਦੇ ਮਾਮਲੇ ਸਾਹਮਣੇ ਆਏ ਹਨ। ਇਹ ਮਾਮਲੇ ਇੱਕ-ਦੂਜੇ ਨਾਲ ਜੁੜੇ ਹੋਏ ਹਨ ਅਤੇ ਵਿਦੇਸ਼ੀ ਯਾਤਰਾ ਦੌਰਾਨ ਖਸਰੇ ਦੀ ਬਿਮਾਰੀ ਲੱਗਣ ਕਾਰਨ ਆਏ ਹਨ। ਹਾਲਾਂਕਿ, ਹੁਣ ਤੱਕ ਖਸਰੇ ਦੇ ਕਿਸੇ ਵੱਡੇ ਫੈਲਾਅ ਦਾ ਸੰਕੇਤ ਨਹੀਂ ਮਿਲਿਆ।" ਬੀ.ਸੀ. ਵਿੱਚ ਕੁਝ ਖੇਤਰਾਂ ਵਿੱਚ ਖਸਰੇ ਦੀ ਵੈਕਸੀਨੇਸ਼ਨ ਦਰ ਬਹੁਤ ਘੱਟ ਹੈ, ਜਿਸ ਨਾਲ ਲੋਕਲ ਆਊਟਬ੍ਰੇਕ ਦਾ ਖ਼ਤਰਾ ਬਣ ਸਕਦਾ ਹੈ।

ਦੂਜੇ ਪਾਸੇ ਕੂਟਨੇ ਬਾਊਂਡਰੀ ਖੇਤਰ – ਸਿਰਫ਼ 62% ਬੱਚੇ ਵੈਕਸੀਨੇਟ ਹੋਏ। ਥਾਮਪਸਨ-ਕੈਰੀਬੂ ਅਤੇ ਓਕਨਾਗਨ ਖੇਤਰ – ਇਥੇ ਵੀ ਕੂਟਨੇ ਬਾਊਂਡਰੀ ਵਰਗੇ ਹਾਲਾਤ ਹਨ। ਇਸੇ ਤਰ੍ਹਾਂ ਕੁਝ ਖੇਤਰਾਂ ਵਿੱਚ ਵੈਕਸੀਨੇਸ਼ਨ ਦਰ ਮਿਲੀ-ਜੁਲੀ ਰਹੀ: ਨਾਰਦਰਨ ਇੰਟੀਰੀਅਰ – 75.6%, ਈਸਟ ਕੂਟਨੇ – 66.9%, ਫ੍ਰੇਜ਼ਰ ਈਸਟ – 68.3%, ਰਿਚਮੰਡ – 74.5%, ਸੈਂਟਰਲ ਵੈਨਕੂਵਰ ਆਈਲੈਂਡ – 72.8%, ਨਾਰਥਵੈਸਟ ਖੇਤਰ – 70.1%, 2013 ਵਿੱਚ 90% ਸੀ, ਹੁਣ 72%।

ਰਿਪੋਰਟ ਮੁਤਾਬਕ, 2013 ਵਿੱਚ ਖਸਰੇ ਦੀ ਵੈਕਸੀਨੇਸ਼ਨ ਦਰ 90% ਦੇ ਕਰੀਬ ਸੀ, ਪਰ ਹੁਣ ਇਹ ਸਿਰਫ਼ 72% ਰਹਿ ਗਈ।

**ਵੈਕਸੀਨੇਸ਼ਨ ਮਹੱਤਵਪੂਰਨ ਕਿਉਂ?**

ਡਾ. ਕਾਨਵੇ ਨੇ ਵੈਕਸੀਨੇਸ਼ਨ ਦੀ ਲੋੜ ਬਾਰੇ ਚੇਤਾਵਨੀ ਦਿੰਦਿਆਂ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਵੈਕਸੀਨੇਸ਼ਨ ਦੀ ਦਰ 90% ਤੋਂ ਉੱਪਰ ਹੋਵੇ, ਤਾਂ ਜੋ ਸਮੂਹਕ ਸੁਰੱਖਿਆ ਬਣੀ ਰਹੇ।" ਮੈਥਮੈਟੀਸ਼ੀਅਨ ਤੇ ਐਪੀਡੀਮੀਓਲਾਜਿਸਟ ਕੈਰੋਲੀਨ ਕੋਲਿਨ ਨੇ ਗੱਲਬਾਤ ਦੌਰਾਨ ਦੱਸਿਆ ਕਿ ਬੀ.ਸੀ. ਦੇ ਲੋਕਾਂ ਨੂੰ ਸਮਝਣਾ ਚਾਹੀਦਾ ਹੈ ਕਿ ਕੈਨੇਡਾ ਵਿੱਚ ਹੋਰ ਸੂਬਿਆਂ ਵਿੱਚ ਵੀ ਖਸਰੇ ਦੇ ਮਾਮਲੇ ਵੱਧ ਰਹੇ ਹਨ। ਨਿਊ ਬਰਨਜ਼ਵਿਕ, ਓਂਟਾਰੀਓ, ਕਿਊਬੈਕ, ਮੈਨੀਟੋਬਾ ਅਤੇ ਅਲਬਰਟਾ 'ਚ ਵੀ ਮਾਮਲੇ ਵਧ ਰਹੇ ਹਨ ਜੋ ਕਿ ਚਿੰਤਾ ਦਾ ਵਿਸ਼ਾ ਹੈ।

ਉਨ੍ਹਾਂ ਨੇ ਚੇਤਾਵਨੀ ਦਿੰਦੇ ਹੋਏ ਕਿਹਾ, "ਖਸਰਾ ਬਹੁਤ ਘਾਤਕ ਹੋ ਸਕਦਾ ਹੈ। ਇਹ ਮੌਤ ਦਾ ਕਾਰਨ ਬਣ ਸਕਦਾ ਹੈ, ਦਿਮਾਗੀ ਸੋਜ ਕਰ ਸਕਦਾ ਹੈ, ਜੋ ਕਿ ਬਹਿਰਾਪਨ ਜਾਂ ਅਯੋਗਤਾ ਪੈਦਾ ਕਰ ਸਕਦਾ ਹੈ।"

ਕੁਝ ਮਾਪੇ ਇਹ ਸਮਝਦੇ ਹਨ ਕਿ ਕੁਦਰਤੀ ਢੰਗ ਨਾਲ ਖਸਰਾ ਲੱਗਣ ਤੇ ਉਹਨਾਂ ਦੇ ਬੱਚਿਆਂ ਦੀ ਰੋਗ-ਪ੍ਰਤੀਰੋਧਕ ਤਾਕਤ ਵਧੇਗੀ, ਪਰ ਇਹ ਗਲਤ ਧਾਰਨਾ ਹੈ।

"ਜਿਹੜਾ ਵਿਅਕਤੀ ਕੁਦਰਤੀ ਤਰੀਕੇ ਨਾਲ ਖਸਰੇ ਦਾ ਸ਼ਿਕਾਰ ਹੋ ਜਾਂਦਾ ਹੈ, ਉਸ ਵਿੱਚ ਦਿਮਾਗੀ ਇਨਫੈਕਸ਼ਨ ਹੋਣ ਦੀ ਸੰਭਾਵਨਾ 1 ਵਾਰ 500 ਵਿੱਚ ਹੁੰਦੀ ਹੈ। ਕੁਝ ਲੋਕ ਅੰਨ੍ਹੇ ਹੋ ਜਾਂਦੇ ਹਨ, ਅਤੇ ਹਰ 1,000 'ਚੋਂ 1 ਵਿਅਕਤੀ ਦੀ ਮੌਤ ਹੋ ਸਕਦੀ ਹੈ।" ਖਸਰੇ ਦੀ ਵਧ ਰਹੀ ਸਮੱਸਿਆ 'ਤੇ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ। ਵੈਕਸੀਨੇਸ਼ਨ ਬਾਰੇ ਲੋਕਾਂ ਨਾਲ ਖੁੱਲ੍ਹੀ ਚਰਚਾ ਹੋਣੀ ਚਾਹੀਦੀ ਹੈ, ਤਾਂ ਜੋ ਉਹ ਆਪਣੇ ਅਤੇ ਆਪਣੇ ਬੱਚਿਆਂ ਲਈ ਸੁਝਾਵਤਮਕ ਫੈਸਲੇ ਲੈ ਸਕਣ। This report was written by Simranjit Singh as part of the Local Journalism Initiative.

# ਸ੍ਰੀ ਗੁਰੂ ਸਿੰਘ ਸਭਾ ਗੁਰਦਵਾਰਾ ਸਰੀ, ਈਕੋ ਸਿੱਖ ਨੇ 'ਸਿੱਖ ਵਾਤਾਵਰਣ ਦਿਵਸ' ਮੌਕੇ ਲਗਾਏ 450 ਤੋਂ ਵੱਧ ਦਰੱਖਤ




ਬੀ.ਸੀ. ਦਾ ਸਪੈਕਿਉਲੇਸ਼ਨ ਅਤੇ ਵੇਕੈਂਸੀ ਟੈਕਸ

**ਬੀ.ਸੀ. ਦੇ 99% ਤੋਂ ਵੱਧ ਵਸਨੀਕਾਂ ਨੂੰ ਛੋਟ ਹੈ ਪਰ ਤੁਹਾਡੇ ਲਈ ਫਿਰ ਵੀ ਇਸ ਨੂੰ ਘੋਸ਼ਿਤ ਕਰਨਾ ਲਾਜ਼ਮੀ ਹੈ।**



ਬੀ.ਸੀ. ਦਾ 'ਸਪੈਕਿਉਲੇਸ਼ਨ ਅਤੇ ਵੇਕੈਂਸੀ ਟੈਕਸ' (ਸੱਟੇਬਾਜ਼ੀ ਅਤੇ ਖਾਲੀ ਘਰਾਂ ਦਾ ਟੈਕਸ) ਘੋਸ਼ਿਤ ਕਰਨ ਲਈ ਮਕਾਨ ਮਾਲਕਾਂ ਕੋਲ 31 ਮਾਰਚ ਤੱਕ ਦਾ ਸਮਾਂ ਹੈ। ਭਾਂਵੇ ਨਿਰਧਾਰਤ ਖੇਤਰਾਂ ਵਿੱਚ ਸਾਰੇ ਮਕਾਨ ਮਾਲਕਾਂ ਲਈ ਇਸ ਨੂੰ ਘੋਸ਼ਿਤ ਕਰਨਾ ਲਾਜ਼ਮੀ ਹੈ, ਪਰ ਬ੍ਰਿਟਿਸ਼ ਕੋਲੰਬੀਆ ਦੇ 99% ਤੋਂ ਵਧੇਰੇ ਵਾਸੀਆਂ ਨੂੰ ਇਸ ਟੈਕਸ ਦੀ ਅਦਾਇਗੀ ਤੋਂ ਰਾਹਤ ਹੈ। ਇਹ ਟੈਕਸ ਕਿਫ਼ਾਇਤੀ ਰਿਹਾਇਸ਼ੀ ਪਹਿਲਕਦਮੀਆਂ ਨੂੰ ਫੰਡ ਕਰਨ ਵਿੱਚ ਮਦਦ ਕਰਦਾ ਹੈ ਅਤੇ ਬੀ.ਸੀ. ਵਿੱਚ ਰਹਿੰਦੇ ਅਤੇ ਕੰਮ ਕਰਨ ਵਾਲੇ ਲੋਕਾਂ ਲਈ ਖਾਲੀ ਘਰਾਂ ਨੂੰ ਰਿਹਾਇਸ਼ਾਂ ਵਿੱਚ ਬਦਲਦਾ ਹੈ। 2017 ਤੋਂ ਲੈਕੇ ਹੁਣ ਤੱਕ 'ਹੋਮਜ਼ ਫੌਰ ਬੀ ਸੀ' ਅਤੇ 'ਹੋਮਜ਼ ਫੌਰ ਪੀਪਲ' ਯੋਜਨਾਵਾਂ ਦੇ ਤਹਿਤ ਬੀ.ਸੀ. ਭਰ ਵਿੱਚ 90,000 ਤੋਂ ਵੱਧ ਘਰ ਉਪਲਬਧ ਕੀਤੇ ਜਾ ਚੁੱਕੇ ਹਨ ਜਾਂ ਕੀਤੇ ਜਾਣ ਵਾਲੇ ਹਨ।

31 ਮਾਰਚ, 2025 ਤੱਕ **gov.bc.ca/spectax** 'ਤੇ ਜਾਂ **1.833.554.2323** ਟੋਲ ਫ੍ਰੀ 'ਤੇ ਫ਼ੋਨ ਕਰਕੇ ਘੋਸ਼ਿਤ ਕਰੋ

ਰਿਹਾਇਸ਼ਾਂ ਨੂੰ ਵਧੇਰੇ ਕਿਫ਼ਾਇਤੀ ਬਣਾਉਣਾ

BRITISH COLUMBIA

# ਸ਼ੰਭੂ ਅਤੇ ਖਨੌਰੀ ਬਾਰਡਰਾਂ ਤੋਂ ਕਿਸਾਨਾਂ ਦਾ ਧਰਨਾ ਜ਼ਬਰਦਸਤੀ ਚੁਕਵਾਇਆ












ਪੰਜਾਬ ਅਤੇ ਹਰਿਆਣਾ ਦੇ ਸ਼ੰਭੂ ਅਤੇ ਖਨੌਰੀ ਬਾਰਡਰਾਂ ਉੱਤੇ ਇੱਕ ਸਾਲ ਤੋਂ ਵੱਧ ਸਮੇਂ ਤੋਂ ਚੱਲ ਰਿਹਾ ਕਿਸਾਨਾਂ ਦਾ ਧਰਨਾ ਪੰਜਾਬ ਪੁਲਿਸ ਨੇ ਜ਼ਬਰਦਸਤੀ ਖਤਮ ਕਰ ਦਿੱਤਾ। ਬੁੱਧਵਾਰ ਦੀ ਰਾਤ ਨੂੰ ਦੋਵੇਂ ਬਾਰਡਰਾਂ ਉੱਤੇ ਪੰਜਾਬ ਪੁਲਿਸ ਨੇ 3400 ਤੋਂ ਵੱਧ ਨਫ਼ਰੀ ਮੋਰਚਿਆਂ ਉੱਤੇ ਮੌਜੂਦ 300-400 ਕਿਸਾਨਾਂ ਨੂੰ ਜਬਰੀ ਬੱਸ ਵਿੱਚ ਭਰ ਕੇ ਥਾਣਿਆਂ ਵਿੱਚ ਡੱਕ ਦਿੱਤਾ ਅਤੇ ਬਹੁਤਿਆਂ ਨੂੰ ਘਰੋ-ਘਰੀ ਭੇਜ ਦਿੱਤਾ। ਇਸੇ ਦੌਰਾਨ ਜੇਸੀਬੀ ਦੀ ਮਦਦ ਨਾਲ ਕਿਸਾਨਾਂ ਦੇ ਟੈਂਟ ਪੱਟ ਦਿੱਤੇ ਗਏ, ਧਰਨੇ ਦੀਆਂ ਸਟੇਜਾਂ ਸਣੇ ਹੋਰ ਸਾਜ਼ੋ-ਸਮਾਨ ਅਤੇ ਟ੍ਰੈਕਟਰ ਟਰਾਲੀਆਂ ਸੜਕ ਤੋਂ ਹਟਾ ਦਿੱਤੀਆਂ ਗਈਆਂ।

ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਸਣੇ ਸਾਲ 2020-21 ਦੇ ਕਿਸਾਨ ਅੰਦੋਲਨ ਦੀਆਂ ਪੈਂਡਿੰਗ ਮੰਗਾਂ ਮਨਵਾਉਣ ਨੂੰ ਲੈ ਕੇ ਕਿਸਾਨ, ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਅਤੇ ਮਜ਼ਦੂਰ ਮੋਰਚੇ ਦੀ ਅਗਵਾਈ ਵਿੱਚ ਸੰਘਰਸ਼ ਕਰ ਰਹੇ ਹਨ।

ਇਹ ਕਿਸਾਨ ਇੱਕ ਸਾਲ ਤੋਂ ਦਿੱਲੀ ਕੂਚ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਹਰਿਆਣਾ ਪੁਲਿਸ ਨੇ ਇਨ੍ਹਾਂ ਨੂੰ ਕੰਕਰੀਟ ਦੀਆਂ ਦੀਵਾਰਾਂ ਅਤੇ ਪੁਲਿਸ ਰੋਕਾਂ ਨਾਲ ਜ਼ਬਰੀ ਰੋਕਿਆ ਹੋਇਆ ਸੀ।

ਭਾਵੇਂ ਕਿ ਕੇਂਦਰ ਸਰਕਾਰ ਤੇ ਕਿਸਾਨਾਂ ਵਿਚਾਲੇ ਗੱਲਬਾਤ ਦੇ 7 ਗੇੜ ਵੀ ਹੋ ਚੁੱਕੇ ਹਨ, ਪਰ ਗੱਲਬਾਤ ਸਿਰੇ ਨਹੀਂ ਚੜੀ।

ਚੰਡੀਗੜ੍ਹ ਵਿੱਚ ਕੇਂਦਰ ਨਾਲ ਮੀਟਿੰਗ ਕਰਕੇ ਪਰਤ ਰਹੇ ਕਿਸਾਨ ਆਗੂਆਂ ਸਮੇਤ ਲਗਭਗ 200 ਤੋਂ ਵੱਧ ਕਿਸਾਨਾਂ ਨੂੰ ਹਿਰਾਸਤ ਵਿੱਚ ਲਿਆ ਗਿਆ। ਧਰਨਿਆਂ ਵਿੱਚ ਮੌਜੂਦ ਔਰਤਾਂ ਨੂੰ ਵੀ ਆਪਣੇ ਘਰਾਂ ਨੂੰ ਚਲੇ ਜਾਣ ਲਈ ਕਿਹਾ ਗਿਆ।

ਦੋਵੇਂ ਮੋਰਚਿਆਂ ਵਿੱਚ ਮੌਜੂਦ ਕਿਸਾਨ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਦੇ ਇਸ ਐਕਸ਼ਨ ਤੋਂ ਬਾਅਦ ਗੁੱਸੇ ਵਿੱਚ ਨਜ਼ਰ ਆਏ।

### ਕਿਸਾਨਾਂ ਖ਼ਿਲਾਫ਼ ਅਚਨਚੇਤੀ ਐਕਸ਼ਨ

19 ਮਾਰਚ ਨੂੰ ਬਾਅਦ ਦੁਪਹਿਰ ਕੇਂਦਰੀ ਅਤੇ ਸੂਬਾਈ ਮੰਤਰੀਆਂ ਨਾਲ ਬੈਠਕ ਕਰ ਕੇ ਪਰਤ ਰਹੇ ਕਿਸਾਨਾਂ ਨੂੰ ਹਿਰਾਸਤ ਵਿੱਚ ਲੈਣਾ ਅਤੇ ਮੋਰਚਿਆਂ ਨੂੰ ਜਬਰੀ ਖ਼ਤਮ ਕਰਵਾਉਣ ਦੀ ਵਿਰੋਧੀ ਧਿਰਾਂ ਅਤੇ ਕਿਸਾਨ ਜਥੇਬੰਦੀਆਂ ਨੇ ਕਾਰਵਾਈ ਦੀ ਤਿੱਖੀ ਨਿਖੇਧੀ ਕੀਤੀ ਹੈ।

ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ, ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਆਗੂ ਪ੍ਰਤਾਪ ਸਿੰਘ ਬਾਜਵਾ, ਸਾਬਕਾ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪੰਜਾਬ ਸਰਕਾਰ ਦੇ ਇਸ ਐਕਸ਼ਨ ਉੱਤੇ ਤਿੱਖੇ ਸਵਾਲ ਖੜੇ ਕੀਤੇ ਹਨ।

ਇਹਨਾਂ ਸਵਾਲਾਂ ਵਿੱਚੋਂ ਇੱਕ ਅਹਿਮ ਸਵਾਲ ਇਹ ਹੈ ਕਿ ਪੰਜਾਬ ਦੇ ਕਿਸਾਨਾਂ ਨੂੰ ਐੱਮਐੱਸਪੀ ਦੇਣ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ, ਪੰਜਾਬ ਦੇ ਕਿਸਾਨਾਂ ਖ਼ਿਲਾਫ਼ ਅਚਾਨਕ ਜਬਰੀ ਕਾਰਵਾਈ ਉੱਤੇ ਕਿਉਂ ਉਤਰ ਆਈ?

ਪਿਛਲੇ ਪੰਜ ਸਾਲਾਂ ਤੋਂ ਇਹ ਪਾਰਟੀ ਖੁਦ ਨੂੰ ਕਿਸਾਨਾਂ ਦੇ ਸਮਰਥਨ ਵਿੱਚ ਹੋਣ ਦਾ ਦਾਅਵਾ ਕਰਦੀ ਆ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਖੁਦ ਕਿਸਾਨ ਹੋਣ ਦਾ ਦਾਅਵਾ ਕਰਦੇ ਹਨ।

ਦੂਜਾ ਸਵਾਲ ਇਹ ਵੀ ਹੈ ਕਿ ਕਿਸਾਨ ਇੱਕ ਸਾਲ ਤੋਂ ਵੱਧ ਸਮੇਂ ਤੋਂ ਬਾਰਡਰਾਂ ਉੱਤੇ ਧਰਨਾ ਲਾ ਕੇ ਬੈਠੇ ਹੋਏ ਹਨ ਫੇਰ ਪਹਿਲਾਂ ਕਿਉਂ ਨਹੀਂ ਅਜਿਹੀ ਕੋਈ ਕਾਰਵਾਈ ਕੀਤੀ ਗਈ। ਪੰਜਾਬ ਸਰਕਾਰ ਨੇ ਕਿਸਾਨਾਂ ਖ਼ਿਲਾਫ਼ ਐਕਸ਼ਨ ਇਸ ਸਮੇਂ ਕਿਉਂ ਕੀਤਾ?

ਇਹ ਸਮਝਣ ਲਈ ਅਸੀਂ ਵੱਖ-ਵੱਖ ਰਾਜਨੀਤਕ ਮਾਹਰਾਂ ਨਾਲ ਗੱਲ ਕੀਤੀ। ਜਿਹਨਾਂ ਨੇ ਆਪਣੀਆਂ ਦਲੀਲਾਂ ਨਾਲ ਇਸ ਐਕਸ਼ਨ ਪਿੱਛੇ ਬਣੇ ਸੰਭਾਵੀ ਕਾਰਨ ਬੀਬੀਸੀ ਨਾਲ ਸਾਂਝੇ ਕੀਤੇ।

### 1. ਲੁਧਿਆਣਾ ਪੱਛਮੀ ਹਲਕੇ ਦੀ ਜ਼ਿਮਨੀ ਚੋਣ

ਪੰਜਾਬ ਦੇ ਸੀਨੀਅਰ ਪੱਤਰਕਾਰ ਹਮੀਰ ਸਿੰਘ ਕਹਿੰਦੇ ਹਨ, "ਇਸ ਐਕਸ਼ਨ ਪਿੱਛੇ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਇੱਕ ਵੱਡਾ ਕਾਰਨ ਹੈ। ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਤੋਂ ਬਾਅਦ ਹੁਣ ਆਮ ਆਦਮੀ ਪਾਰਟੀ ਦੀਆਂ ਨਜ਼ਰਾਂ ਪੰਜਾਬ ਉੱਤੇ ਹਨ।"

"ਪੰਜਾਬ ਵਿੱਚ ਜ਼ਿਮਨੀ ਚੋਣ ਜਿੱਤਣਾ ਅਰਵਿੰਦ ਕੇਜਰੀਵਾਲ ਹੋਰਾਂ ਲਈ ਬਹੁਤ ਜ਼ਰੂਰੀ ਹੈ। ਉਹਨਾਂ ਦਾ ਉਮੀਦਵਾਰ ਜ਼ਿਮਨੀ ਚੋਣ ਜਿੱਤੇਗਾ ਤਾਂ ਉਹ ਰਾਜ ਸਭਾ ਵਿੱਚ ਜਾਣਗੇ।"

ਹਮੀਰ ਸਿੰਘ ਅੱਗੇ ਕਹਿੰਦੇ ਹਨ, "ਲੁਧਿਆਣਾ ਪੱਛਮੀ ਨਿਰੋਲ ਸ਼ਹਿਰੀ ਸੀਟ ਹੈ। ਜਿੱਥੇ ਵਪਾਰੀ ਵਰਗ ਜ਼ਿਆਦਾ ਹੈ, ਇਸ ਲਈ ਵਪਾਰੀ ਵਰਗ ਨੂੰ ਖੁਸ਼ ਕਰਨ ਲਈ ਆਮ ਆਦਮੀ ਪਾਰਟੀ ਹੀ ਦਲੀਲ ਦੇ ਰਹੀ ਹੈ ਕਿ ਅਸੀਂ ਵਪਾਰੀਆਂ ਦੀ ਪ੍ਰੇਸ਼ਾਨੀ ਨੂੰ ਖਤਮ ਕਰਨ ਲਈ ਇਹ ਬਾਰਡਰ ਖੁਲਵਾਏ ਹਨ। "

### 2. ਮੋਦੀ ਸਰਕਾਰ ਦਾ ਦਬਾਅ

ਪ੍ਰੋਫੈਸਰ ਮਨਜੀਤ ਸਿੰਘ ਕਹਿੰਦੇ ਹਨ, "ਪੰਜਾਬ ਸਰਕਾਰ ਦੇ ਇਸ ਐਕਸ਼ਨ ਪਿੱਛੇ ਮੈਨੂੰ ਕੇਂਦਰ ਸਰਕਾਰ ਦਾ ਪੰਜਾਬ ਸਰਕਾਰ ਉੱਤੇ ਦਬਾਅ ਵੀ ਨਜ਼ਰ ਆਇਆ ਹੈ।

ਪ੍ਰੋਫੈਸਰ ਮਨਜੀਤ ਸਿੰਘ ਪੰਜਾਬ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਹਨ ਅਤੇ ਕਿਸਾਨਾਂ ਤੇ ਆਮ ਆਦਮੀ ਪਾਰਟੀ ਦੀ ਸਿਆਸਤ ਨੂੰ ਨੇੜਿਓਂ ਸਮਝਦੇ ਹਨ।

ਉਹ ਕਹਿੰਦੇ ਹਨ, "ਭਗਵੰਤ ਮਾਨ ਕੇਂਦਰ ਦੇ ਮੰਤਰੀਆਂ ਨਾਲ ਮੀਟਿੰਗਾਂ ਕਰ ਰਹੇ ਹਨ, ਉਸ ਦੇ ਵਿੱਚ ਕੇਂਦਰ ਇਹ ਸਵਾਲ ਕਰ ਰਹੀ ਹੈ ਕਿ ਤੁਸੀਂ ਕਿਸਾਨਾਂ ਦਾ ਹੱਲ ਕਿਉਂ ਨਹੀਂ ਕਰਦੇ, ਇਸ ਕਰਕੇ ਭਗਵੰਤ ਮਾਨ ਨੇ ਕਿਸਾਨਾਂ ਖ਼ਿਲਾਫ਼ ਐਕਸ਼ਨ ਕਰਨ ਦੀ ਮਨਜ਼ੂਰੀ ਦਿੱਤੀ।"

### 3. ਕਿਸਾਨ ਜਥੇਬੰਦੀਆਂ ਦੀ ਫੁੱਟ

ਪ੍ਰੋਫੈਸਰ ਪਰਮਜੀਤ ਸਿੰਘ ਜੱਜ ਅੰਦੋਲਨ ਖਤਮ ਹੋਣ ਪਿੱਛੇ ਕਿਸਾਨ ਜਥੇਬੰਦੀਆਂ ਦੀ ਫੁੱਟ ਨੂੰ ਵੀ ਇੱਕ ਕਾਰਨ ਮੰਨਦੇ ਹਨ।

ਪਰਮਜੀਤ ਸਿੰਘ ਜੱਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਰਾਜਨੀਤੀ ਦੇ ਸਾਬਕਾ ਪ੍ਰੋਫੈਸਰ ਹਨ।

ਉਹ ਕਹਿੰਦੇ ਹਨ, "ਸ਼ੰਭੂ ਅਤੇ ਖਨੌਰੀ ਬਾਰਡਰਾਂ ਉੱਤੇ ਕਿਸਾਨਾਂ ਦਾ ਧਰਨਾ ਬਹੁਤ ਲੰਬਾ ਖਿੱਚ ਗਿਆ ਸੀ। ਕਿਸਾਨਾਂ ਅੰਦਰ ਏਕਤਾ ਦੀ ਘਾਟ ਜੱਗ ਜਾਹਰ ਸੀ। ਕਿਸਾਨਾਂ ਦੇ ਵੱਡੇ ਧੜੇ ਇਸ ਅੰਦੋਲਨ ਵਿੱਚ ਸ਼ਾਮਲ ਨਹੀਂ ਸਨ।"

"ਸੰਯੁਕਤ ਕਿਸਾਨ ਮੋਰਚਾ ਕਦੇ ਇਸ ਧਰਨੇ ਵਿੱਚ ਸ਼ਾਮਲ ਨਹੀਂ ਹੋਇਆ ਸੀ। ਹਾਲਾਂਕਿ ਉਹ ਇੱਕਜੁਟ ਹੋਣ ਲਈ ਮੀਟਿੰਗਾਂ ਕਰਦੇ ਰਹੇ ਪਰ ਉਹਨਾਂ ਨੇ ਸਮਰਥਨ ਕਦੇ ਨਹੀਂ ਦਿੱਤਾ। ਇਹ ਧਰਨਾ ਉਦੋਂ ਤੱਕ ਕਾਮਯਾਬ ਨਹੀਂ ਹੋਣਾ ਸੀ ਜਦੋਂ ਤੱਕ ਸਾਰੀਆਂ ਕਿਸਾਨ ਜਥੇਬੰਦੀਆਂ ਇਕੱਠੀਆਂ ਨਹੀਂ ਹੁੰਦੀਆਂ।"

### 4. ਆਮ ਲੋਕਾਂ ਦੀ ਪ੍ਰੇਸ਼ਾਨੀ

ਪ੍ਰੋਫੈਸਰ ਜੱਜ ਕਹਿੰਦੇ ਹਨ, "ਵਪਾਰੀ ਵਰਗ ਹੀ ਨਹੀਂ, ਆਮ ਲੋਕ ਵੀ ਬਾਰਡਰ ਬੰਦ ਹੋਣ ਕਰਕੇ ਤੰਗ ਸਨ। ਪੰਜਾਬ ਦੇ ਲੋਕ ਮੰਗ ਕਰ ਰਹੇ ਸਨ ਕਿ ਬਾਰਡਰ ਖੋਲ੍ਹੇ ਜਾਣ। ਇਸ ਕਰਕੇ ਪੰਜਾਬ ਸਰਕਾਰ ਨੇ ਵਪਾਰੀਆਂ ਅਤੇ ਆਮ ਲੋਕਾਂ ਨੂੰ ਖੁਸ਼ ਕਰਨ ਲਈ ਕੁਝ ਕੁ ਕਿਸਾਨਾਂ ਦੀ ਨਾਰਾਜ਼ਗੀ ਸਹੇੜਨ ਦਾ ਰਿਸਕ ਲੈ ਲਿਆ।"

ਹਮੀਰ ਸਿੰਘ ਕਹਿੰਦੇ ਹਨ, "ਕਿਸਾਨਾਂ ਨੂੰ ਜ਼ਬਰਦਸਤੀ ਬਾਰਡਰਾਂ ਤੋਂ ਉਠਾਉਣ ਪਿੱਛੇ ਪੰਜਾਬ ਸਰਕਾਰ ਨੇ ਦਲੀਲ ਦਿੱਤੀ ਹੈ ਕਿ ਅਸੀਂ ਵਪਾਰੀ ਵਰਗ ਨੂੰ ਆ ਰਹੀਆਂ ਮੁਸ਼ਕਲਾਂ ਹੱਲ ਕੀਤੀਆਂ ਹਨ।"

"ਪਰ ਇਹ ਦਲੀਲ ਪੰਜਾਬ ਲਈ ਖ਼ਤਰਨਾਕ ਹੈ ਕਿਉਂਕਿ ਇਹ ਪਾੜੋ ਅਤੇ ਰਾਜ ਕਰੋ ਵਾਲੀ ਨੀਤੀ ਹੈ। ਪੰਜਾਬ ਦੇ ਇੱਕ ਵਰਗ ਨੂੰ ਦੂਜੇ ਵਰਗ ਦੇ ਖ਼ਿਲਾਫ਼ ਖੜ੍ਹਾ ਕਰਕੇ ਪੰਜਾਬ ਦਾ ਭਲਾ ਕਦੇ ਨਹੀਂ ਹੋ ਸਕਦਾ। ਸਰਕਾਰ ਦੀਆਂ ਇਹ ਕੋਸ਼ਿਸ਼ਾਂ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਖਤਮ ਕਰਨ ਵਰਗੀ ਸਥਿਤੀ ਪੈਦਾ ਕਰ ਰਹੀਆਂ ਹਨ।"

ਪ੍ਰੋਫੈਸਰ ਮਨਜੀਤ ਕਹਿੰਦੇ ਹਨ, "ਜਦੋਂ ਸਰਕਾਰ ਨੇ ਸੰਘਰਸ਼ ਕਰਦੇ ਕਿਸੇ ਲੀਡਰ ਨੂੰ ਚੱਕਣਾ ਹੋਵੇ ਤਾਂ ਉਹ ਸਮਾਂ ਦੇਖਿਆ ਜਾਂਦਾ ਹੈ ਜਦੋਂ ਉਸ ਲੀਡਰ ਦੇ ਲੋਕ ਉਸਦੇ ਨਾਲ ਨਹੀਂ ਹਨ। 19 ਮਾਰਚ ਨੂੰ ਕੇਂਦਰ ਸਰਕਾਰ ਦੇ ਮੰਤਰੀਆਂ ਨਾਲ ਮੀਟਿੰਗ ਕਰਨ ਲਈ ਦੋਵੇਂ ਮੋਰਚਿਆਂ ਤੋਂ ਕਿਸਾਨ ਆਗੂ ਚੰਡੀਗੜ੍ਹ ਆਉਣਗੇ, ਇਹ ਸਭ ਨੂੰ ਪਤਾ ਸੀ। ਇਸ ਲਈ ਇਸ ਐਕਸ਼ਨ ਦੀ ਸਕ੍ਰਿਪਟ ਪਹਿਲਾਂ ਹੀ ਲਿਖ ਦਿੱਤੀ ਗਈ ਸੀ ਕਿ ਜਿਵੇਂ ਹੀ ਜਗਜੀਤ ਸਿੰਘ ਡੱਲੇਵਾਲ ਚੰਡੀਗੜ੍ਹ ਤੋਂ ਮੀਟਿੰਗ ਕਰਕੇ ਨਿਕਲਣਗੇ ਤਾਂ ਪੁਲਿਸ ਉਹਨਾਂ ਨੂੰ ਗ੍ਰਿਫਤਾਰ ਕਰੇਗੀ। ਮੋਰਚਿਆਂ ਉੱਤੇ ਬੈਠੇ ਕਿਸਾਨਾਂ ਦੀ ਤਾਕਤ ਵੰਡੀ ਗਈ ਅਤੇ ਸਰਕਾਰ ਨੇ ਆਪਣਾ ਐਕਸ਼ਨ ਕਰ ਦਿੱਤਾ।"

### 5. ਭਗਵੰਤ ਮਾਨ ਦਾ ਨੀਤੀਗਤ ਬਦਲਾਅ

ਦਿੱਲੀ ਦੀਆਂ ਚੋਣਾਂ ਹਾਰਨ ਤੋਂ ਬਾਅਦ ਪੰਜਾਬ ਵਿੱਚ ਭਗਵੰਤ ਮਾਨ ਸਰਕਾਰ ਨੇ ਆਪਣੀ ਕਾਰਜਸ਼ੈਲੀ ਵਿੱਚ ਕੁਝ ਨੀਤੀਗਤ ਬਦਲਾਅ ਕੀਤੇ ਹਨ।

ਜਿਵੇਂ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੂੰ ਉਨ੍ਹਾਂ 3 ਮਾਰਚ ਨੂੰ ਚੰਡੀਗੜ੍ਹ ਵਿੱਚ ਬੈਠਕ ਲਈ ਬੁਲਾਇਆ ਪਰ ਆਪ ਹੀ ਬੈਠਕ ਵਿਚਾਲੇ ਛੱਡ ਕੇ ਚਲੇ ਗਏ।

ਜਿਸ ਤੋਂ ਬਾਅਦ ਪੰਜਾਬ ਭਰ ਵਿੱਚ ਕਿਸਾਨਾਂ ਦੀ ਫੜੋਫੜੀ ਮੁਹਿੰਮ ਚਲਾਈ ਗਈ, ਅਤੇ ਥਾਂ-ਥਾਂ ਨਾਕੇ ਲਾ ਕੇ 5 ਮਾਰਚ ਦੇ ਚੰਡੀਗੜ੍ਹ ਕੂਚ ਵਿੱਚ ਸ਼ਾਮਲ ਤੋਂ ਰੋਕ ਲਿਆ ਗਿਆ

ਸਰਕਾਰ ਨੇ ਨਸ਼ਿਆਂ ਖ਼ਿਲਾਫ਼ ਯੁੱਧ ਨਾਂ ਦੀ ਮੁਹਿੰਮ ਤਹਿਤ ਅਚਾਨਕ ਨਸ਼ਾ ਤਸਕਰੀ ਦੇ ਇਲਜ਼ਾਮਾਂ ਵਿੱਚ ਘਿਰੇ ਲੋਕਾਂ ਨਾਲ ਸਬੰਧਤ ਇਮਾਰਤਾਂ ਉੱਤੇ ਬੁਲਡੋਜ਼ਰ ਚਲਾਉਣੇ ਸ਼ੁਰੂ ਕਰ ਦਿੱਤੇ। ਕਥਿਤ ਗੈਂਗਸਟਰਾਂ ਦੇ ਧੜਾ-ਧੜ ਪੁਲਿਸ ਮੁਕਾਬਲੇ ਵੀ ਹੋਣ ਲੱਗੇ ਹਨ।

ਇਸੇ ਤਰ੍ਹਾਂ ਸਾਲ ਭਰ ਤੋਂ ਕੇਂਦਰ ਸਰਕਾਰ ਖ਼ਿਲਾਫ਼ ਪੰਜਾਬ -ਹਰਿਆਣਾ ਸਰਹੱਦਾਂ ਉੱਤੇ ਧਰਨਾ ਲਗਾਈ ਬੈਠੇ ਕਿਸਾਨਾਂ ਖ਼ਿਲਾਫ਼ ਵੀ ਸਰਕਾਰ ਨੇ ਹਮਲਾਵਰ ਰੁਖ ਅਪਣਾਇਆ ਹੈ।

ਹਮੀਰ ਸਿੰਘ ਕਹਿੰਦੇ ਹਨ, "ਕਿਸਾਨਾਂ ਖ਼ਿਲਾਫ਼ ਇਸ ਐਕਸ਼ਨ ਨਾਲ ਭਾਵੇਂ ਆਮ ਆਦਮੀ ਪਾਰਟੀ ਨੂੰ ਲੁਧਿਆਣਾ ਵਿੱਚ ਫਾਇਦਾ ਹੋਵੇ ਪਰ ਇਸਦਾ ਨੁਕਸਾਨ ਲੰਮੇ ਸਮੇਂ ਤੱਕ ਆਮ ਆਦਮੀ ਪਾਰਟੀ ਨੂੰ ਭੁਗਤਣਾ ਪਵੇਗਾ।"

"ਭਗਵੰਤ ਮਾਨ 5 ਮਾਰਚ ਨੂੰ ਸੰਯੁਕਤ ਕਿਸਾਨ ਮੋਰਚੇ ਨਾਲ ਹੋਈ ਮੀਟਿੰਗ ਛੱਡ ਕੇ ਉਹਨਾਂ ਨੂੰ ਨਾਰਾਜ਼ ਕਰ ਚੁੱਕੇ ਹਨ। ਦੋ ਸਾਲ ਬਾਅਦ ਵਿਧਾਨ ਸਭਾ ਚੋਣਾਂ ਹਨ, ਭਗਵੰਤ ਮਾਨ ਨੂੰ ਉਦੋਂ ਇਕੱਲੇ ਵਪਾਰੀ ਵਰਗ ਦੀ ਲੋੜ ਨਹੀਂ ਹੋਵੇਗੀ। ਉਸ ਵੇਲੇ ਭਗਵੰਤ ਮਾਨ ਨੂੰ ਕਿਸਾਨਾਂ ਦਾ ਸਾਹਮਣਾ ਕਰਨਾ ਔਖਾ ਹੋ ਜਾਵੇਗਾ।"

ਪ੍ਰੋਫੈਸਰ ਮਨਜੀਤ ਸਿੰਘ ਕਹਿੰਦੇ ਹਨ, "ਪੰਜਾਬ ਦੇ ਮੌਜੂਦਾ ਹਾਲਾਤ ਦੇਖ ਕੇ ਤੁਹਾਨੂੰ ਲੱਗੇਗਾ ਕਿ ਇੱਥੇ ਯੂਪੀ ਵਰਗੇ ਹਾਲਾਤ ਬਣੇ ਹੋਏ ਹਨ, ਇਸ ਕਰਕੇ ਇੱਥੇ ਬੁਲਡੋਜ਼ਰ ਐਕਸ਼ਨ ਹੋ ਰਿਹਾ ਹੈ ਜਾਂ ਪੁਲਿਸ ਦਾ ਡੰਡਾ ਚਲ ਰਿਹਾ ਹੈ।"

"ਆਮ ਆਦਮੀ ਪਾਰਟੀ ਇਹ ਸਮਝਣ ਵਿੱਚ ਨਾਕਾਮ ਹੋ ਰਹੀ ਹੈ ਕਿ ਪੰਜਾਬ ਵਿੱਚ ਅਜਿਹੇ ਐਕਸ਼ਨਾਂ ਦੇ ਨਤੀਜੇ ਯੂਪੀ ਤੋਂ ਬਿਲਕੁਲ ਉਲਟ ਸਾਬਤ ਹੋਣਗੇ। ਪੰਜਾਬ ਵਿੱਚ ਸਿੱਖ ਅਬਾਦੀ ਜ਼ਿਆਦਾ ਹੈ, ਧਰਨਾ ਦੇ ਰਹੇ ਕਿਸਾਨ ਵੀ ਜੱਟ ਸਿੱਖ ਹੀ ਹਨ। ਭਗਵੰਤ ਮਾਨ ਉਹਨਾਂ ਨੂੰ ਨਾਰਾਜ਼ ਕਰਕੇ ਬਹੁਤ ਭਾਰੀ ਗਲਤੀ ਕਰ ਰਹੇ ਹਨ।"

ਪ੍ਰੋਫੈਸਰ ਮਨਜੀਤ ਆਪਣੀ ਇਸ ਗੱਲ ਨੂੰ ਅੱਗੇ ਤੋਰਦੇ ਹੋਏ ਕਹਿੰਦੇ ਹਨ, "ਪਰ ਸਭ ਦੇ ਵਿੱਚ ਸਾਨੂੰ ਇਹ ਵੀ ਸੋਚਣਾ ਪਵੇਗਾ ਕਿ ਕੀ ਇਹ ਫੈਸਲੇ ਭਗਵੰਤ ਮਾਨ ਕਰ ਰਹੇ ਹਨ ਜਾਂ ਦਿੱਲੀ ਦੇ ਫੈਸਲੇ ਪੰਜਾਬ ਵਿੱਚ ਲਾਗੂ ਹੋ ਰਹੇ ਹਨ ਅਤੇ ਭਗਵੰਤ ਮਾਨ ਬਸ ਇੱਕ ਮੋਹਰਾ ਬਣ ਕੇ ਚਲ ਰਹੇ ਹਨ।"

# ਪਾਠਕਾਂ ਦੇ ਖ਼ਤ

ਫੇਸਬੁੱਕ ਕਾਲਮ ਤੋਂ

## ਲਤੀਫਪੁਰੇ ਤੋਂ ਸ਼ੰਭੂ

ਵਲੋਂ : ਹਰਪ੍ਰੀਤ ਸਿੰਘ ਕਾਹਲੋਂ

ਲਤੀਫਪੁਰੇ ਤੋਂ ਲੈਕੇ ਕਿਸਾਨੀ ਘੋਲ ਦੇ ਸ਼ੰਭੂ ਤੱਕ ਸਰਕਾਰ ਦੇ ਐਕਸ਼ਨ ਵਿੱਚ ਕਿੰਨੀਆਂ ਹੀ ਸਰਗਰਮੀਆਂ ਹਨ ਪਰ ਉਹ ਬਹੁਤਾਤ ਵਿੱਚ ਪ੍ਰੋਪੇਗੰਡਾ ਹਨ।

ਇਹਨਾਂ ਵਿੱਚ ਨਸ਼ੇ ਦੇ ਨਾਮ 'ਤੇ ਬੁਲਡੋਜ਼ਰ ਕਲਚਰ ਥੋਪਿਆ ਗਿਆ। ਸਰਹੱਦੀ ਸਟੇਟ ਦੇ ਨਾਮ 'ਤੇ ਜਿੰਨ੍ਹੇ ਵੀ ਕਥਿਤ ਮੁਕਾਬਲੇ ਹੋਏ ਉਹ ਸ਼ੱਕੀ ਘੇਰੇ ਵਿੱਚ ਹਨ। ਭਾਰਤੀ ਫੌਜ ਦੇ ਅਫਸਰਾਂ ਨਾਲ ਕੁੱਟ ਕੁਟਾਪੇ ਤੋਂ ਲੈਕੇ ਉਹਨੂੰ ਨਸ਼ੇ ਵਿੱਚ ਹੋਣ ਤੱਕ ਸਾਬਤ ਕੀਤਾ ਜਾ ਰਿਹਾ ਜਦੋਂ ਕਿ ਪਹਿਲਾਂ ਹੀ ਰਿਪੋਰਟ ਹੋਈ ਹੋਵੇ ਕਿ ਉਹ ਨਸ਼ੇ ਵਿੱਚ ਨਹੀਂ ਸੀ।

ਪੁਲਿਸ ਦੇ ਘੇਰੇ ਵਿੱਚ ਲਾਰੇਂਸ ਬਿਸ਼ਨੋਈ ਦੀ ਇੰਟਰਵਿਊ ਹੋਣਾ ਅਤੇ ਉਸ ਤੋਂ ਪਹਿਲਾਂ ਸਿੱਧੂ ਮੂਸੇਵਾਲਾ ਦੇ ਕਤਲ ਵਿੱਚ ਇਹ ਮਹੱਤਵਪੂਰਨ ਹੋਣਾ ਕਿ ਸੁਰੱਖਿਆ ਵਿੱਚ ਕਟੌਤੀ ਦੀ ਖ਼ਬਰ ਤੋਂ ਹਮਲਾਵਰ ਜਾਗੇ ਤਾਂ ਏਨਾ ਸਭ ਕੁਝ ਹੋਣ ਦੇ ਬਾਵਜੂਦ ਭੂਸਰੀ ਪੁਲਿਸ ਨੂੰ ਮਹਿਮਾਮੰਡਨ ਕਿੱਤਾ ਜਾਵੇ ਤਾਂ ਤਸਵੀਰ ਸਾਹਮਣੇ ਹੈ।

ਸਪੌਂਸਰਡ ਚੈਨਲਾਂ ਤੋਂ ਸਰਕਾਰ ਦੀ ਕੈਬਨਿਟ ਅਤੇ ਮੰਤਰੀਆਂ ਦੇ ਬਿਆਨ ਅਤੇ ਉਹਨਾਂ ਸਿਰਲੇਖ ਇੱਕੋ ਜਹੇ ਚੱਲਣ ਤਾਂ ਸਮਝ ਆਉਂਦਾ ਹੈ ਕਿ ਪਿੱਛੇ ਰਚਨਾਤਮਕ ਪ੍ਰੋਪੇਗੰਡੇ ਦੀ ਟਾਈਮਲਾਈਨ ਮਿੱਥਕੇ ਚਲਾਈ ਹੈ। ਇਹਦੀ ਸ਼ੁਰੂਆਤ ਐਮਾਜੋਨ ਦੀ ਡਿਲਿਵਰੀ ਦੀ ਮਿਸਾਲ ਦੇਕੇ ਸਨਅਤ ਨੂੰ ਹੋਏ ਨੁਕਸਾਨ ਤੋਂ ਸ਼ੁਰੂ ਹੁੰਦੀ ਹੁੰਦੀ ਨਏ ਟਿਮਏ ਸਏਟਟਲਏਮਏਨਟ ਜਹੇ ਸਨਅਤੀ ਪ੍ਰੋਗਰਾਮਾਂ ਤੱਕ ਪਹੁੰਚੀ ਹੈ। ਗਿਆਸਪੁਰਾ ਗੈਸ ਲੀਕ ਨੂੰ ਦੋ ਸਾਲ ਹੋਣ ਵਾਲੇ ਹਨ। ਇਹਦੇ ਵਿੱਚ ਸਰਕਾਰ ਦੇ ਜਵਾਬ ਬਾਰੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਅਜੇ ਤੱਕ ਸਤੁੰਸ਼ਟ ਨਹੀਂ ਹੈ।

ਇਸ ਸਭ ਦੇ ਬਾਵਜੂਦ ਪੰਜ ਮਿੰਟ ਵਿੱਚ ਸ਼ਫ ਦੇਣ ਦਾ ਦਾਅਵਾ ਕਰਨ ਵਾਲੀ ਅਤੇ ਸਾਰੀਆਂ ਫਸਲਾਂ 'ਤੇ ਦਾਅਵਾ ਕਰਨ ਵਾਲੀ ਸਰਕਾਰ ਨੇ 5 ਮਿਨ ਵਿੱਚ ਕਿਸਾਨੀ ਮੋਰਚਾ ਜ਼ਰੂਰ ਚੁੱਕਵਾਇਆ ਹੈ। ਸਾਲ ਪਹਿਲਾਂ ਇਸ ਮੋਰਚੇ ਦੀ ਦੁਵੱਲੀ ਗੱਲਬਾਤ ਵਿੱਚ ਮੁੱਖ ਮੰਤਰੀ ਨੂੰ ਪ੍ਰੋਪੇਗੰਡਾ ਟੀਮ ਮਸੀਹੇ ਦੇ ਤੌਰ 'ਤੇ ਪ੍ਰਚਾਰ ਰਹੀ ਸੀ। ਸਾਲ ਬਾਅਦ ਮਸੀਹੇ ਦੇ ਤੇਵਰ ਕਿਉਂ ਬਦਲ ਗਏ ?

ਸਰਕਾਰ ਦੇ ਐਲਾਨ ਦਮਨਕਾਰੀ ਵਧੇਰੇ ਮਹਿਸੂਸ ਕਿਉਂ ਹੁੰਦੇ ਹਨ ? ਇਹਨਾਂ ਐਕਸ਼ਨਾਂ ਵਿੱਚ ਲੋਕ ਕਲਿਆਣਕਾਰੀ ਰੁੱਖ ਗੈਰ ਹਾਜ਼ਰ ਕਿਉਂ ਹੈ ?

ਇਹਦੇ ਨਾਲ ਇਹ ਸਵਾਲ ਕਿਸਾਨ ਆਗੂਆਂ ਇਸ ਘੋਲ ਅਤੇ ਸਮੂਹ ਜਥੇਬੰਦੀਆਂ ਲਈ ਵੀ ਹੈ। ਤਿੰਨ ਕਾਨੂੰਨਾਂ ਦੀ ਵਾਪਸੀ ਤੋਂ ਬਾਅਦ ਵੀ ਉਹਨਾਂ ਕਾਨੂੰਨਾਂ ਦਾ ਖੌਫ ਗਿਆ ਨਹੀਂ ਹੈ। ਖੇਤੀਬਾੜੀ ਦੀ ਨਵੀਂ ਨੀਤੀ ਤੁਹਾਡੇ ਬਰੂਹਾਂ 'ਤੇ ਫਿਰ ਖੜ੍ਹੀ ਹੈ ਅਤੇ ਉਹਦੀ ਪੜਚੋਲ ਕਰਨ ਵਿੱਚ ਤੁਹਾਡੀ ਏਕਤਾ ਦੀ ਘਾਟ ਅਤੇ ਸੂਝ ਬੂਝ ਮਹਿਸੂਸ ਨਹੀਂ ਹੋ ਰਹੀ।

ਟੋਲ ਪਲਾਜ਼ਿਆਂ ਤੋਂ ਬਚਣ ਲਈ ਬਣਦੇ ਕਿਸਾਨ ਕਾਰਡ, ਲੋਕਾਂ ਦੀ ਤੁਹਾਡੇ ਤੋਂ ਦੂਰ ਹੁੰਦੀ ਹਮਾਇਤ ਤੁਹਾਡੀ ਕਾਰਜਪ੍ਰਣਾਲੀ 'ਤੇ ਚਿੰਤਨ ਕਰਨ ਨੂੰ ਕਹਿੰਦੀ ਹੈ। ਹਰਿਆਣੇ ਸਰਕਾਰ ਨੇ ਤੁਹਾਨੂੰ ਕੁੱਟਿਆ ਮਾਰਿਆ ਸ਼ੁਭਕਰਨ ਸਿੰਘ ਸ਼ਹੀਦ ਹੋ ਗਿਆ ਇਸ ਸਭ ਦੇ ਬਾਵਜੂਦ ਤੁਹਾਡਾ ਬਿਰਤਾਂਤ ਫੇਲ੍ਹ ਹੋਇਆ ਕਿਉਂ ਕਿ ਕਿਸਾਨ ਕਿਸਾਨੀ ਕਿਸਾਨੀ ਮਸਲੇ ਅਤੇ ਕਿਸਾਨ ਸਿਆਸਤ ਬਾਰੇ ਤੁਹਾਡੀ ਇੱਕਸੁਰਤਾ ਨਜ਼ਰ ਨਹੀਂ ਆ ਰਹੀ। ਹਰ ਜਥੇਬੰਦੀ ਆਪੋ ਆਪਣੇ ਏਜੰਡੇ ਤਹਿਤ ਇਕਹਿਰੀ ਚੱਲ ਵੀ ਰਹੀ ਹੈ ਅਤੇ ਜੇ ਕੋਈ ਤੁਹਾਡੀ ਆਲੋਚਨਾ ਕਰੇ ਤਾਂ ਤੁਹਾਡਾ ਵਿਹਾਰ ਵੀ ਆਮ ਆਦਮੀ ਪਾਰਟੀ ਬਿਰਤਾਂਤ ਤੋਂ ਵੱਖਰਾ ਨਹੀਂ ਹੈ। ਇਸ ਬਿਰਤਾਂਤ ਵਿੱਚ ਖ਼ੁੱਦ ਦੇ ਪਰਫੈਕਟ ਹੋਣ ਦੀ ਸਨਕ ਅਤੇ ਇਸੇ ਨੂੰ ਮਣਾਉਣ ਦਾ ਦਬਾਅ ਪਾਉਣਾ ਵੀ ਹੈ।

ਆਮ ਆਦਮੀ ਪਾਰਟੀ ਸਰਕਾਰ ਧਰਨਿਆਂ ਵਿੱਚੋਂ ਨਿਕਲੀ ਸੀ। ਧਰਨਿਆਂ ਕਰਕੇ ਵਿਕਾਸ ਵਿੱਚ ਰੁਕਾਵਟ ਦਾ ਨਜ਼ਰੀਆ ਇਸ ਪਾਰਟੀ ਦਾ ਆਪਣੇ ਧਰਨਿਆਂ ਤੋਂ ਕਿਸਾਨਾਂ ਦੇ ਧਰਨੇ ਤੱਕ ਕਿੰਨਾ ਬਦਲ ਗਿਆ ਹੈ। ਇਹ ਗੱਲ ਮੈਂ ਯਕੀਨ ਨਾਲ ਕਹਿ ਸਕਦਾ ਹੈ ਕਿ ਇਸ ਸਰਕਾਰ ਵਿੱਚ ਕਿਸੇ ਨੂੰ ਵੀ ਆਪਣੇ ਅਧਿਕਾਰਾਂ ਦੀ ਬੁਨਿਆਦੀ ਜਾਣਕਾਰੀ ਹੀ ਨਹੀਂ ਹੈ ਅਤੇ ਨਾ ਹੀ ਪਤਾ ਹੈ ਕਿ ਕੇਂਦਰ ਸੂਬਾਈ ਸਾਂਝ ਵਿੱਚ ਸੂਬੇ ਦੇ ਹਿੱਤਾਂ ਦੀ ਰਾਖੀ ਕਿਵੇਂ ਕਰਨੀ ਹੈ ?

ਸ਼ਹੀਦ ਭਗਤ ਸਿੰਘ ਦੇ ਪਿੰਡ ਸਹੁੰ ਚੁੱਕਣੀ ਅਤੇ ਦਾਅਵਾ ਸ਼ਹੀਦ ਭਗਤ ਸਿੰਘ ਅਤੇ ਡਾ ਅੰਬੇਡਕਰ ਦੀਆਂ ਤਸਵੀਰਾਂ ਹੇਠਾਂ ਸਿਆਸੀ ਵਿਚਾਰਧਾਰਾ ਦਾ ਕਰਨਾ ਅਤੇ ਹਕੀਕੀ ਐਕਸ਼ਨ ਅਜਿਹੇ ਕਰਨੇ ਇਹ ਨੀਤ ਅਤੇ ਨੀਤੀ ਦੀਆਂ ਆਪਾ ਵਿਰੋਧੀ ਗੱਲਾਂ ਹਨ।

ਮੁਫ਼ਤ ਬਿਜਲੀ ਤੋਂ ਲੈਕੇ ਅਣਗਿਣਤ ਰਿਸ਼ਵਤ ਕਿਸਮ ਦੀਆਂ ਨੀਤੀਆਂ ਅਤੇ ਇਹਨਾਂ ਦਾ ਆਰਥਿਕ ਬੋਝ ਸਟੇਟ 'ਤੇ ਹੈ। ਲੁਧਿਆਣੇ ਵਿੱਚ ਬਿਹਾਰ ਨੂੰ ਖੁਸ਼ ਕਰਨ ਦੀ ਮਸ਼ੱਕਤ ਹੈ ਅਤੇ ਬਾਕੀ ਕਾਰਵਾਈਆਂ ਦਾ ਬਹਾਨਾ ਸੂਬੇ ਤੋਂ ਬਾਹਰੀ ਸਟੇਟਾਂ ਵਿੱਚ ਆਪਣੇ ਬਿਰਤਾਂਤ ਨੂੰ ਲਿਜਾਣ ਦਾ ਟੂਲ ਹੈ। ਇਹਨੂੰ ਹੀ ਬਸਤੀਵਾਦੀ ਕਹਿੰਦੇ ਹਨ।

# ਅਮਰੀਕੀ ਹੱਥਕੜੀ

ਲੇਖਕ : ਤਰਲੋਚਨ ਸਿੰਘ ਦੁਪਾਲ ਪੁਰ
ਸੰਪਰਕ: 78146-92724

ਸਾਲ 2004 ਵਿਚ 'ਬਲੱਡ ਰਿਲੇਸ਼ਨ' ਦੇ ਕਾਨੂੰਨੀ ਢੰਗ ਨਾਲ ਅਮਰੀਕਾ ਗਿਆ ਹੋਇਆ ਮੈਂ ਇਕ ਅਜਿਹੀ ਕੰਪਨੀ ਵਿੱਚ ਰਾਤ ਦੀ ਨੌਕਰੀ ਕਰਦਾ ਸਾਂ ਜਿੱਥੇ ਪੰਜ ਜਾਂ ਛੇ ਅੱਲੜ ਉਮਰ (ਟੀਨਏਜਰ) ਦੇ ਮੁੰਡੇ, ਅੱਧੀ ਕੁ ਰਾਤ ਤੱਕ ਪੜ੍ਹਦੇ ਹੁੰਦੇ ਸਨ। ਮੇਰੀ ਡਿਊਟੀ ਇਹ ਹੁੰਦੀ ਸੀ ਕਿ ਉਨ੍ਹਾਂ ਨੂੰ ਰੋਕਣਾ-ਟੋਕਣਾ ਕੋਈ ਨਹੀਂ, ਬਸ ਉਨ੍ਹਾਂ ਦੀ ਕਿਸੇ ਗ਼ਲਤ ਸਰਗਰਮੀ ਰਜਿਸਟਰ ਵਿਚ ਦਰਜ ਕਰ ਦੇਣੀ ਹੈ ਜਾਂ ਫਿਰ ਉਨ੍ਹਾਂ ਵੱਲੋਂ ਕੋਈ ਜ਼ਿਆਦਾ ਹੀ ਗੜਬੜ ਕਰਨ 'ਤੇ ਮੈਂ ਆਪਣੀ ਸੁਪਰਵਾਈਜ਼ਰ ਨੂੰ ਫੋਨ ਕਰ ਕੇ ਬੁਲਾ ਲੈਂਦਾ ਹੁੰਦਾ ਸਾਂ।

ਵੈਸੇ ਸੁਪਰਵਾਈਜ਼ਰ ਨੂੰ ਬੁਲਾਉਣ ਦੀ ਨੌਬਤ ਬਹੁਤ ਘੱਟ ਆਉਂਦੀ ਹੁੰਦੀ ਸੀ, ਨਹੀਂ ਤਾਂ ਸੁਪਰਵਾਈਜ਼ਰ ਨੇ ਮੈਨੂੰ ਰੁਟੀਨ ਵਿੱਚ ਹੀ ਫੋਨ 'ਤੇ ਪੁੱਛ ਲੈਣਾ- "ਮਿਸਟਰ ਸਿੰਘ, ਐਵਰੀਥਿੰਗ ਇਜ਼ ਓਕੇ?"

2011 ਵਿਚ ਉਸਾਮਾ ਬਿਨ-ਲਾਦਿਨ ਦੇ ਖ਼ਾਤਮੇ ਵਾਲੇ ਕਾਂਡ ਨੂੰ ਅਜੇ ਥੋੜ੍ਹੇ ਦਿਨ ਹੀ ਹੋਏ ਸਨ ਕਿ ਡਿਊਟੀ ਸਮੇਂ ਇਕ ਗੋਰੇ ਮੁੰਡੇ ਨੇ ਸ਼ਰਾਰਤੀ ਜਿਹੇ ਲਹਿਜੇ ਨਾਲ ਮੇਰੀ ਪੱਗ ਵੱਲ ਇਸ਼ਾਰਾ ਕਰਦਿਆਂ ਮੈਨੂੰ ਲਾਦਿਨ ਦਾ ਨਾਂ ਲੈ ਕੇ ਟਿੱਚਰ ਜਿਹੀ ਕੀਤੀ। ਉਸ ਰਾਤ ਜਦ ਮੈਨੂੰ ਰੋਜ਼ ਵਾਂਗ ਸੁਪਰਵਾਈਜ਼ਰ ਨੇ ਫੋਨ 'ਤੇ ਹਾਲ-ਹਵਾਲ ਪੁੱਛਿਆ ਤਾਂ 'ਐਵਰੀਥਿੰਗ ਓਕੇ' ਕਹਿ ਕੇ ਸਹਿਵਨ ਹੀ ਮੈਂ ਇਹ ਵੀ ਦੱਸ ਦਿੱਤਾ ਕਿ ਫਲਾਣੇ ਗੋਰੇ ਮੁੰਡੇ ਨੇ ਮੈਨੂੰ ਏਦਾਂ ਏਦਾਂ ਕਿਹਾ ਐ। ਯਕੀਨ ਜਾਣਿਉਂ, ਇਹ ਗੱਲ ਮੈਂ ਮਹਿਜ਼ ਦਫਤਰੀ ਜਾਣਕਾਰੀ ਦੇਣ ਵਜੋਂ ਹੀ ਦੱਸੀ ਸੀ; ਮੇਰੇ ਮਨ ਵਿੱਚ ਉਸ ਮੁੰਡੇ ਦੀ ਕਹੀ ਗੱਲ ਬਾਰੇ ਕੋਈ ਗੁੱਸਾ ਜਾਂ ਰੰਜ ਨਹੀਂ ਸੀ ਪਰ ਸੁਪਰਵਾਈਜ਼ਰ ਨੇ ਸੁਣਦਿਆਂ ਸਾਰ 'ਓ ਮਾਈ ਗੌਡ!' ਕਹਿ ਕੇ ਮੈਨੂੰ ਦੱਸਿਆ, "ਮੈਂ ਤੇਰੇ ਕੋਲ ਹੁਣੇ ਆ ਰਹੀ ਹਾਂ।" ਸਾਡੇ ਦਫਤਰ ਪਹੁੰਚ ਕੇ ਉਹਨੇ ਪੁਲੀਸ ਨੂੰ ਕਾਲ ਕੀਤੀ। ਮਿੰਟਾਂ ਵਿਚ ਹੀ ਦੋ ਪੁਲੀਸਮੈਨ ਆ ਗਏ। ਮੈਂ ਸੋਚ ਰਿਹਾ ਸਾਂ ਕਿ ਪੁਲੀਸ ਵਾਲੇ ਸ਼ਾਇਦ ਮੈਥੋਂ ਲੋੜੀਂਦੀ ਪੁੱਛ-ਗਿੱਛ ਕਰਨਗੇ ਪਰ ਉਨ੍ਹਾਂ ਮੇਰੀ ਸੁਪਰਵਾਈਜ਼ਰ ਨਾਲ ਹੀ ਗੱਲਬਾਤ ਕਰ ਕੇ ਉਸ ਮੁੰਡੇ ਨੂੰ ਕਮਰੇ ਤੋਂ ਬਾਹਰ ਬੁਲਾਇਆ; ਤੇ ਨਾਂ-ਪਤਾ ਪੁੱਛ ਕੇ ਉਹਦੇ ਪੁੱਠੀ ਹੱਥਕੜੀ ਮਾਰ ਲਈ।

ਪੁਲੀਸ ਵਾਲੇ ਜਦ ਉਸ ਮੁੰਡੇ ਨੂੰ ਦਫ਼ਤਰੋਂ ਬਾਹਰ ਖੜ੍ਹੀ ਆਪਣੀ ਗੱਡੀ ਵਿੱਚ ਬਿਠਾਉਣ ਲਈ ਲਿਜਾਣ ਲੱਗੇ ਤਾਂ ਸੁਪਰਵਾਈਜ਼ਰ ਨੇ ਉਸ ਮੁੰਡੇ ਨੂੰ ਧਾ ਗਲਵਕੜੀ ਪਾ ਲਈ। ਮੈਂ ਹੈਰਾਨ ਹੋਇਆ ਉਨ੍ਹਾਂ ਵੱਲ ਦੇਖਣ ਲੱਗਾ। ਸੁਪਰਵਾਈਜ਼ਰ ਉਸ ਮੁੰਡੇ ਨੂੰ ਪਿਆਰਦੀ ਦੁਲਾਰਦੀ ਕਹਿਣ ਲੱਗੀ- "ਮਾਈ ਡੀਅਰ ਸਨ, ਮੈਂ ਤੇਰੇ ਭਲੇ ਹਿਤ ਹੀ ਤੈਨੂੰ ਕਾਨੂੰਨ ਦੇ ਹਵਾਲੇ ਕੀਤਾ ਹੈ ਤਾਂ ਕਿ ਤੂੰ ਚੰਗਾ ਇਨਸਾਨ ਬਣ ਸਕੇਂ ਅਤੇ ਭਵਿੱਖ ਵਿਚ ਕਿਸੇ ਦਾ ਦਿਲ ਨਾ ਦੁਖਾਵੇਂ ਜਿਵੇਂ ਤੂੰ ਅੱਜ ਮਿਸਟਰ ਸਿੰਘ ਨੂੰ 'ਹਰਟ' ਕੀਤਾ ਹੈ...!"

'ਗੁੱਡ ਲੱਕ ਮੇਰੇ ਪਿਆਰੇ!' ਕਹਿ ਕੇ ਸੁਪਰਵਾਈਜ਼ਰ ਨੇ ਉਸ ਮੁੰਡੇ ਨੂੰ ਪੁਲੀਸ ਦੇ ਹਵਾਲੇ ਕਰ ਦਿੱਤਾ।

## Important Contacts

### EMERGENCY

Fire | Police | Ambulance
**911**

Occupational First Aid
(Vancouver Campus)
**604-822-4444**

UBC Hospital Urgent Care
(8:00 a.m. – 10:00 p.m.)
**604-822-7662**

Poison Control Centre
**604-682-5050**

Campus Security
**604-822-2222**

### NON-EMERGENCY

Access & Diversity
**604-822-5844**

Ambulance (E-Comm)
**604-872-5151**

AMS Sexual Assault Support Centre
**604-827-5180**

Building Operations Call Centre
**604-822-2173**

Employee & Family Assistance Plan
**1-800-387-4765**

Counselling Services (Students)
**604-822-3811**

Equity & Inclusion Office
**604-822-6353**

Fire Department (Fire Prevention)
**311**

Office of the Ombudsperson for Students
**604-822-6149**

RCMP – University Detachment
**604-224-1322**

Safety & Risk Services
**604-822-2029**

Student Health Services
**604-822-7011**

### SIKH GURDWARAS

**Khalsa Diwan Society, New Westminster, BC**
604-759-2691

**Khalsa Diwan Society, Vancouver**
(604) 568-9500, (604) 324-2010

**Sri Guru Singh Sabha Gurdwara**
604-590-3232

**Gurdwara Sahib Brookside**
604-502-0602

**Gurdwara Kalgidhar Darbar**
604-504-5530

**BC Khalsa Darbar Society**
604-325-2290

**Guru Nanak Sikh Gurdwara**
604-598-1300

**Akali Singh Sikh Society**
604-254-3572


WINNIPEG LOCATION
NOW OPEN 9am to 9pm
#3- 1375 McPhillips St.
SABZI MANDI SUPERMARKET
Serving our Community since 2003
Ramadan Mubarak!
HOT PRICE EXTRA FANCY RED ONIONS ਲਾਲ ਗੰਢੇ 25lb 14.99 ea
HOT PRICE FRESH CILANTRO ਧਨੀਆਂ Bunch 2 for 99¢
HOT PRICE INDIAN CARROTS ਦੇਸੀ ਗਾਜਰਾਂ 1.69 /lb
HOT PRICE FRESH SPINACH ਪਾਲਕ Bunch 1.29 ea
SHAN SPICES ਸ਼ਾਨ ਮਸਾਲੇ Asst. 1.99 ea
UNBEATABLE DEAL
PUNJABI NY NATURE GUR ATTA/ATTA COOKIES
ਪੰਜਾਬੀ ਬਾਈ ਨੇਚਰ ਗੁੜ ਆਟਾ/ਆਟਾ ਕੁਕੀਆਂ
700g 4.99 ea
FRESH GARLIC ਲਸਣ 1.69 /lb
SHAN ROASTED VERMICELLI ਸ਼ਾਨ ਸੇਵੀਆਂ 150g 2 for 99¢
FRESH GINGER ਅੰਦਰਕ 1.49 /lb
CASE LOT SALE
FRESH GINGER ਅੰਦਰਕ 30lb Case $40 ea
AMBROSIA APPLES ਐਮਬਰੋਜ਼ਾ ਸੇਬ 40lb Case $32 ea
JUMBO CARROTS ਵੱਡੀਆਂ ਗਾਜਰਾਂ 22lb $16 ea
PAKISTANI ROOHAFZA ਪਾਕਿਸਤਾਨੀ ਰੂਹਅਫਜ਼ਾ 750ml 3.99 ea
JUMBO EGGPLANT ਵੱਡੇ ਵਤਾਊਂ 1.49 ea
AASHIRWAAD MULTIGRAIN FLOUR ਆਸ਼ਿਰਵਾਦ ਮੱਲਟੀਗਰੇਨ ਆਟਾ 10lb 10.99 ea
FRESH METHI ਮੇਥੀ Bunch 1.89 ea
PEELED GARLIC ਲਸਣ 5lb 11.99 ea
RUSSET POTATOES ਆਲੂ 10lb 3.99 ea
AMBROSIA APPLES ਐਮਬਰੋਜ਼ਾ ਸੇਬ 88¢ /lb
ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb 8.99 ea
JUMBO CARROTS ਵੱਡੀਆਂ ਗਾਜਰਾਂ 69¢ /lb
INDIAN EGGPLANT ਦੇਸੀ ਵਤਾਊਂ 1.69 /lb
FRESH BROCCOLI ਬਰੋਕੋਲੀ 1.29 /lb
MURCOTT MANDARIN ORANGES ਮਰਕੋਟ ਮੈਂਡਰਿਨ ਸੰਗਤਰੇ 1.49 /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. March 21, 2025 - Wed. March 26, 2025
MasterCard VISA AMERICAN EXPRESS Interac
American Express accepted at three locations.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
You can also visit us online at www.sabzimandicanada.com
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
Prices in effect at the above listed store locations only.